ਸ਼ਨੀਵਾਰ, 29 ਜੂਨ, 2024
16 ਹਾੜ੍ਹ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 28

# ਨਵਾਂ ਜ਼ਮਾਨਾ

DAILY NAWAN ZAMANA • SATURDAY, 29 JUNE, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਦਿੱਲੀ ਹਵਾਈ ਅੱਡੇ ਦੀ ਛੱਤ ਡਿੱਗੀ





**ਨਵੀਂ ਦਿੱਲੀ** : ਭਾਰੀ ਮੀਂਹ ਕਾਰਨ ਸ਼ੁੱਕਰਵਾਰ ਤੜਕੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦੇ ਟਰਮੀਨਲ-1 ਦੀ ਛੱਤ ਦਾ ਇਕ ਹਿੱਸਾ ਵਾਹਨਾਂ 'ਤੇ ਡਿੱਗਣ ਕਾਰਨ ਕੈਬ ਡਰਾਈਵਰ ਦੀ ਮੌਤ ਹੋ ਗਈ ਜਦਕਿ ਛੇ ਹੋਰ ਜ਼ਖ਼ਮੀ ਹੋ ਗਏ। ਚਾਰ ਵਾਹਨ ਵੀ ਨੁਕਸਾਨੇ ਗਏ। ਹਾਦਸੇ ਤੋਂ ਬਾਅਦ ਟਰਮੀਨਲ-1 'ਤੇ ਜਹਾਜ਼ਾਂ ਦੇ ਉੱਡਣ ਤੇ ਉਤਰਨ 'ਤੇ ਰੋਕ ਲਾਉਣੀ ਪਈ। ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੇ ਮਾਮਲੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ। ਨਾਇਡੂ ਤੇ ਹਵਾਈ ਅੱਡੇ ਦਾ ਸੰਚਾਲਨ ਕਰਨ ਵਾਲੀ ਕੰਪਨੀ ਜੀ ਐੱਮ ਆਰ ਦੇ ਅਧਿਕਾਰੀ ਨੇ ਕਿਹਾ ਕਿ ਟਰਮੀਨਲ-1 ਦੇ ਵਿਸਤਾਰ ਦਾ ਕੰਮ ਆਖਰੀ ਪੜਾਅ ਵਿਚ ਹੈ ਤੇ ਇਕ ਮਹੀਨੇ ਬਾਅਦ ਪੁਰਾਣਾ ਢਾਂਚਾ ਬੰਦ ਕਰ ਦਿੱਤਾ ਜਾਣਾ ਹੈ। ਡਿਪਾਰਚਰ ਟਰਮੀਨਲ ਦੀ ਜਿਹੜੀ ਛੱਤ ਡਿੱਗੀ ਹੈ, ਉਹ ਢਾਂਚਾ 15 ਸਾਲ ਪੁਰਾਣਾ ਹੈ। ਇਸਦਾ ਉਦਘਾਟਨ 2009 ਵਿਚ ਹੋਇਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 10 ਮਾਰਚ ਨੂੰ ਜਿਹੜੇ ਹਿੱਸੇ ਦਾ ਉਦਘਾਟਨ ਕੀਤਾ, ਉਹ ਹੋਰ ਸੀ। ਅਧਿਕਾਰੀ ਨੇ ਕਿਹਾ ਕਿ ਇਹ ਢਾਂਚਾ ਉਦੋਂ ਉਸਾਰਿਆ ਗਿਆ ਸੀ ਜਦੋਂ ਪ੍ਰਫੁਲ ਪਟੇਲ ਸ਼ਹਿਰੀ ਹਵਾਬਾਜ਼ੀ ਦੇ ਆਜ਼ਾਦ ਚਾਰਜ ਰਾਜ ਮੰਤਰੀ ਹੁੰਦੇ ਸਨ। ਉਹ ਮਈ 2004 ਤੋਂ ਜਨਵਰੀ 2011 ਤਕ ਮੰਤਰੀ ਰਹੇ। ਇਸ ਵੇਲੇ ਪਟੇਲ ਅਜੀਤ ਪਵਾਰ ਦੀ ਅਗਵਾਈ ਵਾਲੀ ਨੈਸ਼ਨਲਿਸਟ ਕਾਂਗਰਸ ਪਾਰਟੀ ਵਿਚ ਹਨ, ਜਿਹੜੀ ਕਿ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਦਾ ਹਿੱਸਾ ਹੈ।

ਕਾਂਗਰਸ ਨੇ ਟਰਮੀਨਲ-1 ਦੀ ਛੱਤ ਦਾ ਹਿੱਸਾ ਢਹਿਣ ਦੀ ਘਟਨਾ ਨੂੰ ਮੋਦੀ ਸਰਕਾਰ ਦੇ ਭ੍ਰਿਸ਼ਟਾਚਾਰ ਮਾਡਲ ਦੀ ਮਿਸਾਲ ਕਰਾਰ ਦਿੱਤਾ ਅਤੇ ਦੋਸ਼ ਲਾਇਆ ਕਿ ਪਿਛਲੇ 10 ਸਾਲਾਂ 'ਚ ਬਣੇ ਬੁਨਿਆਦੀ ਢਾਂਚੇ ਘਟੀਆ ਮਿਆਰ ਕਾਰਨ ਤਾਸ਼ ਦੇ ਪੱਤਿਆਂ ਵਾਂਗ ਢਹਿ ਰਹੇ ਹਨ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ—ਮੋਦੀ ਸਰਕਾਰ ਦੇ ਪਿਛਲੇ 10 ਸਾਲਾਂ 'ਚ ਬਣੇ ਘਟੀਆ ਬੁਨਿਆਦੀ ਢਾਂਚੇ ਦੇ ਤਾਸ਼ ਦੇ ਪੱਤਿਆਂ ਵਾਂਗ ਢਹਿਣ ਲਈ ਭ੍ਰਿਸ਼ਟਾਚਾਰ ਤੇ ਮੁਜਰਮਾਨਾ ਲਾਪ੍ਰਵਾਹੀ ਜ਼ਿੰਮੇਵਾਰ ਹੈ।

ਪ੍ਰਿਅੰਕਾ ਗਾਂਧੀ ਕਿਹਾ—ਮਾਰਚ 'ਚ ਪ੍ਰਧਾਨ ਮੰਤਰੀ ਜੀ ਨੇ ਟਰਮੀਨਲ-1 ਦਾ ਉਦਘਾਟਨ ਕੀਤਾ ਸੀ, ਅੱਜ ਉਸ ਦੀ ਛੱਤ ਢਹਿ ਗਈ, ਜਿਸ 'ਚ ਇਕ ਕੈਬ ਡਰਾਈਵਰ ਦੀ ਮੌਤ ਹੋ ਗਈ। ਤਿੰਨ ਮਹੀਨੇ ਪਹਿਲਾਂ ਪ੍ਰਧਾਨ ਮੰਤਰੀ ਜੀ ਨੇ ਜਿਸ ਜਬਲਪੁਰ ਹਵਾਈ ਅੱਡੇ ਦਾ ਉਦਘਾਟਨ ਕੀਤਾ ਸੀ, ਉਸ ਦੀ ਛੱਤ ਵੀ ਢਹਿ ਗਈ। ਕੀ ਪ੍ਰਧਾਨ ਉਦਘਾਟਨ ਮੰਤਰੀ ਜੀ ਇਨ੍ਹਾਂ ਘਟੀਆ ਨਿਰਮਾਣ ਕਾਰਜਾਂ ਅਤੇ ਇਸ ਭ੍ਰਿਸ਼ਟਾਚਾਰੀ ਮਾਡਲ ਦੀ ਜ਼ਿੰਮੇਵਾਰੀ ਲੈਣਗੇ? ਇਸੇ ਦੌਰਾਨ ਸ਼ਿਵ ਸੈਨਾ (ਊਧਵ ਠਾਕਰੇ) ਦੇ ਆਗੂ ਆਦਿਤਿਆ ਠਾਕਰੇ ਨੇ ਕਿਹਾ ਹੈ ਕਿ ਛੱਤ ਯੂ ਪੀ ਏ ਸਰਕਾਰ ਵੇਲੇ ਬਣਨ ਦੀ ਗੱਲ ਕਹਿ ਕੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵੱਲੋਂ ਜ਼ਿੰਮੇਵਾਰੀ ਤੋਂ ਪੱਲਾ ਛੁਡਾਇਆ ਜਾ ਰਿਹਾ ਹੈ। ਕੀ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਪਿਛਲੇ 10 ਸਾਲਾਂ ਵਿਚ ਦੇਖਭਾਲ ਨਹੀਂ ਕੀਤੀ ਗਈ। ਅਯੁੱਧਿਆ ਤੋਂ ਲੈ ਕੇ ਹਰ ਕੰਮ ਦੀ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ। ਇਸ਼ਤਿਹਾਰਬਾਜ਼ੀ ਦੀ ਥਾਂ ਜੇ ਕੰਮ ਕੀਤਾ ਹੁੰਦਾ ਤਾਂ ਛੱਤ ਨਾ ਡਿੱਗਦੀ।

## ਕੱਚ-ਘਰੜ ਸਬੂਤਾਂ ਨਾਲ ਪੰਜ ਮਹੀਨੇ ਜੇਲ੍ਹ 'ਚ ਡੱਕੀ ਰੱਖਿਆ ਸਾਬਕਾ ਮੁੱਖ ਮੰਤਰੀ

**ਰਾਂਚੀ** : ਝਾਰਖੰਡ ਹਾਈ ਕੋਰਟ ਨੇ ਕਥਿਤ ਜ਼ਮੀਨ ਘੁਟਾਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫਤਾਰ ਸੂਬੇ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਸ਼ੁੱਕਰਵਾਰ ਜ਼ਮਾਨਤ ਦੇ ਦਿੱਤੀ ਤੇ ਉਹ ਜੇਲ੍ਹ ਵਿੱਚੋਂ ਬਾਹਰ ਆ ਗਏ। 8.36 ਏਕੜ ਜ਼ਮੀਨ ਦੇ ਗੈਰਕਾਨੂੰਨੀ ਕਬਜ਼ੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ ਵਿਚ ਜਸਟਿਸ ਰੋਂਗੋਨ ਮੁਖੋਪਾਧਿਆਇ ਨੇ ਫੈਸਲਾ 13 ਜੂਨ ਨੂੰ ਸੁਰੱਖਿਅਤ ਰੱਖ ਲਿਆ ਸੀ। ਸੋਰੇਨ ਦੇ ਵਕੀਲ ਅਰੁਣਾਭ ਚੌਧਰੀ ਨੇ ਦੱਸਿਆ—ਅਦਾਲਤ ਨੇ ਕਿਹਾ ਕਿ ਪਹਿਲੀ ਨਜ਼ਰੇ ਉਹ ਦੋਸ਼ੀ ਨਹੀਂ ਹੈ ਅਤੇ ਜ਼ਮਾਨਤ 'ਤੇ ਰਿਹਾਅ ਕਰਨ ਦੌਰਾਨ ਪਟੀਸ਼ਨਰ ਵੱਲੋਂ ਕੋਈ ਅਪਰਾਧ ਕੀਤੇ ਜਾਣ ਦੀ ਸੰਭਾਵਨਾ ਨਹੀਂ ਹੈ। ਜੇਲ੍ਹ ਵਿੱਚੋਂ ਬਾਹਰ ਆਉਣ 'ਤੇ ਸੋਰੇਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ—ਮੈਨੂੰ ਪੰਜ ਮਹੀਨੇ ਸਲਾਖਾਂ ਪਿੱਛੇ ਰੱਖਿਆ ਗਿਆ। ਅਸੀਂ ਦੇਖ ਰਹੇ ਹਾਂ ਕਿ ਜੁਡੀਸ਼ਲ ਪ੍ਰਕਿਰਿਆ ਦਿਨ ਜਾਂ ਮਹੀਨੇ ਨਹੀਂ, ਵਰ੍ਹੇ ਲੈ ਰਹੀ ਹੈ। ਅੱਜ ਇਹ ਸਾਰੇ ਦੇਸ਼ ਲਈ ਸੁਨੇਹਾ ਹੈ ਕਿ ਸਾਡੇ ਖਿਲਾਫ ਕਿਵੇਂ ਸਾਜ਼ਿਸ਼ ਰਚੀ ਗਈ। ਜਿਹੜੀ ਲੜਾਈ ਅਸੀਂ ਸ਼ੁਰੂ ਕੀਤੀ ਤੇ ਜਿਹੜਾ ਸੰਕਲਪ ਲਿਆ, ਅਸੀਂ ਉਸ ਨੂੰ ਪੂਰਾ ਕਰਨ ਲਈ ਜੂਝਾਂਗੇ।

ਝਾਰਖੰਡ ਮੁਕਤੀ ਮੋਰਚਾ ਦੇ ਐਗਜ਼ੈਕਟਿਵ ਪ੍ਰਧਾਨ ਸੋਰੇਨ ਨੂੰ ਈ ਡੀ ਨੇ ਮਨੀ ਲਾਂਡਰਿੰਗ ਕੇਸ ਵਿਚ 31 ਜਨਵਰੀ ਨੂੰ ਗ੍ਰਿਫਤਾਰ ਕੀਤਾ ਸੀ। 48 ਸਾਲਾ ਸੋਰੇਨ ਉਦੋਂ ਤੋਂ ਰਾਂਚੀ ਦੀ ਬਿਰਸਾ ਮੁੰਡਾ ਜੇਲ੍ਹ ਵਿਚ ਬੰਦ ਸਨ।



ਰਾਂਚੀ ਦੀ ਬਿਰਸਾ ਮੁੰਡਾ ਜੇਲ੍ਹ ਵਿੱਚੋਂ ਬਾਹਰ ਆਉਂਦੇ ਹੇਮੰਤ ਸੋਰੇਨ।

ਈ ਡੀ ਦੇ ਵਕੀਲ ਐਡੀਸ਼ਨਲ ਸਾਲੀਸਿਟਰ ਜਨਰਲ ਐੱਸ ਵੀ ਰਾਜੂ ਨੇ ਸੋਰੇਨ ਨੂੰ ਜ਼ਮਾਨਤ ਦਾ ਇਹ ਕਹਿੰਦਿਆਂ ਵਿਰੋਧ ਕੀਤਾ ਸੀ ਕਿ ਉਹ ਰਸੂਖਦਾਰ ਬੰਦੇ ਹਨ ਤੇ ਇਸ ਤੋਂ ਪਹਿਲਾਂ ਉਨ੍ਹਾ ਸਟੇਟ ਮਸ਼ੀਨਰੀ ਨੂੰ ਵਰਤ ਕੇ ਖੁਦ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। ਜੇ ਜ਼ਮਾਨਤ ਦੇ ਦਿੱਤੀ ਤਾਂ ਉਹ ਸਟੇਟ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਜਾਂਚ ਵਿਚ ਅੜਿੱਕਾ ਡਾਹੁਣਗੇ। ਰਾਜੂ ਨੇ ਕਿਹਾ ਕਿ ਗਲਤ ਢੰਗ ਨਾਲ ਕਮਾਏ ਪੈਸੇ ਨਾਲ ਸੋਰੇਨ ਨੇ ਝਾਰਖੰਡ ਦੇ ਬਾਰਗੈਨ ਵਿਚ ਸਥਿਤ ਜ਼ਮੀਨ 'ਤੇ ਬੈਂਕੁਇਟ ਹਾਲ ਬਣਾਉਣ ਦੀ ਯੋਜਨਾ ਬਣਾਈ ਸੀ ਤੇ ਉਸ ਦੇ ਦੋਸਤ ਵਿਨੋਦ ਸਿੰਘ ਨੇ ਉਸਨੂੰ ਮੋਬਾਈਲ 'ਤੇ ਇਸ ਦਾ ਨਕਸ਼ਾ ਘੱਲਿਆ ਸੀ।

ਸੋਰੇਨ ਦੇ ਵਕੀਲ ਕਪਿਲ ਸਿੱਬਲ ਤੇ ਮੀਨਾਕਸ਼ੀ ਅਰੋੜਾ ਨੇ ਕਿਹਾ ਕਿ ਇਹ ਮਨੀ ਲਾਂਡਰਿੰਗ ਦਾ ਮਾਮਲਾ ਨਹੀਂ, ਸਗੋਂ ਸਿਆਸੀ ਬਦਲਾਖੋਰੀ ਦਾ ਮਾਮਲਾ ਹੈ।

## ਆਪੋਜ਼ੀਸ਼ਨ ਪੇਪਰ ਲੀਕ 'ਤੇ ਪਹਿਲਾਂ ਬਹਿਸ ਕਰਾਉਣ 'ਤੇ ਅੜੀ

**ਨਵੀਂ ਦਿੱਲੀ** : ਲੋਕ ਸਭਾ ਵਿਚ ਸ਼ੁੱਕਰਵਾਰ ਅਪੋਜ਼ੀਸ਼ਨ ਮੈਂਬਰਾਂ ਨੇ ਨੀਟ-ਯੂ ਜੀ ਦੀ ਪ੍ਰੀਖਿਆ 'ਚ ਬੇਨੇਮੀਆਂ ਬਾਰੇ ਚਰਚਾ ਕਰਵਾਉਣ ਦੀ ਮੰਗ ਨੂੰ ਲੈ ਕੇ ਹੰਗਾਮਾ ਕੀਤਾ, ਜਿਸ ਕਾਰਨ ਸਦਨ ਦੀ ਕਾਰਵਾਈ ਇਕ ਵਾਰ ਮੁਲਤਵੀ ਹੋਣ ਤੋਂ ਬਾਅਦ ਸਾਰੇ ਦਿਨ ਲਈ ਉਠਾ ਦਿੱਤੀ ਗਈ। ਅਪੋਜ਼ੀਸ਼ਨ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ 'ਤੇ ਚਰਚਾ ਤੋਂ ਪਹਿਲਾਂ ਨੀਟ ਦੇ ਮਾਮਲੇ 'ਤੇ ਚਰਚਾ ਕਰਾਉਣੀ ਚਾਹੀਦੀ ਹੈ, ਪਰ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਰਾਸ਼ਟਰਪਤੀ ਭਾਸ਼ਣ ਤੋਂ ਬਾਅਦ ਸਭ ਤੋਂ ਪਹਿਲਾਂ ਇਸ 'ਤੇ ਲਿਆਂਦੇ ਗਏ ਧੰਨਵਾਦ ਮਤੇ 'ਤੇ ਚਰਚਾ ਹੁੰਦੀ ਹੈ ਅਤੇ ਵੱਖਰੇ ਤੌਰ 'ਤੇ ਕਿਸੇ ਵਿਸ਼ੇ 'ਤੇ ਚਰਚਾ ਦੀ ਰਵਾਇਤ ਨਹੀਂ ਰਹੀ ਹੈ।

ਸਪੀਕਰ ਓਮ ਬਿਰਲਾ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਸਦਨ ਦੀ ਕਾਰਵਾਈ ਚਲਾਉਣ ਦੇਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਉਹ ਭਾਸ਼ਣ 'ਤੇ ਚਰਚਾ ਦੌਰਾਨ ਨੀਟ ਤੇ ਹੋਰ ਸਾਰੇ ਵਿਸ਼ੇ ਉਠਾ ਸਕਦੇ ਹਨ। ਇਕ ਵਾਰ ਮੁਲਤਵੀ ਹੋਣ ਤੋਂ ਬਾਅਦ ਦੁਪਹਿਰ 12 ਵਜੇ ਮੁੜ ਤੋਂ ਸ਼ੁਰੂ ਹੋਈ ਸਦਨ ਦੀ ਕਾਰਵਾਈ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਵੱਲੋਂ ਕੀਤੇ ਗਏ ਹੰਗਾਮੇ ਕਾਰਨ ਕਰੀਬ 12.07 ਵਜੇ ਮੁੜ ਤੋਂ ਪਹਿਲੀ ਜੁਲਾਈ ਸਵੇਰੇ 11 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ।

ਇਸੇ ਦੌਰਾਨ ਕਾਂਗਰਸ ਦੇ ਸਾਂਸਦ

● ਬਾਕੀ ਸਫ਼ਾ 2 'ਤੇ

### ਚੇਅਰਮੈਨ ਤੇ ਖੜਗੇ ਵਿਚਾਲੇ ਝੜਪ

**ਨਵੀਂ ਦਿੱਲੀ** : ਸੰਸਦ ਦੇ ਸਾਂਝੇ ਅਜਲਾਸ ਵਿਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਦਿੱਤੇ ਗਏ ਭਾਸ਼ਣ ਦਾ ਧੰਨਵਾਦ ਕਰਨ ਦੇ ਮਤੇ 'ਤੇ ਬਹਿਸ ਦੌਰਾਨ ਸ਼ੁੱਕਰਵਾਰ ਰਾਜ ਸਭਾ 'ਚ ਹੰਗਾਮੇ ਕਾਰਨ ਚੇਅਰਮੈਨ ਜਗਦੀਪ ਧਨਖੜ ਕਾਂਗਰਸ ਪ੍ਰਧਾਨ ਅਤੇ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ 'ਤੇ ਕਾਫੀ ਨਾਰਾਜ਼ ਹੋ ਗਏ। ਵਿਰੋਧੀ ਧਿਰ ਨੇ ਨੀਟ ਦਾ ਪੇਪਰ ਲੀਕ ਹੋਣ ਦੇ ਮੁੱਦੇ 'ਤੇ ਪਹਿਲਾਂ ਚਰਚਾ ਦੀ ਮੰਗ ਕੀਤੀ

● ਬਾਕੀ ਸਫ਼ਾ 2 'ਤੇ

## ਹਾਲ-ਏ-ਦਿੱਲੀ



**ਨਵੀਂ ਦਿੱਲੀ** : ਪਹਿਲੇ ਮੀਂਹ ਨਾਲ ਹੀ ਦਿੱਲੀ ਨਗਰ ਨਿਗਮ ਦੀਆਂ ਮੌਨਸੂਨ ਸੰਬੰਧੀ ਤਿਆਰੀਆਂ ਦਾ ਜਲੂਸ ਨਿਕਲ ਗਿਆ। ਕਈ ਅਹਿਮ ਇਲਾਕਿਆਂ 'ਚ ਸੜਕਾਂ, ਅੰਡਰਪਾਸ ਅਤੇ ਮੈਟਰੋ ਸਟੇਸ਼ਨਾਂ ਕੋਲ ਪਾਣੀ ਭਰ ਗਿਆ। ਦਿੱਲੀ ਦੇ ਲੋਧੀ ਅਸਟੇਟ ਇਲਾਕੇ ਵਿਚ ਸਮਾਜਵਾਦੀ ਪਾਰਟੀ ਦੇ ਰਾਜ ਸਭਾ ਮੈਂਬਰ ਨੂੰ ਉਨ੍ਹਾਂ ਦੇ ਸਟਾਫ ਨੇ ਘਰੋਂ ਚੁੱਕ ਕੇ ਕਾਰ ਵਿਚ ਬਿਠਾਇਆ। ਲੁਟੀਅਨਜ਼ ਦਿੱਲੀ 'ਚ ਕਾਂਗਰਸ ਦੇ ਲੋਕ ਸਭਾ ਮੈਂਬਰ ਸ਼ਸ਼ੀ ਥਰੂਰ ਦੀ ਕੋਠੀ ਵਿਚ ਇਕ ਫੁੱਟ ਪਾਣੀ ਵੜ ਗਿਆ, ਜਿਸ ਨਾਲ ਉਨ੍ਹਾ ਦੇ ਕਾਲੀਨ ਤੇ ਫਰਸ਼ 'ਤੇ ਪਈਆਂ ਚੀਜ਼ਾਂ ਖਰਾਬ ਹੋ ਗਈਆਂ। ਪ੍ਰੀ-ਮੌਨਸੂਨ ਦੇ ਮੀਂਹ ਨਾਲ ਅਯੁੱਧਿਆ ਦੇ ਕਈ ਹਿੱਸਿਆਂ ਵਿਚ ਪਾਣੀ ਇਕੱਠਾ ਹੋ ਗਿਆ। ਇਸ ਹਫਤੇ ਦੇ ਸ਼ੁਰੂ ਵਿਚ ਰਾਮ ਮੰਦਰ ਦੇ ਮੁੱਖ ਪੁਜਾਰੀ ਆਚਾਰੀਆ ਸਤਿੰਦਰ ਦਾਸ ਨੇ ਕਿਹਾ ਸੀ ਕਿ ਥੋੜ੍ਹਾ ਜਿਹਾ ਮੀਂਹ ਪੈਣ ਨਾਲ ਰਾਮ ਮੰਦਰ ਦੀ ਛੱਤ ਚੋਣ ਲਗ ਪਈ।

### ਮਿਸਰੀ ਨਵੇਂ ਵਿਦੇਸ਼ ਸਕੱਤਰ



**ਨਵੀਂ ਦਿੱਲੀ** : ਉਪ ਕੌਮੀ ਸੁਰੱਖਿਆ ਸਹਲਾਕਾਰ ਵਿਕਰਮ ਮਿਸਰੀ ਨੂੰ ਅਗਲਾ ਵਿਦੇਸ਼ ਸਕੱਤਰ ਨਿਯੁਕਤ ਕੀਤਾ ਗਿਆ ਹੈ। ਮਿਸਰੀ ਵਿਨੇ ਮੋਹਨ ਕਵਾਤਰਾ ਦੀ ਥਾਂ ਲੈਣਗੇ। ਕੈਬਨਿਟ ਦੀ ਨਿਯੁਕਤੀ ਕਮੇਟੀ ਨੇ ਮਿਸਰੀ ਨੂੰ 15 ਜੁਲਾਈ ਤੋਂ ਵਿਦੇਸ਼ ਸਕੱਤਰ ਦੇ ਅਹੁਦੇ 'ਤੇ ਨਿਯੁਕਤ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

### ਬੱਬੇਹਾਲੀ ਸੁਖਬੀਰ ਦੀ ਹਮਾਇਤ 'ਚ

**ਗੁਰਦਾਸਪੁਰ** : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਹਟਾਉਣ ਦੀ ਮੰਗ ਦਰਮਿਆਨ ਦਲ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਮੁੱਖ ਸੰਸਦੀ ਸਕੱਤਰ ਗੁਰਬਚਨ ਸਿੰਘ ਬੱਬੇਹਾਲੀ ਨੇ ਕਿਹਾ ਕਿ ਉਹ ਸੁਖਬੀਰ ਬਾਦਲ ਨਾਲ ਵਾਂਗ ਚੱਟਾਨ ਵਾਂਗ ਖੜ੍ਹੇ ਹਨ। ਪ੍ਰੈਸ ਕਾਨਫਰੰਸ 'ਚ ਉਨ੍ਹਾ ਕਿਹਾ ਕਿ ਸੁਖਬੀਰ ਬਾਦਲ ਦੀ ਅਗਵਾਈ 'ਤੇ ਸਵਾਲ ਉਠਾਉਣ ਵਾਲੇ ਆਗੂ ਇਹ ਭੁੱਲ ਗਏ ਹਨ ਕਿ ਉਨ੍ਹਾ ਦੀ ਅਗਵਾਈ 'ਚ ਹੀ ਸਰਕਾਰਾਂ ਬਣੀਆਂ ਅਤੇ ਚਲਾਈਆਂ ਗਈਆਂ ਹਨ। ਇਨ੍ਹਾਂ ਆਗੂਆਂ ਨੇ ਉਨ੍ਹਾਂ ਸਰਕਾਰਾਂ 'ਚ ਮੰਤਰੀਆਂ ਅਤੇ ਹੋਰ ਵੱਡੇ ਅਹੁਦਿਆਂ ਦਾ ਆਨੰਦ ਮਾਣਿਆ ਹੈ।

### ਅਮਰਨਾਥ ਯਾਤਰਾ ਲਈ ਪਹਿਲਾ ਜਥਾ ਰਵਾਨਾ

**ਜੰਮੂ** : ਜੰਮੂ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਸ਼ੁੱਕਰਵਾਰ ਅਮਰਨਾਥ ਯਾਤਰਾ ਲਈ ਭਗਵਤੀ ਨਗਰ ਸਥਿਤ ਯਾਤਰੀ ਨਿਵਾਸ ਬੇਸ ਕੈਂਪ ਤੋਂ 4603 ਤੀਰਥ ਯਾਤਰੀਆਂ ਦੇ ਪਹਿਲੇ ਜੱਥੇ ਨੂੰ ਰਵਾਨਾ ਕੀਤਾ। 'ਬਮ ਬਮ ਭੋਲੇ' ਅਤੇ 'ਹਰ ਹਰ ਮਹਾਦੇਵ' ਦੇ ਜੈਕਾਰਿਆਂ ਵਿਚਾਲੇ ਤੀਰਥ ਯਾਤਰੀਆਂ ਦਾ ਜੱਥਾ ਸਖਤ ਸੁਰੱਖਿਆ ਹੇਠ ਉੱਤਰੀ ਕਸ਼ਮੀਰ ਦੇ ਬਾਲਟਲ ਅਤੇ ਦੱਖਣੀ ਕਸ਼ਮੀਰ ਦੇ ਅਨੰਤਨਾਗ ਲਈ ਰਵਾਨਾ ਹੋਇਆ।

### ਵੈਨ ਦੀ ਟਰੱਕ ਨਾਲ ਟੱਕਰ, 13 ਮੌਤਾਂ

**ਹਾਵੇਰੀ** : ਕਰਨਾਟਕ ਦੇ ਹਾਵੇਰੀ 'ਚ ਬਿਆਦਗੀ ਤਹਿਸੀਲ ਦੇ ਗੁੰਡੇਨਹੱਲੀ ਚੌਕ 'ਤੇ ਸ਼ੁੱਕਰਵਾਰ ਤੜਕੇ ਵੈਨ ਦੇ ਟਰੱਕ ਨਾਲ ਟਕਰਾਉਣ ਕਾਰਨ ਦੋ ਬੱਚਿਆਂ ਸਣੇ 13 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਜ਼ਖ਼ਮੀ ਹੋ ਗਏ। ਹਾਦਸਾ ਕਰੀਬ 3.45 ਵਜੇ ਵਾਪਰਿਆ ਜਦੋਂ ਵੈਨ ਸੜਕ ਕੰਢੇ ਖੜ੍ਹੇ ਟਰੱਕ ਨਾਲ ਟਕਰਾਅ ਗਈ।

## ਦੇਸ਼ ਭਗਤਾਂ ਦੀ ਦੇਣ 'ਤੇ ਵਿਚਾਰ ਚਰਚਾ ਅੱਜ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਜੂਨ ਮਹੀਨੇ ਦੀਆਂ ਆਜ਼ਾਦੀ ਸੰਗਰਾਮ ਨਾਲ ਜੁੜੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਅਤੇ ਨਾਇਕਾਂ ਨੂੰ ਸਮਰਪਤ ਗੰਭੀਰ ਵਿਚਾਰ ਚਰਚਾ 29 ਜੂਨ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਦੂਜਾ ਲਾਹੌਰ ਸਾਜ਼ਿਸ਼ ਕੇਸ 18 ਜੂਨ 1916, ਜਿਸ ਵਿਚ ਰੂੜ ਸਿੰਘ ਤਲਵੰਡੀ ਦੁਸਾਂਝ (ਉਸ ਮੌਕੇ ਫਿਰੋਜ਼ਪੁਰ), ਈਸ਼ਰ ਸਿੰਘ ਢੁੱਡੀਕੇ (ਉਸ ਮੌਕੇ ਫਿਰੋਜ਼ਪੁਰ), ਬੀਰ ਸਿੰਘ ਬਾਹੋਵਾਲ (ਹੁਸ਼ਿਆਰਪੁਰ), ਰੰਗਾ ਸਿੰਘ ਖੁਰਦਪੁਰ (ਜਲੰਧਰ), ਉੱਤਮ ਸਿੰਘ ਹਾਂਸ ਕਲਾਂ (ਲੁਧਿਆਣਾ) ਨੂੰ ਮੁਲਕ ਦੀ ਆਜ਼ਾਦੀ ਲਈ ਜੱਦੋ- ਜਹਿਦ ਕਰਨ ਦੇ 'ਦੋਸ਼' ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਘਾਲਣਾ ਨੂੰ ਯਾਦ ਕਰਨ, ਉਨ੍ਹਾਂ ਦੇ ਸੰਗਰਾਮੀ ਜੀਵਨ ਤੋਂ ਪ੍ਰੇਰਨਾ ਲੈਣ ਅਤੇ ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ ਲਈ ਵਿਚਾਰ ਚਰਚਾ 'ਚ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਮੁੱਖ ਵਕਤਾ ਹੋਣਗੇ।ਇਸ ਮੌਕੇ ਸ਼ਹੀਦ ਆਤਮਾ ਰਾਮ (ਸ਼ੰਘਾਈ), ਬੱਬਰ ਅਕਾਲੀ ਚਿੰਤਾ ਸਿੰਘ ਢੰਡੋਲੀ (ਜਲੰਧਰ ਜੇਲ੍ਹ 'ਚ 8 ਜੂਨ 1941 ਫਾਂਸੀ), ਜਨਮ ਦਿਨ ਕਿਸ਼ੋਰੀ ਲਾਲ (9 ਜੂਨ 1909), ਸ਼ਹੀਦ ਹਰੀ ਕਿਸ਼ਨ ਸਰਹੱਦੀ ਨੂੰ ਮੀਆਂਵਾਲੀ ਜੇਲ੍ਹ ਵਿੱਚ ਫਾਂਸੀ, ਜਨਮ ਦਿਨ ਕ੍ਰਾਂਤੀਕਾਰੀ ਰਾਮ ਪ੍ਰਸਾਦ ਬਿਸਮਿਲ (12 ਜੂਨ 1897), ਸਾਕਾ ਵੱਲਾ ਪੁਲ (ਅੰਮ੍ਰਿਤਸਰ) (12 ਜੂਨ 1915), ਕ੍ਰਾਂਤੀਕਾਰੀ ਸਚਿੰਦਰ ਨਾਥ ਪਾਂਡੇ ਦਾ ਸਦੀਵੀ ਵਿਛੋੜਾ (13 ਜੂਨ 1992), ਸ਼ਹੀਦੀ ਬਾਬੂ ਨਲਨੀ ਬਾਗਚੀ (16 ਜੂਨ 1918), ਸ਼ਹੀਦੀ ਮਨਿੰਦਰ ਬੈਨਰਜੀ (ਭੁੱਖ ਹੜਤਾਲ ਦੌਰਾਨ ਫਤਿਹਗੜ੍ਹ ਜੇਲ੍ਹ 'ਚ ਸ਼ਹੀਦ) (20 ਜੂਨ 1935), ਕ੍ਰਾਂਤੀਕਾਰੀ ਡਾ. ਗਯਾ ਪ੍ਰਸਾਦ ਦਾ ਜਨਮ ਦਿਨ (20 ਜੂਨ 1900), ਜਨਮ ਦਿਨ ਕ੍ਰਾਂਤੀਕਾਰੀ ਰਜਿੰਦਰਨਾਥ ਲਹਿਰੀ (ਕਾਕੋਰੀ ਕੇਸ) (23 ਜੂਨ 1901) ਆਦਿ ਦੀਆਂ ਕੁਰਬਾਨੀਆਂ ਭਰੇ ਇਤਿਹਾਸਕ ਸਫ਼ਿਆਂ ਉਪਰ ਗੰਭੀਰ ਵਿਚਾਰਾਂ ਵੀ ਕੀਤੀਆਂ ਜਾਣਗੀਆਂ।

### ਮਾਨ ਪਰਵਾਰ ਡੇਰਾ ਬੱਲਾਂ ਪੁੱਜਾ



**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਦੁਪਹਿਰ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਆਪਣੀ ਧਰਮਪਤਨੀ ਡਾ. ਗੁਰਪ੍ਰੀਤ ਕੌਰ ਤੇ ਧੀ ਨਿਆਮਤ ਕੌਰ ਮਾਨ ਸਮੇਤ ਮੱਥਾ ਟੇਕਿਆ। ਉਨ੍ਹਾਂ ਨੇ ਸੰਤ ਨਿਰੰਜਣ ਦਾਸ ਮਹਾਰਾਜ ਨਾਲ ਮੁਲਾਕਾਤ ਕੀਤੀ। ਸੰਤ ਨਿਰੰਜਣ ਦਾਸ ਮਹਾਰਾਜ ਨੇ ਮੁੱਖ ਮੰਤਰੀ ਮਾਨ, ਉਨ੍ਹਾਂ ਦੀ ਧਰਮਪਤਨੀ ਤੇ ਧੀ ਨੂੰ ਅਸ਼ੀਰਵਾਦ ਦਿੱਤਾ ਅਤੇ ਸਿਰੋਪਾਓ ਪਾ ਕੇ ਸਨਮਾਨ ਵੀ ਕੀਤਾ।

### ਐੱਨ ਟੀ ਏ ਨੂੰ ਸੁਧਾਰਨ ਲਈ ਸੁਝਾਅ ਮੰਗੇ

**ਨਵੀਂ ਦਿੱਲੀ** : ਪ੍ਰੀਖਿਆ ਸੁਧਾਰ ਬਾਰੇ ਕੇਂਦਰ ਦੀ ਉੱਚ ਤਾਕਤੀ ਕਮੇਟੀ ਨੇ ਵਿਦਿਆਰਥੀਆਂ ਤੇ ਮਾਪਿਆਂ ਸਣੇ ਸਾਰੇ ਹਿੱਤਧਾਰਕਾਂ ਕੋਲੋਂ 7 ਜੁਲਾਈ ਤੱਕ ਸੁਝਾਅ ਅਤੇ ਪ੍ਰਤੀਕਿਰਿਆਵਾਂ ਮੰਗੀਆਂ ਹਨ। ਸਿੱਖਿਆ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਪ੍ਰੀਖਿਆਵਾਂ 'ਚ ਬੇਨੇਮੀਆਂ ਨੂੰ ਲੈ ਕੇ ਉੱਠਦੇ ਵਿਵਾਦ ਵਿਚਾਲੇ ਇਸਰੋ ਦੇ ਸਾਬਕਾ ਮੁਖੀ ਆਰ ਰਾਧਾਕ੍ਰਿਸ਼ਨਨ ਦੀ ਪ੍ਰਧਾਨਗੀ ਵਾਲੀ ਕਮੇਟੀ ਨੂੰ ਪ੍ਰੀਖਿਆ ਪ੍ਰਕਿਰਿਆ 'ਚ ਸੁਧਾਰ ਕਰਨ ਬਾਰੇ ਸਿਫਾਰਸ਼ਾਂ ਦੇਣ, ਡੇਟਾ ਸੁਰੱਖਿਆ ਦੇ ਪ੍ਰੋਟੋਕਾਲ ਦਾ ਵਿਸਤਾਰ ਕਰਨ ਅਤੇ ਕੌਮੀ ਪ੍ਰੀਖਿਆ ਏਜੰਸੀ (ਐੱਨ ਟੀ ਏ) ਦੇ ਢਾਂਚੇ ਤੇ ਕਾਰਜਾਂ ਦੀ ਸਮੀਖਿਆ ਕਰਨ ਦਾ ਕੰਮ ਸੌਂਪਿਆ ਗਿਆ ਹੈ।

## ਅੱਜ-ਨਾਮਾ

ਹਾਲੇ ਆਈ ਨਹੀਂ ਨੇੜੇ ਬਰਸਾਤ ਬੇਸ਼ੱਕ,
ਫਿਕਰ ਦੀ ਘੜੀ ਹੈ ਜਾਪਦੀ ਬੜੀ ਬੇਲੀ।
ਦਿੱਲੀ ਵਿੱਚ ਪਿਆ ਜਿੱਦਾਂ ਦਾ ਮੀਂਹ ਪੈਂਦਾ,
ਤਾਂ ਸਾਰੀ ਦਿੱਲੀ ਮੁਸੀਬਤ ਨੂੰ ਫੜੀ ਬੇਲੀ।
ਸੜਕਾਂ ਉੱਤੇ ਨੇ ਪਾਣੀ ਦੇ ਵਹਿਣ ਵਗਦੇ,
ਟਰੈਫਿਕ ਪਾਣੀ ਦੇ ਵਿੱਚ ਆ ਖੜੀ ਬੇਲੀ।
ਲੱਗਾ ਈ ਫਿਕਰ ਪੰਜਾਬ ਨੂੰ ਏਸ ਕਰ ਕੇ,
ਆਉਂਦੀ ਨਦੀ ਬਿਆਸ ਪਈ ਚੜ੍ਹੀ ਬੇਲੀ।
ਪਹਾੜ ਦੇ ਉੱਪਰ ਬਣਾਏ ਆ ਡੈਮ ਜਿਹੜੇ,
ਸਕਣਗੇ ਪਾਣੀ ਜ਼ਿਆਦਾ ਨਹੀਂ ਝੱਲ ਬੇਲੀ।
ਇਸ ਦੇ ਬਾਅਦ ਕੀ ਹੋਣ ਦਾ ਫਿਕਰ ਲੱਗਾ,
ਔਖੀ ਕਹਿਣੀ ਇਹ ਜਾਪ ਰਹੀ ਗੱਲ ਬੇਲੀ।

-ਤੀਸ ਮਾਰ ਖਾਂ

## 9.2 ਕਿਲੋ ਹੈਰੋਇਨ ਸਣੇ 3 ਗ੍ਰਿਫ਼ਤਾਰ

**ਅੰਮ੍ਰਿਤਸਰ (ਜਸਬੀਰ ਪੱਟੀ, ਨਰਿੰਦਰਜੀਤ ਸਿੰਘ, ਕੰਵਲਜੀਤ ਸਿੰਘ)**

ਪੰਜਾਬ ਪੁਲਸ ਨੇ ਪਾਕਿਸਤਾਨ ਅਧਾਰਤ ਤਸਕਰਾਂ ਵੱਲੋਂ ਚਲਾਏ ਜਾ ਰਹੇ ਸਰਹੱਦ ਪਾਰੋਂ ਨਸ਼ਾ ਤਸਕਰੀ ਦੇ ਦੋ ਵੱਖ-ਵੱਖ ਗਰੋਹਾਂ ਦਾ ਪਰਦਾਫਾਸ਼ ਕਰਦਿਆਂ ਤਿੰਨ ਨਸ਼ਾ ਤਸਕਰਾਂ ਨੂੰ 9.2 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ।ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਏ ਡੀ ਸੀ ਪੀ ਸਿਟੀ-2 ਅਭਿਮੰਨਿਊ ਰਾਣਾ ਦੀ ਅਗਵਾਈ ਹੇਠ ਥਾਣਾ ਛੇਹਰਟਾ ਦੀਆਂ ਪੁਲਸ ਟੀਮਾਂ ਨੇ ਰਾਜਾਸਾਂਸੀ ਦੇ ਸ਼ਿਵਾ ਐਨਕਲੇਵ ਦੇ ਇਲਾਕੇ ਤੋਂ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 8.2 ਕਿਲੋ ਹੈਰੋਇਨ ਬਰਾਮਦ ਕੀਤੀ ਹੈ।ਫੜੇ ਗਏ ਵਿਅਕਤੀਆਂ ਦੀ ਪਛਾਣ ਬਚਿੱਤਰ ਸਿੰਘ ਵਾਸੀ ਪਿੰਡ ਜਠੌਲ ਜ਼ਿਲ੍ਹਾ ਅੰਮ੍ਰਿਤਸਰ ਅਤੇ ਸਨੀ ਵਾਸੀ ਗੁਰੂ ਕੀ ਵਡਾਲੀ, ਛੇਹਰਟਾ ਵਜੋਂ ਹੋਈ ਹੈ। ਮੁਲਜ਼ਮ ਬਚਿੱਤਰ ਸਿੰਘ ਨੂੰ ਸਾਲ 2021 ਤੋਂ ਪੀ ਐਸ ਘਰਿੰਡਾ ਦੇ ਕਤਲ ਕੇਸ ਵਿੱਚ ਭਗੌੜਾ ਐਲਾਨਿਆ ਹੋਇਆ ਸੀ।ਪੁਲਸ ਟੀਮਾਂ ਨੇ 8.2 ਕਿਲੋ ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਮੁਲਜ਼ਮਾਂ ਕੋਲੋਂ 95000 ਰੁਪਏ ਦੀ ਡਰੱਗ ਮਨੀ, ਇਕ ਇਲੈਕਟ੍ਰਾਨਿਕ ਭਾਰ ਤੋਲਣ ਵਾਲੀ ਮਸ਼ੀਨ ਅਤੇ ਸਵਿਫ਼ਟ ਕਾਰ ਵੀ ਬਰਾਮਦ ਕੀਤੀ ਹੈ।ਥਾਣਾ ਰਣਜੀਤ ਐਵੀਨਿਊ ਦੀਆਂ ਪੁਲਸ ਟੀਮਾਂ ਨੇ ਰਣਜੀਤ ਐਵੀਨਿਊ ਬਾਈਪਾਸ 'ਤੇ ਨਾਕਾਬੰਦੀ ਕਰਕੇ ਅਮਨਦੀਪ ਸਿੰਘ ਵਾਸੀ ਪਿੰਡ ਰਾਣੀਆਂ, ਲੋਪੋਕੇ, ਅੰਮ੍ਰਿਤਸਰ ਨੂੰ 1 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਸ ਟੀਮਾਂ ਨੇ ਉਸ ਦੀ ਫੌਕਸਵੈਗਨ ਵੈਂਟੋ ਕਾਰ ਨੂੰ ਵੀ ਜ਼ਬਤ ਕਰ ਲਿਆ ਹੈ।

ਪੁਲਸ ਕਮਿਸ਼ਨਰ ਅੰਮ੍ਰਿਤਸਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਮੁਢਲੀ ਜਾਂਚ ਅਨੁਸਾਰ ਦੋਸ਼ੀ ਪਾਕਿਸਤਾਨ ਅਧਾਰਤ ਤਸਕਰਾਂ ਦੇ ਸਿੱਧੇ ਸੰਪਰਕ ਵਿੱਚ ਸਨ, ਜੋ ਡਰੋਨ ਰਾਹੀਂ ਪਾਕਿਸਤਾਨ ਤੋਂ ਨਸ਼ਾ ਮੰਗਵਾ ਕੇ ਸੂਬੇ ਭਰ ਵਿੱਚ ਸਪਲਾਈ ਕਰ ਰਹੇ ਸਨ।




# ਨਸ਼ਾ ਤਸਕਰ ਪੰਜਾਬ ਛੱਡ ਜਾਣ ਜਾਂ ਨਸ਼ੇ ਦਾ ਕਾਰੋਬਾਰ ਬੰਦ ਕਰ ਦੇਣ : ਡੀ ਐੱਸ ਪੀ



ਨਾਭਾ (ਵਰਿੰਦਰ ਵਰਮਾ)-ਨਸ਼ਾ ਤਸਕਰ ਜਾਂ ਪੰਜਾਬ ਛੱਡ ਦੇਣ ਜਾਂ ਨਸ਼ੇ ਦਾ ਕਾਰੋਬਾਰ ਕਰਨ। ਇਹ ਚਿਤਾਵਨੀ ਡੀਐਸਪੀ ਦਵਿੰਦਰ ਅੱਤਰੀ ਨੇ ਨਸ਼ਾ ਤਸਕਰਾਂ ਨੂੰ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਵਿਸ਼ੇਸ਼ ਹਦਾਇਤਾਂ ਅਧੀਨ ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰੀ ਖਿਲਾਫ਼ ਸ਼ੁਰੂ ਕੀਤੀ ਮੁਹਿਮ ਵਿੱਚ ਸਾਰੇ ਵਰਗਾਂ ਦੇ ਸਹਿਯੋਗ ਲੈਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੇ ਕਾਸੋ ਅਪ੍ਰੇਸ਼ਨ ਨੇ ਨਸ਼ਾ ਸਮੱਗਲਰਾਂ ਨੂੰ ਭਾਜੜਾਂ ਪਾ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਜਿਥੇ ਕਾਸੋ ਆਪ੍ਰੇਸ਼ਨ ਅਧੀਨ ਕਈ ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਨਸ਼ੀਲੇ ਪਦਾਰਥਾਂ ਦੀ ਰਿਕਾਰਡ ਬਰਾਮਦਗੀ ਕੀਤੀ ਗਈ ਹੈ, ਉਥੇ ਕਈ ਨਸਾ ਸਮਗਲਰ ਰੂਪੋਸ਼ ਹੋ ਗਏ ਹਨ, ਜਿਨ੍ਹਾਂ ਨੂੰ ਜਲਦ ਹੀ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਜ਼ਿੰਦਗੀ ਬਿਤਾਉਣੀ ਪੈ ਸਕਦੀ ਹੈ। ਡੀ.ਐਸ.ਪੀ ਦਵਿੰਦਰ ਅੱਤਰੀ ਵੱਲੋਂ ਨਵ ਨਿਯੁਕਤ ਕੋਤਵਾਲੀ ਇੰਸਪੈਕਟਰ ਰੋਨੀ ਸਿੰਘ ਸੱਲ, ਸਦਰ ਥਾਣਾ ਇੰਚਾਰਜ ਐਸ.ਆਈ ਸੁਖਦੇਵ ਸਿੰਘ, ਰੋਹਟੀ ਪੁਲ਼ ਪੁਲਸ ਚੌਂਕੀ ਇੰਚਾਰਜ ਹਰਵਿੰਦਰ ਸਿੰਘ, ਭਾਦਸੋਂ ਥਾਣਾ ਇੰਚਾਰਜ ਐਸ. ਆਈ ਇੰਦਰਜੀਤ ਸਿੰਘ ਨਾਲ ਪਲੇਠੀ ਮੀਟਿੰਗ ਦੌਰਾਨ ਨਵੇਂ ਪਦਉੱਨਤ ਹੋਏ ਇੰਸਪੈਕਟਰ ਗੁਰਪ੍ਰੀਤ ਸਿੰਘ ਸਮਰਾਉ ਨੂੰ ਨਾਭਾ ਕੋਤਵਾਲੀ ਪੁਲਸ ਤੋਂ ਤਬਦੀਲ ਹੋਣ ਤੱਕ ਨਿਭਾਈਆਂ ਸ਼ਾਨਦਾਰ ਤੇ ਨਿਰਪੱਖ ਸੇਵਾਵਾਂ ਬਦਲੇ ਸਾਂਝੇ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਤੋਂ ਬਾਅਦ ਨਵ ਨਿਯੁਕਤ ਕੋਤਵਾਲੀ ਇੰਸ. ਰੋਨੀ ਸਿੰਘ ਸੱਲ ਨੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਪੁਲਿਸ ਸਮਾਜਿਕ ਤੇ ਵਪਾਰਕ ਸੰਸਥਾਵਾਂ ਨੂੰ ਨਾਲ ਲੈ ਕੇ ਨਸਾ ਤਸਕਰੀ 'ਤੇ ਕਾਬੂ ਪਾਏਗੀ।

# ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹਰ ਸਬ ਡਵੀਜ਼ਨ 'ਚ ਕਰਾਏ ਖੇਡ ਮੁਕਾਬਲੇ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਭਾਗੀਰਥ ਸਿੰਘ ਮੀਨਾ ਐਸ.ਐਸ.ਪੀ ਵੱਲੋਂ ਜ਼ਿਲ੍ਹੇ ਅੰਦਰ ਨਸ਼ਿਆਂ ਤੇ ਸਰਾਰਤੀ ਅਨਸਰਾਂ ਖਿਲਾਫ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਨਸ਼ੇ ਦੇ ਸੌਦਾਗਰਾਂ ਨੂੰ ਫੜ ਕੇ ਉਨ੍ਹਾਂ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਜਿੱਥੇ ਪੁਲਸ ਮੁਲਾਜ਼ਮਾਂ ਵੱਲੋਂ ਲੋਕਾਂ ਨਾਲ ਸਿੱਧਾ ਰਾਬਤਾ ਬਣਾਉਂਦਿਆਂ ਪਿੰਡਾਂ ਅੰਦਰ ਸੈਮੀਨਾਰ ਲਾ ਕੇ ਨੌਜਵਾਨਾਂ ਤੇ ਆਮ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਦੂਰ ਰਹਿਣ ਦੇ ਲਈ ਲਈ ਜਾਗਰੂਕ ਕੀਤਾ ਜਾ ਰਿਹਾ, ਉਥੇ ਹੀ ਪਿੰਡ ਵਾਸੀਆਂ ਨਾਲ ਤਾਲਮੇਲ ਕਰਕੇ ਜੋ ਨੌਜਵਾਨ ਨਸੇ ਦੀ ਦਲਦਲ ਵਿੱਚ ਫਸ ਚੁੱਕੇ ਹਨ, ਉਨਾਂ ਦਾ ਇਲਾਜ ਕਰਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਜ਼ਿਲ੍ਹਾ ਅੰਦਰ ਵੱਖ-ਵੱਖ ਥਾਂਵਾਂ ਤੇ ਖੇਡ ਮੁਕਾਬਲੇ ਕਰਾ ਕੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕੀਤਾ ਜਾ ਰਿਹਾ ਹੈ। ਇਸ ਮੌਕੇ ਭਾਗੀਰਥ ਸਿੰਘ ਮੀਨਾ ਐਸ.ਐਸ.ਪੀ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀਆਂ ਚਾਰੇ ਸਬ ਡਵੀਜ਼ਨਾਂ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਅਤੇ ਲੰਬੀ ਵਿਖੇ ਵੱਖ-ਵੱਖ ਥਾਂਵਾਂ 'ਤੇ ਖੇਡ ਪ੍ਰੋਗਰਾਮ ਉਲੀਕੇ ਗਏ, ਜਿੱਥੇ ਵੱਖ-ਵੱਖ ਜ਼ਿਲ੍ਹਿਆਂ ਤੋਂ ਨੌਜਵਾਨਾਂ ਨੇ ਪਹੁੰਚ ਕੇ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਹਿੱਸਾ ਲਿਆ ਗਿਆ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਮੁੱਖ ਮਹਿਮਾਨ ਵਜੋਂ ਜਗਦੀਪ ਸਿੰਘ ਕਾਕਾ ਬਰਾੜ ਐਮ.ਐਲ.ਏ ਸ੍ਰੀ ਮੁਕਤਸਰ ਸਾਹਿਬ ਵਜੋਂ ਸ਼ਿਰਕਤ ਕੀਤੀ ਗਈ। ਜ਼ਿਲ੍ਹੇ ਦੀਆਂ ਚਾਰੇ ਸਬ ਡਵੀਜ਼ਨਾਂ ਵਿੱਚ ਅੰਦਰ ਵੱਖ-ਵੱਖ ਖੇਡਾਂ ਜਿਵੇਂ ਕਿ ਕਬੱਡੀ, ਵਾਲੀਬਾਲ, ਹੈਂਡਬਾਲ, ਫੁੱਟਬਾਲ, ਜਿਮਨਾਸਟਿਕ, ਕ੍ਰਿਕਟ, ਕੁਸ਼ਤੀ ਦੇ ਮੁਕਾਬਲੇ ਕਰਾਏ ਗਏ ਸਨ। ਇਸ ਮੌਕੇ ਐਸ ਐਸ ਪੀ ਵੱਲੋਂ ਆਏ ਹੋਏ ਸਾਰੇ ਖਿਡਾਰੀਆਂ ਨੂੰ ਹੱਥ ਉੱਪਰ ਕਰਕੇ ਨਸ਼ੇ ਨਾ ਕਰਨ ਦੀ ਸਹੁੰ ਚੁਕਾਈ ਗਈ।

# ਪਿਤਾ ਦੀਆਂ ਅਸਤੀਆਂ ਮਿੱਟੀ 'ਚ ਦੱਬ ਕੇ ਉਸ 'ਤੇ ਪੌਦਾ ਲਗਾਇਆ



ਬਰਨਾਲਾ (ਰਾਜਿੰਦਰ ਬਰਾੜ)-ਉੱਘੇ ਸਮਾਜ ਸੇਵੀ ਤੇ ਸਰਪੰਚ ਤਰਸੇਮ ਸਿੰਘ ਧਾਲੀਵਾਲ ਨੇ ਆਪਣੇ ਛੋਟੇ ਭਰਾ ਬਲਵੰਤ ਸਿੰਘ ਨਾਲ ਮਿਲ ਕੇ ਬੀਤੇ ਦਿਨੀਂ ਅਕਾਲ ਚਲਾਣੇ ਕਰ ਗਏ ਆਪਣੇ ਪਿਤਾ ਸਵ. ਸ਼ੇਰ ਸਿੰਘ ਧਾਲੀਵਾਲ ਦੀ ਫੁੱਲਾਂ ਦੀ ਰਸਮ ਮੌਕੇ ਫੁੱਲਾਂ ਨੂੰ ਬਿਨਾਂ ਜਲ ਪ੍ਰਵਾਹ ਕੀਤਿਆਂ ਧਰਤੀ ਵਿੱਚ ਦਬਾ ਕੇ ਉਸ ਉੱਪਰ ਉਨ੍ਹਾਂ ਦੀ ਯਾਦ ਨੂੰ ਸਮਰਪਤ ਪੌਦਾ ਲਗਾ ਕੇ ਇੱਕ ਵਧੀਆ ਮਿਸਾਲ ਪੈਦਾ ਕੀਤੀ ਹੈ।ਇਸ ਸੰਬਧੀ ਜਾਣਕਾਰੀ ਦਿੰਦਿਆਂ ਸਮਾਜ ਸੇਵੀ ਜਗਤਾਰ ਰਤਨ ਨੇ ਕਿਹਾ ਕਿ ਇਸ ਤਰ੍ਹਾਂ ਫੁੱਲਾਂ ਨੂੰ ਮਿੱਟੀ ਵਿੱਚ ਦਬਾਉਣ ਨਾਲ ਪਾਣੀ ਦੂਸ਼ਿਤ ਨਹੀਂ ਹੁੰਦਾ ਤੇ ਉਸ ਤੋਂ ਚੰਗੀ ਪ੍ਰੇਰਨਾਦਾਇਕ ਗੱਲ ਹੈ ਕਿ ਆਪਣੇ ਪੁਰਖਿਆਂ ਦੀ ਯਾਦ ਵਿੱਚ ਰੁੱਖ ਲਗਾ ਕੇ ਵਾਤਾਵਰਣ ਨੂੰ ਸੋਹਣਾ ਬਣਾਉਣ ਦੇ ਯਤਨ ਕਰਨੇ।ਫੁੱਲਾਂ ਦੀ ਰਸਮ ਮੌਕੇ ਇਕੱਤਰ ਹੋਏ ਨਗਰ ਨਿਵਾਸੀਆਂ ਤੇ ਪਿੰਡ ਵਾਸੀਆਂ ਨੇ ਸਰਪੰਚ ਤਰਸੇਮ ਸਿੰਘ ਦੀ ਇਸ ਪਿਰਤ ਦੀ ਸ਼ਲਾਘਾ ਕੀਤੀ।ਇਸ ਮੌਕੇ ਮੱਖਣ ਸਿੰਘ, ਜਗਤਾਰ ਰਤਨ, ਬਲਵੰਤ ਸਿੰਘ, ਨਿਰਭੈ ਸਿੰਘ, ਪੂਰਨ ਸਿੰਘ, ਮੱਖਣ ਰਾਮ, ਸੁੱਖੀ ਸਿੰਘ, ਤੇਜਿੰਦਰ ਸਿੰਘ, ਸੁਖਮਨ ਆਦਿ ਹਾਜ਼ਰ ਸਨ।

# ਛੱਤੇਆਣਾ ਵਿਖੇ ਲੋਕ ਸੁਵਿਧਾ ਕੈਂਪ ਲਾਇਆ



ਗਿੱਦੜਬਹਾ (ਜਸਵੰਤ ਗਿੱਲ ਛੱਤਿਆਣਾ)-ਸ੍ਰ: ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਹੀ ਸਰਕਾਰੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਗਿੱਦੜਬਾਹਾ ਸਬ ਡਵੀਜ਼ਨ ਦੇ ਪਿੰਡ ਛੱਤੇਆਣਾ ਵਿਖੇ ਡਾ. ਅਜੀਤਪਾਲ ਸਿੰਘ ਐੱਸ.ਡੀ.ਐੱਮ. ਗਿੱਦੜਬਾਹਾ ਦੀ ਪ੍ਰਧਾਨਗੀ ਹੇਠ ਲੋਕ ਸੁਵਿਧਾ ਕੈਂਪ ਲਾਇਆ ਗਿਆ। ਇਸ ਮੌਕੇ ਐਸ.ਡੀ.ਐਮ. ਨੇ ਦੱਸਿਆ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਬਰੂਹਾਂ 'ਤੇ ਸਰਕਾਰੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਅਤੇ ਸ੍ਰੀ ਹਰਪ੍ਰੀਤ ਸਿੰਘ ਸੂਦਨ ਡਿਪਟੀ ਕਮਿਸ਼ਨਰ ਦੇ ਹੁਕਮਾਂ ਅਨੁਸਾਰ ਜ਼ਿਲ੍ਹੇ ਵਿੱਚ ਲੋਕ ਸੁਵਿਧਾ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 1076 ਹੈਲਪਲਾਈਨ ਵੀ ਜਾਰੀ ਕੀਤਾ ਗਿਆ ਹੈ, ਜਿਸ 'ਤੇ ਕਾਲ ਕਰਕੇ ਲੋਕ ਆਪਣੇ ਘਰ ਸਰਕਾਰੀ ਨੁਮਾਇੰਦਾ ਬੁਲਾ ਕੇ ਵੀ 43 ਪ੍ਰਕਾਰ ਦੀਆਂ ਸਵੇਵਾਂ ਲੈ ਸਕਦੇ ਹਨ। ਕੈਂਪ ਵਿੱਚ ਪਹੁੰਚੇ ਲੋੜਵੰਦ ਲਾਭਪਾਤਰੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਸਰਟੀਫਿਕੇਟ ਵੀ ਜਾਰੀ ਕੀਤੇ ਗਏ। ਇਸ ਕੈਂਪ ਵਿੱਚ ਪਹੁੰਚ ਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਸ਼ਾਨਦਾਰ ਸੇਵਾਵਾਂ ਦਿੱਤੀਆਂ ਗਈਆਂ।

# ਹਰ ਐਤਵਾਰ ਲੱਗੇਗਾ ਦਸਤਾਰ ਸਿਖਲਾਈ ਕੈਂਪ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨੌਜਵਾਨਾਂ ਨੂੰ ਬਾਣੀ ਤੇ ਬਾਣੇ ਨਾਲ ਜੋੜਨ ਦਾ ਉਪਰਾਲਾ ਕਰਦਿਆਂ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ ਵਿਖੇ ਹਰੇਕ ਐਤਵਾਰ ਦਸਤਾਰ ਸਿਖਲਾਈ ਕੈਂਪ ਲਗਾਇਆ ਜਾਵੇਗਾ। ਇਸ ਸੰਬਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕੋਚ ਸਿਮਰਦੀਪ ਸਿੰਘ ਲਾਲੀ ਨੇ ਦੱਸਿਆ ਕਿ ਉਹ ਜਿੱਥੇ ਇਤਿਹਾਸਕ ਦਿਹਾੜਿਆਂ ਖਾਸ ਕਰਕੇ ਸ਼ਹੀਦੀ ਜੋੜ ਮੇਲ ਤੇ ਵਿਸਾਖੀ ਮੇਲੇ ਸਮੇਂ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਨੌਜਵਾਨਾਂ ਨੂੰ ਮੁਫ਼ਤ ਸੋਹਣੀਆਂ ਦਸਤਾਰਾਂ ਸਜਾਉਣ ਦੀ ਸਿਖਲਾਈ ਦਿੰਦੇ ਹਨ, ਉੱਥੇ ਹੁਣ ਉਨ੍ਹਾਂ ਭਾਈ ਗਨੀ ਖਾਂ ਨਬੀ ਖਾਂ ਇੰਟਰਨੈਸ਼ਨਲ ਸੇਵਾ ਸੁਸਾਇਟੀ ਦੇ ਪ੍ਰਧਾਨ ਬਾਬਾ ਮੋਹਨ ਸਿੰਘ ਦੀ ਰਹਿਨੁਮਾਈ ਹੇਠ ਹਰ ਐਤਵਾਰ ਦਸਤਾਰ ਸਿਖਲਾਈ ਕੈਂਪ ਲਗਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਦਸਤਾਰ ਸਿੱਖ ਵਿਰਸੇ ਨਾਲ ਸਬੰਧਿਤ ਸੀਸ 'ਤੇ ਸਜਾਇਆ ਜਾਣ ਵਾਲਾ ਵਸਤਰ ਹੈ, ਜਿਸ ਨਾਲ ਸਿੱਖ ਨੌਜਵਾਨਾਂ ਦੇ ਮਾਣ ਸਨਮਾਨ ਵਿੱਚ ਵਾਧਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਦਸਤਾਰ ਨੂੰ ਸਜਾਉਣਾ ਕੋਈ ਔਖਾ ਕੰਮ ਨਹੀਂ ਸਿਰਫ਼ 5 ਤੋਂ 10 ਮਿੰਟ ਲੱਗਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਘਰ ਦੇ ਦਰਸ਼ਨ ਕਰਨ ਕੈਂਪ ਦਾ ਲਾਭ ਉਠਾਉਣ।

# ਝੋਨੇ ਤੇ ਬਾਸਮਤੀ ਦੀ ਸਿੱਧੀ ਬਿਜਾਈ 'ਤੇ ਪ੍ਰੋਤਸਾਹਨ ਰਾਸ਼ੀ ਲੈਣ ਲਈ 30 ਤੱਕ ਰਜਿਸਟ੍ਰੇਸ਼ਨ ਜ਼ਰੂਰੀ : ਮੁੱਖ ਖੇਤੀਬਾੜੀ ਅਫਸਰ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਸਰਕਾਰ ਵੱਲੋਂ ਜ਼ਮੀਨਦੋਜ ਪਾਣੀ ਨੂੰ ਬਚਾਉਣ ਲਈ ਪੰਜਾਬ ਰਾਜ ਵਿੱਚ ਝੋਨੇ ਤੇ ਬਾਸਮਤੀ ਦੀ ਸਿੱਧੀ ਬਿਜਾਈ ਦੀ ਤਕਨੀਕ ਨੂੰ ਵੱਡੇ ਪੱਧਰ 'ਤੇ ਲਾਗੂ ਕੀਤਾ ਜਾ ਰਿਹਾ ਹੈ।ਇਸ ਸਬੰਧੀ ਸਰਕਾਰ ਵੱਲੋਂ 1500/-ਰੁ: ਪ੍ਰਤੀ ਏਕੜ ਦੀ ਪ੍ਰੋਤਸਾਹਨ ਰਾਸ਼ੀ ਦੇਣ ਦੇ ਕੀਤੇ ਐਲਾਨ ਤੋਂ ਬਾਅਦ ਵੱਡੀ ਗਿਣਤੀ ਵਿੱਚ ਕਿਸਾਨ ਵੀਰ ਝੋਨੇ ਤੇ ਬਾਸਮਤੀ ਦੀ ਸਿੱਧੀ ਬਿਜਾਈ ਕਰ ਰਹੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਪੋਰਟਲ 'ਤੇ ਰਜਿਸਟਰਡ ਹੋ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਗੁਰਨਾਮ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ 28 ਜੂਨ 2024 ਤੱਕ ਅੰਦਾਜ਼ਨ 54100 ਏਕੜ ਰਕਬੇ ਵਿੱਚ ਝੋਨੇ/ਬਾਸਮਤੀ ਦੀ ਸਿੱਧੀ ਬਿਜਾਈ ਹੋ ਚੁੱਕੀ ਹੈ।ਪਿਛਲੇ ਦਿਨੀਂ ਮੁੱਖ ਖੇਤੀਬਾੜੀ ਅਫਸਰ ਗੁਰਨਾਮ ਸਿੰਘ ਤੇ ਖੇਤੀ ਮਾਹਰਾਂ ਵੱਲੋਂ ਮੁਕਤਸਰ ਦਿਹਾਤੀ ਦੇ ਕਿਸਾਨ ਬਲਜਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਦੇ ਖੇਤ ਦਾ ਦੌਰਾ ਕੀਤਾ ਗਿਆ।ਕਿਸਾਨ ਵੱਲੋਂ ਦੱਸਿਆ ਗਿਆ ਕਿ ਉਸ ਨੇ ਪਿਛਲੇ ਸਾਲ 20 ਏਕੜ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਸੀ, ਜਿਸ ਨਾਲ ਕਿਸਾਨ ਨੂੰ ਰਿਵਾਇਤੀ ਲਵਾਈ ਨਾਲੋਂ ਜ਼ਿਆਦਾ ਮੁਨਾਫਾ ਹੋਇਆ, ਜਿਸ ਤੋਂ ਪ੍ਰੇਰਿਤ ਹੋ ਕੇ ਕਿਸਾਨ ਨੇ ਇਸ ਸਾਲ 45 ਏਕੜ ਰਕਬੇ ਵਿੱਚ ਝੋਨੇ/ਬਾਸਮਤੀ ਦੀ ਸਿੱਧੀ ਬਿਜਾਈ ਕੀਤੀ ਹੈ।ਕਿਸਾਨ ਨੇ ਦੱਸਿਆ ਕਿ ਜਿੱਥੇ ਸਿੱਧੀ ਬਿਜਾਈ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਹੁੰਦੀ ਹੈ, ਉਥੇ ਸਿੱਧੀ ਬਿਜਾਈ ਕਰਨ ਨਾਲ ਫਸਲ ਉੱਪਰ ਕੀੜੇ-ਮਕੌੜੇ ਤੇ ਬਿਮਾਰੀਆਂ ਦਾ ਹਮਲਾ ਵੀ ਘੱਟ ਹੁੰਦਾ ਹੈ ਅਤੇ ਰਿਵਾਇਤੀ ਤਰੀਕੇ ਨਾਲ ਲਵਾਈ ਨਾਲੋਂ ਝਾੜ ਵਿੱਚ ਵੀ ਵਾਧਾ ਹੁੰਦਾ ਹੈ।ਇਸ ਸਮੇਂ ਮੁੱਖ ਖੇਤੀਬਾੜੀ ਅਫਸਰ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਕਿਸਾਨ ਝੋਨੇ ਤੇ ਬਾਸਮਤੀ ਦੀ ਸਿੱਧੀ ਬਿਜਾਈ ਸਬੰਧੀ ਆਪਣੇ ਵੇਰਵੇ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਲਈ ਤਿਆਰ ਕੀਤੇ ਆਨਲਾਈਨ ਪੋਰਟਲ 'ਤੇ 30 ਜੂਨ 2024 ਤੱਕ ਦਰਜ ਕਰਵਾ ਲੈਣ, ਤਾਂ ਜੋ ਉਨ੍ਹਾਂ ਨੂੰ 1500/-ਰੁ: ਪ੍ਰਤੀ ਏਕੜ ਦੀ ਪ੍ਰੋਤਸਾਹਨ ਰਾਸ਼ੀ ਪ੍ਰਾਪਤ ਕਰਨ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ।

# ਵਿਧਾਇਕਾ ਭਰਾਜ ਨੇ ਨਮਾਦਾਂ ਰਜਬਾਹੇ ਦਾ ਕੀਤਾ ਉਦਘਾਟਨ



ਸੰਗਰੂਰ/ਚੰਨੋ (ਪ੍ਰਵੀਨ ਸਿੰਘ)-ਹਲਕਾ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਸਥਾਨਕ ਪਿੰਡ ਚੰਨੋ ਵਿਖੇ ਲਗਭਗ 50 ਕਿਲੋਮੀਟਰ ਲੰਬਾਈ ਵਾਲੇ ਨਮਾਦਾਂ ਰਜਬਾਹੇ ਦੇ ਤਕਰੀਬਨ 18.11 ਕਰੋੜ ਰੁਪਏ ਦੀ ਲਾਗਤ ਨਾਲ ਹੋਏ ਨਵੀਨੀਕਰਨ ਦੇ ਕੰਮ ਤੋਂ ਬਾਅਦ ਪਾਣੀ ਛੱਡੇ ਜਾਣ ਦਾ ਉਦਘਾਟਨ ਕੀਤਾ। ਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਪੱਖ ਤੋਂ ਕਿਸਾਨਾਂ ਦੇ ਨਾਲ ਡੱਟ ਕੇ ਖੜੀ ਹੈ ਅਤੇ ਕਿਸਾਨਾਂ ਦੀ ਖੇਤੀਬਾੜੀ ਲਈ ਨਹਿਰੀ ਪਾਣੀ ਦੀ ਪਹਿਲੀ ਮੰਗ ਨੂੰ ਪੂਰੀ ਤਰਜੀਹ ਦਿੱਤੀ ਜਾ ਰਹੀ ਹੈ। ਵਿਧਾਇਕ ਭਰਾਜ ਨੇ ਦੱਸਿਆ ਕਿ ਅੱਜ ਲੋਕਾਂ ਨੂੰ ਸਮਰਪਤ ਕੀਤਾ ਗਿਆ ਨਹਿਰੀ ਪਾਣੀ ਦਾ ਇਹ ਬਹੁਤ ਵੱਡਾ ਪ੍ਰੋਜੈਕਟ ਹੈ, ਜਿਸ ਨਾਲ ਭਵਾਨੀਗੜ੍ਹ ਇਲਾਕੇ ਦੇ 20-22 ਪਿੰਡਾਂ ਦੇ ਨਾਲ-ਨਾਲ ਨਾਭਾ, ਸਮਾਨਾ ਤੇ ਦਿੜ੍ਹਬਾ ਦੇ ਲਗਭਗ 40 ਪਿੰਡਾਂ ਦੇ ਖੇਤਾਂ ਨੂੰ ਸਮੇਂ ਸਿਰ ਨਹਿਰੀ ਪਾਣੀ ਮਿਲੇਗਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਮਕਸਦ ਹੈ ਕਿ ਵੱਧ ਤੋਂ ਵੱਧ ਰਕਬੇ ਨੂੰ ਨਹਿਰੀ ਪਾਣੀ ਨਾਲ ਸਿੰਜਿਆ ਜਾਵੇ ਤਾਂ ਜੋ ਧਰਤੀ ਹੇਠਲਾ ਪਾਣੀ ਤੇ ਬਿਜਲੀ ਨੂੰ ਵੱਡੇ ਪੱਧਰ 'ਤੇ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ, ਖੇਤੀਬਾੜੀ ਲਈ ਬੋਰਾਂ ਰਾਹੀਂ ਕੱਢੇ ਜਾਣ ਵਾਲੇ ਧਰਤੀ ਹੇਠਲੇ ਪਾਣੀ ਤੋਂ ਬਹੁਤ ਵਧੀਆ ਹੁੰਦਾ ਹੈ ਅਤੇ ਇਸ ਦੀ ਵਰਤੋਂ ਨਾਲ ਬਹੁਤੀਆਂ ਫ਼ਸਲਾਂ ਦਾ ਝਾੜ ਵੀ ਵਧਦਾ ਹੈ।

ਵਿਧਾਇਕ ਨੇ ਕਿਹਾ ਕਿ ਇਸ ਦੇ ਨਾਲ ਹੀ ਮਾਨ ਸਰਕਾਰ ਲੋਕਾਂ ਦੇ ਮਸਲੇ ਤੇ ਉਨ੍ਹਾਂ ਦੀਆਂ ਮੰਗਾਂ ਲੋਕਾਂ ਵਿੱਚ ਪਹੁੰਚ ਕੇ ਹੱਲ ਕਰਨ ਲਈ ਵਚਨਬੱਧ ਹੈ ਅਤੇ ਇਸੇ ਕਵਾਇਦ ਤਹਿਤ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਸਰਕਾਰ ਤੁਹਾਡੇ ਦੁਆਰ ਤਹਿਤ ਪਿੰਡ-ਪਿੰਡ ਜਾ ਸਕੇ ਸੁਵਿਧਾ ਕੈਂਪ ਲਗਾਏ ਜਾਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਹਿਰੀ ਪਾਣੀ ਹਰ ਖੇਤ ਤੱਕ ਪਹੁੰਚਾਉਣ ਦੇ ਨਾਲ-ਨਾਲ ਹੋਰ ਵੀ ਮਸਲੇ ਪਿੰਡਾਂ ਵਿੱਚ ਪਹੁੰਚ ਕੇ ਹੀ ਹੱਲ ਕੀਤੇ ਜਾਣਗੇ। ਇਸ ਮੌਕੇ ਉਪ ਮੰਡਲ ਮੈਜਿਸਟਰੇਟ ਭਵਾਨੀਗੜ੍ਹ ਵਿਨੀਤ ਕੁਮਾਰ, ਪਾਰਟੀ ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਰਹੇ।

# ਨਰਾਜ਼ ਗਰੁੱਪ ਪੰਥਕ ਹਿੱਤਾਂ ਲਈ ਪਾਰਟੀ ਦੁਬਿਧਾ ਨੂੰ ਖਤਮ ਕਰਨ ਲਈ ਅੱਗੇ ਆਉਣ : ਹਨੀ ਫੱਤਣਵਾਲਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਨੂੰ ਲੈ ਕੇ ਅਕਾਲੀ ਦਲ ਵਿੱਚ ਸਪੱਸ਼ਟ ਤੌਰ 'ਤੇ ਦੋ ਧੜੇ ਬਣ ਚੁੱਕੇ ਹਨ ਅਤੇ ਦੋਨੋਂ ਧਿਰਾਂ ਆਪਣੇ ਆਪਣੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਰਣਨੀਤੀਆਂ 'ਤੇ ਚੱਲ ਰਹੀਆਂ ਹਨ।ਹੁਣ ਇਹ ਆਪਸੀ ਖਿੱਚੋਤਾਣ ਦਾ ਅਸਰ ਸਥਾਨਕ ਪੱਧਰ 'ਤੇ ਵੀ ਦਿਖਾਈ ਦੇਣ ਲੱਗ ਪਿਆ ਹੈ।ਵਿਧਾਨ ਸਭਾ ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਸਥਾਨਕ ਆਗੂਆਂ ਤੇ ਨਾਮਵਰ ਵਰਕਰਾਂ ਵੱਲੋਂ ਅਕਾਲੀ ਦਲ ਦੀ ਅੰਦਰੂਨੀ ਖਿੱਚੋਤਾਣ ਨੂੰ ਲੈ ਕੇ ਜਗਜੀਤ ਸਿੰਘ ਹਨੀ ਫੱਤਣਵਾਲਾ ਦੇ ਗ੍ਰਹਿ ਵਿਖੇ ਪ੍ਰੈੱਸ ਮਿਲਣੀ ਦੇ ਨਾਮ ਹੇਠਾਂ ਪਾਰਟੀ ਵਰਕਰਾਂ ਦੀ ਵਿਸ਼ੇਸ਼ ਇਕੱਤਰਤਾ ਕੀਤੀ ਗਈ।ਇਸ ਮੌਕੇ ਸਥਾਨਕ ਅਕਾਲੀ ਆਗੂ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਣਥਕ, ਮਿਹਨਤੀ ਤੇ ਨਿਮਰ ਸੁਭਾਅ ਦੇ ਵਿਅਕਤੀ ਹਨ, ਜੋ ਪ੍ਰਕਾਸ਼ ਸਿੰਘ ਬਾਦਲ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਅਕਾਲੀ ਦਲ ਦੀ ਮਜ਼ਬੂਤੀ ਲਈ ਦਿਨ-ਰਾਤ ਇੱਕ ਕਰ ਰਹੇ ਹਨ।ਸੁਖਬੀਰ ਬਾਦਲ ਨੇ ਪਿਛਲੇ ਸਮੇਂ ਦੌਰਾਨ ਪੰਜਾਬ ਬਚਾਓ ਯਾਤਰਾ ਕਰਦਿਆਂ ਨਾ ਧੁੱਪ ਵੇਖੀ, ਨਾ ਛਾਂ ਵੇਖੀ, ਸਿਰਫ ਪਾਰਟੀ ਦੀ ਮਜ਼ਬੂਤੀ ਤੇ ਚੜ੍ਹਦੀ ਕਲਾ ਲਈ ਲਗਾਤਾਰ ਸਖਤ ਮਿਹਨਤ ਕੀਤੀ।ਭਾਰਤੀ ਜਨਤਾ ਪਾਰਟੀ ਦੀਆਂ ਪੰਜਾਬ ਤੇ ਪੰਥ ਮਾਰੂ ਨੀਤੀਆਂ ਕਾਰਨ ਉਸ ਨਾਲ ਕੋਈ ਸਮਝੌਤਾ ਨਹੀਂ ਕੀਤਾ ਗਿਆ, ਕਿਉਂਕਿ ਬੀਜੇਪੀ ਲੀਡਰਸ਼ਿਪ ਬੰਦੀ ਸਿੰਘਾਂ ਦੀ ਰਿਹਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ 'ਤੇ ਨੈਸ਼ਨਲ ਸਕਿਓਰਿਟੀ ਐਕਟ ਵਾਪਸ ਲੈਣ ਸਮੇਤ ਪੰਜਾਬ ਅਤੇ ਕਿਸਾਨੀ ਮੰਗਾਂ ਨੂੰ ਮੰਨਣ ਲਈ ਤਿਆਰ ਨਹੀਂ ਸੀ।ਹਨੀ ਫੱਤਣਵਾਲਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਸੁਖਬੀਰ ਸਿੰਘ ਉਪਰ ਪ੍ਰਧਾਨਗੀ ਛੱਡਣ ਲਈ ਦਬਾਅ ਪਾਉਣ ਵਾਲੇ ਅਕਾਲੀ ਆਗੂ ਪਾਰਟੀ ਦੇ ਪਲੇਟਫਾਰਮ ਤੋਂ ਬਾਹਰ ਜਾ ਕੇ ਸੁਖਬੀਰ ਸਿੰਘ ਬਾਦਲ 'ਤੇ ਟਿੱਪਣੀਆਂ ਕਰਨ ਲੱਗ ਪਏ ਹਨ।ਉਨ੍ਹਾਂ ਸਮੂਹ ਆਗੂਆਂ ਨੂੰ ਬੇਨਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਤੇ ਪੰਜਾਬ ਦੇ ਲੋਕਾਂ ਨੂੰ ਬਹੁਤ ਜ਼ਰੂਰਤ ਹੈ, ਸੁਖਬੀਰ ਸਿੰਘ ਬਾਦਲ ਤੋਂ ਬਿਨਾਂ ਅਕਾਲੀ ਦਲ ਦੀ ਪ੍ਰਧਾਨਗੀ ਦਾ ਅਹੁਦਾ ਕੋਈ ਹੋਰ ਨਹੀਂ ਸੰਭਾਲ ਸਕਦਾ। ਜਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਵਿੱਚ ਗਲਤੀ ਹੀ ਕੋਈ ਨਹੀਂ ਹੈ ਤਾਂ ਫਿਰ ਕਿੰਤੂ ਪ੍ਰੰਤੂ ਕਿਉਂ ? ਬਾਦਲ ਪਰਿਵਾਰ ਨੇ ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਪੰਜਾਬ ਦੇ ਲੋਕਾਂ ਨਾਲ ਖੜੇ ਹੋਣ ਦਾ ਰਾਹ ਚੁਣਿਆ ਹੈ।ਭਾਰਤੀ ਜਨਤਾ ਪਾਰਟੀ ਸਾਡੇ ਗੁਰਧਾਮਾਂ 'ਤੇ ਕਬਜ਼ੇ ਕਰਨ ਦੇ ਨਾਲ ਨਾਲ ਸਾਡੇ ਧਾਰਮਿਕ ਮਾਮਲਿਆਂ ਵਿੱਚ ਵੀ ਦਖਲ ਅੰਦਾਜ਼ੀ ਕਰ ਰਹੀ ਹੈ।ਇਸ ਲਈ ਪੰਜਾਬ ਦੇ ਮਸਲੇ ਹੱਲ ਹੋਣ ਤੱਕ ਬੀਜੇਪੀ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।ਉਨ੍ਹਾਂ ਅਕਾਲੀ ਦਲ ਤੋਂ ਵੱਖਰੇ ਹੋਏ ਗਰੁੱਪ ਨੂੰ ਪੁਰ ਜ਼ੋਰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਾਉਣ ਤੇ ਪੰਥਕ ਹਿੱਤਾਂ ਲਈ ਪਾਰਟੀ ਦੇ ਫਾਰਮ 'ਤੇ ਬੈਠ ਕੇ ਦੁਬਿਧਾ ਨੂੰ ਖਤਮ ਕਰਨ ਲਈ ਅੱਗੇ ਆਉਣ।ਪਿਛਲੇ ਸਮੇਂ ਦੌਰਾਨ ਜੇਕਰ ਸਾਡੇ ਕੋਲੋਂ ਕੋਈ ਗਲਤੀਆਂ ਹੋਈਆਂ ਹਨ ਤਾਂ ਉਸ ਲਈ ਹੱਥ ਜੋੜ ਕੇ ਮਾਫੀ ਮੰਗਦੇ ਹਾਂ।ਇਸ ਇਕੱਤਰਤਾ ਦੌਰਾਨ ਹਾਜ਼ਰ ਸਮੂਹ ਅਕਾਲੀ ਦਲ ਦੇ ਸਥਾਨਕ ਆਗੂਆਂ ਤੇ ਵਰਕਰਾਂ ਨੇ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਕੈਦ ਬੰਦੀ ਸਿੰਘਾਂ ਤੇ ਭਾਈ ਅੰਮ੍ਰਿਤਪਾਲ ਸਿੰਘ ਸਮੇਤ ਉਨ੍ਹਾਂ ਦੇ ਸਾਰੇ ਸਾਥੀਆਂ ਦੀ ਤੁਰੰਤ ਰਿਹਾਈ ਦੀ ਮੰਗ ਵੀ ਕੀਤੀ।ਇਸ ਮੌਕੇ ਗੁਰਦੀਪ ਸਿੰਘ ਮੜ੍ਹਮੱਲੂ ਸਾਬਕਾ ਚੇਅਰਮੈਨ, ਹਰਪਾਲ ਸਿੰਘ ਬੇਦੀ ਸਾਬਕਾ ਪ੍ਰਧਾਨ ਨਗਰ ਕੌਂਸਲ, ਜੈ ਰਾਜ ਸਿੰਘ ਬਰਾੜ ਵਾਇਸ ਪ੍ਰਧਾਨ ਯੂਥ ਅਕਾਲੀ ਦਲ, ਅੰਮ੍ਰਿਤਪਾਲ ਸਿੰਘ ਪਾਲੀਲਾਟ ਜੰਡੋਕੇ, ਅਮਰਜੀਤ ਸਿੰਘ ਖੋਖਰ ਸਾਬਕਾ ਡਾਇਰੈਕਟਰ, ਮੇਜ਼ਰ ਸਿੰਘ ਬਲਾਕ ਪ੍ਰਧਾਨ, ਗੁਰਸੇਵਕ ਸਿੰਘ ਬਲਾਕ ਪ੍ਰਧਾਨ, ਬੋਹੜ ਸਿੰਘ ਬਲਾਕ ਪ੍ਰਧਾਨ, ਜਸਪਾਲ ਸਿੰਘ, ਹਰਜੀਤ ਸਿੰਘ ਵਧਾਈ, ਗੁਰਚਰਨ ਸਿੰਘ, ਡੀਸੀ ਕੋਟਲੀ ਸੰਘਰ, ਕੁਲਦੀਪ ਸਿੰਘ, ਬੋਹੜ ਸਿੰਘ ਹਰਾਜ਼, ਬਿਧੀਚੰਦ ਸਿੰਘ, ਰੂਬੀ ਬਰਾੜ, ਸ਼ਮਿੰਦਰ ਸਿੰਘ, ਇਕਬਾਲ ਸਿੰਘ, ਡਾ. ਬੇਅੰਤ ਸਿੰਘ, ਰੇਸ਼ਮ ਸਿੰਘ, ਸਮਸ਼ੇਰ ਸਿੰਘ, ਮੁਕੇਸ਼ ਕੁਮਾਰ, ਵਿੱਕੀ ਲੰਬੀ ਢਾਬ, ਜਗਸੀਰ ਸਿੰਘ ਨੰਬਰਦਾਰ, ਜਗਜੀਤ ਸਿੰਘ ਕ੍ਰਿਪਾਲਕੇ, ਅੰਗਰੇਜ਼ ਸਿੰਘ ਬੂੜਾ ਗੁੱਜਰ ਤੋਂ ਇਲਾਵਾ ਵੱਡੀ ਗਿਣਤੀ 'ਚ ਅਕਾਲੀ ਵਰਕਰ ਮੌਜੂਦ ਸਨ।

# ਜੇ ਸੀ ਬੀ ਵੱਲੋਂ ਫੇਟ ਮਾਰਨ ਕਾਰਨ ਫੈਕਟਰੀ ਕਰਮਚਾਰੀ ਦੀ ਮੌਤ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ-ਕੁਹਾੜਾ ਰੋਡ 'ਤੇ ਕੱਲ੍ਹ ਵਾਪਰੇ ਦਰਦਨਾਕ ਸੜਕ ਹਾਦਸੇ ਵਿੱਚ ਇੱਕ ਜੇ.ਸੀ.ਬੀ. ਚਾਲਕ ਵੱਲੋਂ ਸੜਕ ਪਾਰ ਕਰ ਰਹੇ ਗੁਰਦੀਪ ਸਿੰਘ (42) ਵਾਸੀ ਸਾਹਨੇਵਾਲ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕੂੰਮਕਲਾਂ ਪੁਲਸ ਨੂੰ ਬਿਆਨ ਦਰਜ ਕਰਵਾਉਂਦਿਆਂ ਹਰਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਗੁਰਦੀਪ ਸਿੰਘ ਨੈਕਸੋ ਫੈਕਟਰੀ ਵਿੱਚ ਕੰਮ ਕਰਦਾ ਹੈ, ਜਿਸ ਨੂੰ ਘਰੇਲੂ ਕੰਮ ਸਬੰਧੀ ਮਿਲਣ ਲਈ ਉਹ ਫੈਕਟਰੀ ਗਿਆ ਸੀ। ਹਰਵਿੰਦਰ ਸਿੰਘ ਨੇ ਗੁਰਦੀਪ ਸਿੰਘ ਨੂੰ ਫੈਕਟਰੀ ਦੇ ਬਾਹਰ ਹੀ ਬੁਲਾ ਲਿਆ ਤੇ ਜਦੋਂ ਉਹ ਮਿਲ ਕੇ ਵਾਪਸ ਫੈਕਟਰੀ ਜਾਣ ਲਈ ਸੜਕ ਪਾਰ ਕਰ ਰਿਹਾ ਸੀ ਤਾਂ ਪਿੱਛੋਂ ਆ ਰਹੀ ਤੇਜ਼ ਰਫ਼ਤਾਰ ਜੇ.ਸੀ.ਬੀ. ਦੇ ਚਾਲਕ ਨੇ ਲਾਪ੍ਰਵਾਹੀ ਨਾਲ ਚਲਾਉਂਦਿਆਂ ਮੇਰੇ ਭਰਾ ਗੁਰਦੀਪ ਸਿੰਘ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਉਸ ਦੇ ਕਾਫ਼ੀ ਸੱਟਾਂ ਲੱਗੀਆਂ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਕਤ ਚਾਲਕ ਮੌਕੇ ਤੋਂ ਜੇ.ਸੀ.ਬੀ. ਲੈ ਕੇ ਫ਼ਰਾਰ ਹੋ ਗਿਆ। ਮ੍ਰਿਤਕ ਆਪਣੇ ਪਿੱਛੇ ਪਤਨੀ ਤੋਂ ਇਲਾਵਾ 2 ਬੱਚੇ ਛੱਡ ਗਿਆ ਹੈ। ਥਾਣਾ ਕੂੰਮਕਲਾਂ ਦੇ ਮੁਖੀ ਕੁਲਵੀਰ ਸਿੰਘ ਨੇ ਕਿਹਾ ਕਿ ਪੁਲਸ ਵੱਲੋਂ ਅਣਪਛਾਤੇ ਜੇ.ਸੀ.ਬੀ. ਚਾਲਕ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਸੀਸੀਟੀਵੀ ਫੁਟੇਜ ਦੇ ਅਧਾਰ 'ਤੇ ਕਥਿਤ ਦੋਸ਼ੀ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 185ਵੀਂ ਬਰਸੀ ਅੱਜ



ਬਟਾਲਾ (ਤਰਲੋਕ ਬੱਗਾ)-ਵਿਰਾਸਤੀ ਮੰਚ ਬਟਾਲਾ (ਰਜਿ:) ਵੱਲੋਂ 29 ਜੂਨ ਨੂੰ ਸ਼ਾਹੀ ਬਾਰਾਂਦਰੀ, ਦੀਨਾਨਗਰ ਵਿਖੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 185ਵੀਂ ਬਰਸੀ ਪੂਰੀ ਸ਼ਰਧਾ-ਭਾਵਨਾ ਨਾਲ ਮਨਾਈ ਜਾਵੇਗੀ। ਬਰਸੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਵਿਰਾਸਤੀ ਮੰਚ ਬਟਾਲਾ ਦੇ ਸਰਪਰਸਤ ਐਡਵੋਕੇਟ ਐੱਚ. ਐੱਸ. ਮਾਂਗਟ ਅਤੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ ਦੀ ਅਗਵਾਈ ਹੇਠ ਮੰਚ ਦੇ ਅਹੁਦੇਦਾਰਾਂ ਦੀ ਇੱਕ ਅਹਿਮ ਮੀਟਿੰਗ ਬਟਾਲਾ ਵਿਖੇ ਹੋਈ। ਵਿਰਾਸਤੀ ਮੰਚ, ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਵਿਰਾਸਤੀ ਮੰਚ ਬਟਾਲਾ ਵੱਲੋਂ ਦੀਨਾਨਗਰ ਵਿਖੇ ਕਰਵਾਏ ਜਾਣ ਵਾਲੇ ਮਹਾਰਾਜਾ ਰਣਜੀਤ ਸਿੰਘ ਦੇ ਬਰਸੀ ਸਮਾਗਮ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਦੀਨਾਨਗਰ ਸਥਿਤ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਬਾਰਾਂਦਰੀ ਵਿਖੇ ਬਰਸੀ ਸਮਾਗਮ 29 ਜੂਨ ਨੂੰ ਸਵੇਰੇ 10:00 ਵਜੇ ਸ਼ੁਰੂ ਹੋਵੇਗਾ ਜੋ ਦੁਪਹਿਰ 1:00 ਵਜੇ ਤੱਕ ਚੱਲੇਗਾ।ਉਨ੍ਹਾਂ ਦੱਸਿਆ ਕਿ ਬਰਸੀ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਢਾਡੀ ਜਥੇ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਪ੍ਰਸੰਗ ਨੂੰ ਪੇਸ਼ ਕਰਨ ਦੇ ਨਾਲ ਵੱਖ-ਵੱਖ ਵਿਦਵਾਨਾਂ ਵੱਲੋਂ ਸ਼ੇਰ-ਏ-ਪੰਜਾਬ ਦੇ ਜੀਵਨ ਉਪਰ ਰੌਸ਼ਨੀ ਪਾਈ ਜਾਵੇਗੀ।ਪ੍ਰਧਾਨ ਬਲਦੇਵ ਸਿੰਘ ਰੰਧਾਵਾ ਨੇ ਵਿਰਾਸਤੀ ਮੰਚ ਵੱਲੋਂ ਸੰਗਤਾਂ ਨੂੰ ਸੱਦਾ ਦਿੱਤਾ ਹੈ ਕਿ ਉਹ 29 ਜੂਨ ਨੂੰ ਸਵੇਰੇ 10:00 ਵਜੇ ਦੀਨਾਨਗਰ ਦੀ ਸ਼ਾਹੀ ਬਾਰਾਂਦਰੀ ਵਿਖੇ ਪਹੁੰਚ ਕੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ।ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਡੀ. ਪੀ. ਆਰ. ਓ. ਇੰਦਜੀਤ ਸਿੰਘ ਹਰਪੁਰਾ, ਠੇਕੇਦਾਰ ਕੁਲਜਿੰਦਰ ਸਿੰਘ ਲਾਡੀ, ਪ੍ਰੋ. ਜਸਬੀਰ ਸਿੰਘ, ਆਰਕੀਟੈਕਟ ਅਸ਼ੋਕ ਕੁਮਾਰ, ਕਿਸਾਨ ਆਗੂ ਸ਼ੇਰੇ ਪੰਜਾਬ ਸਿੰਘ, ਡਾ. ਰਵਿੰਦਰ ਸਿੰਘ, ਸੁਖਦੇਵ ਸਿੰਘ ਫੈਜ਼ਪੁਰਾ, ਅਨੁਰਾਗ ਮਹਿਤਾ, ਵਿਕਾਸ ਮਹਿਤਾ ਵੀ ਹਾਜ਼ਰ ਸਨ।

# ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਡੀ ਸੀ ਦਫ਼ਤਰ ਅੱਗੇ ਧਰਨਾ 9 ਨੂੰ



ਫਿਰੋਜ਼ਪੁਰ (ਅਸ਼ੋਕ ਸ਼ਰਮਾ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਕੋਰ ਕਮੇਟੀ ਮੈਂਬਰਾਂ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਆਗੂ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਦੱਸਿਆ ਕਿ ਕਿਸਾਨ ਆਗੂਆਂ ਨੇ ਫ਼ੈਸਲਾ ਕੀਤਾ ਕਿ 9 ਜੁਲਾਈ ਨੂੰ ਡੀ ਸੀ ਫਿਰੋਜ਼ਪੁਰ ਦਫ਼ਤਰ ਅੱਗੇ ਸਾਰੇ ਜ਼ਿਲ੍ਹੇ ਦੇ ਕਿਸਾਨਾਂ ਮਜ਼ਦੂਰਾਂ ਦੀਆਂ ਸਬੰਧਤ ਮੰਗਾਂ, ਜੋ ਸਿਵਲ ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਨਾਲ ਸੰਬੰਧਤ ਹਨ ਤੇ ਪਿਛਲੇ ਸਮੇਂ ਤੋਂ ਲਟਕ ਰਹੀਆਂ ਹਨ, ਨੂੰ ਹੱਲ ਨਾ ਕਰਨ ਦੇ ਰੋਸ ਵਜੋਂ ਧਰਨਾ ਦਿੱਤਾ ਜਾਵੇਗਾ, ਜੋ ਮੰਗਾਂ ਦੇ ਹੱਲ ਤੱਕ ਜਾਰੀ ਰਹੇਗਾ, ਕਿਉਂਕਿ ਸਾਰੇ ਸਰਕਾਰੀ ਤੇ ਗੈਰ-ਸਰਕਾਰੀ ਦਫ਼ਤਰਾਂ ਵਿੱਚ ਭ੍ਰਿਸ਼ਟਾਚਾਰ ਦਾ ਸਿਖਰਾਂ 'ਤੇ ਹੈ, ਆਮ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੈ ਤੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ।ਕਿਸਾਨ ਆਗੂਆਂ ਨੇ ਕਿਹਾ ਕਿ 30 ਜੂਨ ਨੂੰ ਮੱਖੂ, ਮੱਲਾਂਵਾਲਾ, ਆਰਿਫ਼ ਕੇ, ਜ਼ੀਰਾ, ਬਾਬਾ ਗਾਂਧਾ ਸਿੰਘ, ਤਲਵੰਡੀ ਭਾਈ ਜੋਨਾਂ ਦੀਆਂ ਕੋਰ ਕਮੇਟੀ ਮੀਟਿੰਗਾਂ ਤੇ 2 ਜੁਲਾਈ ਨੂੰ ਫਿਰੋਜ਼ਪੁਰ, ਬਾਬਾ ਰਾਮ ਲਾਲ, ਸ਼ਹੀਦ ਭਗਤ ਸਿੰਘ, ਗੁਰੂ ਹਰਸਹਾਏ, ਮਮਦੋਟ ਤੇ ਝੋਕ ਟਹਿਲ ਸਿੰਘ ਜ਼ੋਨਾਂ ਦੀਆਂ ਕੋਰ ਕਮੇਟੀਆਂ ਦੀਆਂ ਮੀਟਿੰਗਾਂ ਕਰਕੇ ਲੱਗਣ ਵਾਲੇ ਡੀ ਸੀ ਦਫ਼ਤਰ ਧਰਨੇ ਵਿੱਚ ਵੱਡੀ ਗਿਣਤੀ ਲੈ ਕੇ ਪਹੁੰਚਣ ਲਈ ਕਿਸਾਨਾਂ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾਵੇਗਾ।8 ਜੁਲਾਈ ਨੂੰ ਫਿਰੋਜ਼ਪੁਰ ਤੋਂ ਚੁਣੇ ਐੱਮ ਪੀ ਸ਼ੇਰ ਸਿੰਘ ਘੁਬਾਇਆ ਨੂੰ ਕਿਸਾਨੀ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ ਦੇ ਨਾਮ ਮੰਗ ਪੱਤਰ ਦਿੱਤਾ ਜਾਵੇਗਾ, ਚੱਲ ਰਹੇ ਬਾਰਡਰਾਂ 'ਤੇ ਧਰਨੇ ਆਪਣੀਆਂ ਹੱਕੀ ਮੰਗਾਂ ਨੂੰ ਹੱਲ ਕਰਵਾਉਣ ਤੱਕ ਨਿਰੰਤਰ ਜਾਰੀ ਰਹਿਣਗੇ ਤੇ ਆਪਣੀ ਵਾਰੀ ਆਉਣ 'ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਕਿਸਾਨ ਮਜ਼ਦੂਰ ਹਜ਼ਾਰਾਂ ਦੀ ਗਿਣਤੀ ਲੈ ਕੇ ਸ਼ੰਭੂ ਮੋਰਚੇ 'ਤੇ ਪਹੁੰਚਣਗੇ।ਡੀ ਸੀ ਦਫ਼ਤਰ ਫਿਰੋਜ਼ਪੁਰ ਅੱਗੇ ਲੱਗਣ ਵਾਲੇ ਧਰਨੇ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਗੁਰਮੇਲ ਸਿੰਘ ਫੱਤੇਵਾਲਾ, ਧਰਮ ਸਿੰਘ ਸਿੱਧੂ, ਰਣਜੀਤ ਸਿੰਘ ਖੱਚਰਵਾਲਾ ਅਮਨਦੀਪ ਸਿੰਘ ਕੱਚਰਭੰਨ, ਹਰਫੂਲ ਸਿੰਘ ਦੂਲੇ ਵਾਲਾ ਆਦਿ ਆਗੂ ਹਾਜ਼ਰ ਸਨ।

# ਬੰਸੁਰੀ ਸਵਰਾਜ ਵੱਲੋਂ ਭਾਰਤੀ ਭਾਸ਼ਾ 'ਚ ਸਹੁੰ ਚੁੱਕਣ ਦੀ ਪ੍ਰਸ਼ੰਸਾ



ਭੈਣੀ ਸਾਹਿਬ : ਭਾਜਪਾ ਦੇ ਸੰਸਦ ਮੈਂਬਰ ਬੰਸੁਰੀ ਸਵਰਾਜ ਵੱਲੋਂ ਆਪਣੀ ਮਾਂ ਸੁਸ਼ਮਾ ਸਵਰਾਜ ਵਾਂਗ ਲੋਕ ਸਭਾ ਵਿੱਚ ਭਾਰਤੀ ਭਾਸ਼ਾ ਸੰਸਕ੍ਰਿਤ ਵਿੱਚ ਸਹੁੰ ਚੁੱਕਣ ਦੀ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਸ਼ਲਾਘਾ ਕਰਦਿਆਂ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਨਾਮਧਾਰੀ ਸਿੱਖਾਂ ਵੱਲੋਂ ਵੀ ਭਾਰਤੀ ਜਨਤਾ ਪਾਰਟੀ ਨੂੰ ਅਜਿਹੀ ਦਲੇਰ ਮਹਿਲਾ ਸੰਸਦ ਮੈਂਬਰ ਹੋਣ ਲਈ ਵਧਾਈ ਦਿੰਦੇ ਹਾਂ।ਉਨ੍ਹਾਂ ਕਿਹਾ ਕਿ ਅਜਿਹੇ ਨੇਕ ਕੰਮ ਕਰਕੇ ਬੰਸੁਰੀ ਸਵਰਾਜ ਨੇ ਭਾਰਤੀ ਭਾਸ਼ਾਵਾਂ ਦਾ ਸਤਿਕਾਰ ਵਧਾਇਆ ਹੈ।ਸਾਰੇ ਭਾਰਤੀਆਂ ਵਿੱਚ ਸਵੈ-ਮਾਣ ਦੀ ਭਾਵਨਾ ਪੈਦਾ ਕੀਤੀ ਹੈ। ਉਨ੍ਹਾਂ ਹੋਰ ਸਾਂਸਦਾਂ ਨੂੰ ਅਪੀਲ ਵੀ ਕੀਤੀ ਕਿ ਉਹ ਵੀ ਬਾਂਸੁਰੀ ਸਵਰਾਜ ਤੋਂ ਪ੍ਰੇਰਣਾ ਲੈਣ ਤੇ ਅੰਗਰੇਜ਼ੀ ਛੱਡ ਦੇਣ।ਸਾਨੂੰ ਆਪਣੀਆਂ-ਆਪਣੀਆਂ ਭਾਰਤੀ ਭਾਸ਼ਾਵਾਂ ਵਿੱਚ ਸਹੁੰ ਚੁੱਕਣੀ ਚਾਹੀਦੀ ਹੈ, ਜਿਸ ਨਾਲ ਭਾਰਤੀ ਭਾਸ਼ਾਵਾਂ, ਜਿਨ੍ਹਾਂ ਦੇ ਨਾਂਅ ਵੀ ਕਿਸੇ ਨੂੰ ਨਹੀਂ ਪਤਾ, ਉਨ੍ਹਾਂ ਨੂੰ ਵੀ ਸੁਰਜੀਤ ਕੀਤਾ ਜਾ ਸਕਦਾ ਹੈ।

## ...ਸ.ਫਾ 1 ਦੇ ਬਾਕੀ

### ਆਪੋਜ਼ੀਸ਼ਨ ਪੇਪਰ ਲੀਕ...

ਦੀਪੇਂਦਰ ਹੁੱਡਾ ਨੇ ਦੋਸ਼ ਲਾਇਆ ਕਿ ਚਰਚਾ ਦੀ ਮੰਗ ਦੌਰਾਨ ਰਾਹੁਲ ਦਾ ਮਾਈਕ ਬੰਦ ਕਰ ਦਿੱਤਾ ਗਿਆ। ਵਿਰੋਧੀ ਧਿਰ ਦੇ ਨੇਤਾ ਦਾ ਮਾਈਕ ਬੰਦ ਕਰਨਾ ਸ਼ਰਮਨਾਕ ਹੈ। ਸਰਕਾਰ ਨੂੰ ਵਿਦਿਆਰਥੀਆਂ ਦੇ ਭਵਿੱਖ ਦੀ ਕੋਈ ਚਿੰਤਾ ਨਹੀਂ ਹੈ। ਰਾਹੁਲ ਨੂੰ ਇਕ ਮਿੰਟ ਵੀ ਬੋਲਣ ਨਹੀਂ ਦਿੱਤਾ ਗਿਆ। ਰਾਹੁਲ ਗਾਂਧੀ ਨੇ ਜਦੋਂ ਸਪੀਕਰ ਨੂੰ ਮਾਈਕ ਬੰਦ ਹੋਣ ਦੀ ਸ਼ਿਕਾਇਤ ਕੀਤੀ ਤਾਂ ਸਪੀਕਰ ਨੇ ਕਿਹਾ ਕਿ ਮਾਈਕ ਉਹ ਬੰਦ ਨਹੀਂ ਕਰਦੇ। ਦਰਅਸਲ ਸਪੀਕਰ ਦੇ ਕੋਲ ਬੈਠੇ ਇੰਜੀਨੀਅਰ ਬੋਲਣ ਦਾ ਮਿਲਿਆ ਸਮਾਂ ਖਤਮ ਹੋਣ 'ਤੇ ਖੁਦ ਹੀ ਮਾਈਕ ਆਫ ਕਰ ਦਿੰਦੇ ਹਨ।

### ਚੇਅਰਮੈਨ ਤੇ ਖੜਗੇ ...

ਤਾਂ ਹੰਗਾਮੇ ਦੌਰਾਨ ਧਨਖੜ ਨੇ ਖੜਗੇ ਨੂੰ ਚਿਤਾਵਨੀ ਦਿੱਤੀ ਅਤੇ ਸ਼ਾਂਤ ਹੋਣ ਲਈ ਕਿਹਾ। ਭਾਜਪਾ ਦੇ ਸੰਸਦ ਮੈਂਬਰ ਸੁਧਾਂਸ਼ੂ ਨੇ ਮਤੇ 'ਤੇ ਚਰਚਾ ਸ਼ੁਰੂ ਹੀ ਕੀਤੀ ਸੀ ਕਿ ਵਿਰੋਧੀ ਮੈਂਬਰਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਮੈਂਬਰ ਵੈੱਲ (ਚੇਅਰਮੈਨ ਦੇ ਆਸਨ ਅਗੇ) 'ਚ ਆ ਕੇ ਨਾਅਰੇਬਾਜ਼ੀ ਕਰਨ ਲੱਗੇ ਤਾਂ ਧਨਖੜ ਗੁੱਸੇ 'ਚ ਆ ਗਏ। ਉਨ੍ਹਾ ਕਿਹਾ—ਇਹ ਪਹਿਲੀ ਵਾਰ ਹੈ ਜਦੋਂ ਸਦਨ ਦੇ ਵਿਰੋਧੀ ਧਿਰ ਦੇ ਨੇਤਾ ਹੀ ਵੈੱਲ 'ਚ ਆ ਗਏ। ਇਹ ਦਿਨ ਸੰਸਦ ਦੇ ਇਤਿਹਾਸ 'ਚ ਦਾਗੀ ਹੋ ਗਿਆ ਹੈ। ਮੈਨੂੰ ਦੁੱਖ ਹੈ ਕਿ ਭਾਰਤੀ ਸੰਸਦ ਦੀ ਪਰੰਪਰਾ ਹੁਣ ਏਨੀ ਡਿੱਗ ਗਈ ਹੈ ਕਿ ਵਿਰੋਧੀ ਧਿਰ ਦਾ ਨੇਤਾ ਵੈੱਲ 'ਚ ਆ ਗਿਆ।

ਖੜਗੇ ਨੇ ਜਵਾਬ ਵਿਚ ਕਿਹਾ ਕਿ ਅਜਿਹਾ ਚੇਅਰਮੈਨ ਦੀ ਗਲਤੀ ਕਾਰਨ ਹੋਇਆ। ਉਨ੍ਹਾ ਕਿਹਾ—ਮੈਂ ਚੇਅਰਮੈਨ ਦਾ ਧਿਆਨ ਖਿੱਚਣ ਲਈ ਵੈੱਲ 'ਚ ਗਿਆ। ਉਹ ਸਿਰਫ ਸੱਤਾਧਾਰੀ ਪਾਰਟੀ ਵੱਲ ਦੇਖ ਰਹੇ ਸਨ। ਨਿਯਮਾਂ ਅਨੁਸਾਰ ਜਦੋਂ ਮੈਂ ਉਨ੍ਹਾ ਦਾ ਧਿਆਨ ਖਿੱਚਿਆ ਤਾਂ ਮੇਰੇ ਵੱਲ ਦੇਖਣਾ ਚਾਹੀਦਾ ਸੀ ਪਰ ਇਸ ਦੀ ਬਜਾਏ ਉਨ੍ਹਾ ਨੇ ਜਾਣਬੁੱਝ ਕੇ ਮੈਨੂੰ ਨਜ਼ਰਅੰਦਾਜ਼ ਕਰ ਕੇ ਮੇਰਾ ਅਪਮਾਨ ਕੀਤਾ। ਤਾਂ ਮੇਰੇ ਲਈ ਕੀ ਬਚਿਆ ਸੀ ? ਧਿਆਨ ਖਿੱਚਣ ਲਈ ਮੈਨੂੰ ਜਾਂ ਤਾਂ ਵੈੱਲ ਵਿਚ ਜਾਣਾ ਪੈਂਦਾ ਜਾਂ ਬਹੁਤ ਉੱਚੀ-ਉੱਚੀ ਚੀਕਣਾ ਪੈਂਦਾ। ਇਸ ਲਈ ਮੈਂ ਇਹ ਜ਼ਰੂਰ ਕਹਾਂਗਾ ਕਿ ਇਹ ਚੇਅਰਮੈਨ ਦੀ ਗਲਤੀ ਹੈ।

ਇਸਤੋਂ ਪਹਿਲਾਂ ਖੜਗੇ ਨੇ ਪੇਪਰ ਲੀਕ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਨਿਯਮ 267 ਦੇ ਤਹਿਤ ਚਰਚਾ ਹੋਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਐਨ ਡੀ ਏ ਸਰਕਾਰ ਦੌਰਾਨ 7 ਸਾਲਾਂ 'ਚ 70 ਵਾਰ ਪੇਪਰ ਲੀਕ ਹੋਏ।

ਮੁੱਦੇ 'ਤੇ ਵਿਰੋਧੀ ਧਿਰ ਦੇ ਹੰਗਾਮੇ 'ਤੇ ਸਾਬਕਾ ਪ੍ਰਧਾਨ ਮੰਤਰੀ ਐਚ ਡੀ ਦੇਵਗੌੜਾ ਨੇ ਕਿਹਾ ਕਿ ਇਹ ਇੱਕ ਵੱਡਾ ਮੁੱਦਾ ਹੈ ਪਰ ਜਾਂਚ ਚੱਲ ਰਹੀ ਹੈ। ਲੱਖਾਂ ਵਿਦਿਆਰਥੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਸਰਕਾਰ ਕਾਰਵਾਈ ਕਰ ਰਹੀ ਹੈ। ਦੇਵਗੌੜਾ ਨੇ ਸਦਨ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਦੀ ਅਪੀਲ ਕੀਤੀ।


## ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

### ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ - ਚੋਥੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ ਆਖਰੀ ਮਿਤੀ 18.07.2024 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
| 27.06.2024 | 04.07.2024 | 18.07.2024 / 15:00 ਵਜੇ |

| ਲ.ਨੰ: | ਟੈਂਡਰ ਨੰਬਰ | ਟੈਂਡਰ ਦਾ ਵੇਰਵਾ |
|---|---|---|
| 1. | 116-2024-25-BAHL-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਅਧੀਨ ਸੀਨੀਅਰ ਅਨੁਭਾਗ ਇੰਜੀਨੀਅਰ/ਕੰਮ/ਬਨਿਹਾਲ ਦੇ ਸੈਕਸ਼ਨ ਵਿਚ ਪਾਮਪੁਰ ਤੋਂ ਬਨਿਹਾਲ ਤਕ (ਛੱਡਕ) ਆਵਾਸੀਯ ਕਵਾਟਰਾਂ, ਸਟੇਸ਼ਨ ਭਵਨ, ਪਲੇਟਫਾਰਮ ਸੰਰਚਨਾਵਾਂ, ਜਲ ਨਿਕਾਸੀ ਕੰਮਾਂ ਅਤੇ ਹੋਰ ਵਿਵਿਧ ਦੇ ਲਈ ਸਮਾਨਯ ਮੁਰੰਮਤ ਅਤੇ ਰੱਖਰਖਾਵ ਕੰਮ। |

| ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
|---|---|---|---|
| 94,99,935.10/- | 1,90,000/- | 60 ਦਿਨ | 12 ਮਹੀਨੇ |

ਸਮਾਨ ਪ੍ਰਕ੍ਰਿਤੀ ਦਾ ਕੰਮ:- "ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ"

ਨੋਟ 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। ਪੱਤਰ ਨੰ:116-2024-25-BAHL-DRM-FZR Date: 27.06.2024

1941/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

### ਭੰਡਾਰ ਦੀ ਸਪਲਾਈ ਲਈ ਮੰਗ ਨਿਵਿਦਾ ਇਲੈਕਟ੍ਰੋਨਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀ. ਮੰਡਲ ਸਮਗਰੀ ਪ੍ਰਬੰਧਕ/ਉਤਰ ਰੇਲਵੇ/ਭੰਡਾਰ ਬਰਾਂਚ/ਫਿਰੋਜ਼ਪੁਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ.ਨੰ. | ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|
| 1. | 94245500A | Rechargeable Long Range High Power LED Search Light/Dragon Light with Charge | 832 Nos | 30.07.2024 |

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹਨ। ਸਾਰੇ ਇਛੁੱਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣ ਅਤੇ ਪੰਜੀਕਰਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ-III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੋਵੇ ਤਾਂ ਪ੍ਰਾਪਤ ਕਰਨਾ ਹੋਵੇਗਾ) ਹੱਥ ਨਾਲ ਲਿਖੀ ਨਿਵਿਦਾ ਸਵੀਕਾਰ ਨਹੀਂ ਕੀਤੀ ਜਾਵੇਗੀ।

ਟੈਂਡਰ ਨੋਟਿਸ ਨੰ. 12/2024-25 ਮਿਤੀ:- 28.06.2024

1962/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 18.07.2024 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਕਰਨ ਦੀ ਮਿਤੀ | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ |
| 26/06/2024 / 18:37 ਵਜੇ | 04/07/2024 | 18/07/2024 / 15:00 ਵਜੇ |

| | |
|---|---|
| ਨਿਵਿਦਾ ਨੰਬਰ | 113-2024-25-JAT-DRM-FZR |
| ਨਿਵਿਦਾ ਦਾ ਵੇਰਵਾ | ਸਹਾਇਕ ਮੰਡਲ ਇੰਜੀਨੀਅਰ/ਜੰਮੂ ਦੇ ਤਹਿਤ ਜੰਮੂ ਵਿਚ ਪਾਈਪ ਲਾਈਨ ਅਤੇ ਪੰਪ ਹਾਊਸ ਸਮੇਤ 03 ਡੀਪ ਬੋਰਵੇਲ ਦੇ ਪ੍ਰਾਵਧਾਨ ਦਾ ਕੰਮ। |

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 2,00,97,339.31/- | 2,50,500.00/- | 60 ਦਿਨ | 06 ਮਹੀਨੇ |

ਸਮਾਨ ਨੇਚਰ ਦਾ ਕੰਮ – "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। ਨਿਵਿਦਾ ਸੂਚਨਾ ਪੱਤਰ ਨੰ. 113-2024-25-JAT-DRM-FZR

ਤਾਰੀਕ : 27.06.2024

1939/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## SBFC ਐੱਸ ਬੀ ਐੱਫ ਸੀ ਫਾਇਨਾਂਸ ਲਿਮਟਿਡ

ਰਜਿਸਟਰਡ ਦਫਤਰ : ਯੂਨਿਟ ਨੰ. 103, ਪਹਿਲੀ ਮੰਜ਼ਲ, ਸੀ ਅਤੇ ਬੀ ਸੁਕੇਅਰ, ਸੰਗਮ ਕੰਪਲੈਕਸ, ਪਿੰਡ ਚਕਾਲਾ, ਅੰਧੇਰੀ-ਕੁਰਲਾ ਰੋਡ, ਅੰਧੇਰੀ (ਈਸਟ), ਮੁੰਬਈ-400059

### ਕਬਜ਼ਾ ਨੋਟਿਸ (ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (2) ਤਹਿਤ)

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਐੱਸ ਬੀ ਐੱਫ ਸੀ ਫਾਇਨਾਂਸ ਲਿਮਟਿਡ ਦਾ ਅਧਿਕਾਰਤ ਅਫਸਰ ਹੁੰਦਿਆਂ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ, ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ/ਸਹਿ-ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈ ਜਾਇਦਾਦ ਦਾ ਉਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਦੀ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਇਸ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਸ ਬੀ ਐੱਫ ਸੀ ਫਾਇਨਾਂਸ ਲਿਮਟਿਡ ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰ ਦਾ ਨਾਂਅ ਅਤੇ ਪਤਾ ਅਤੇ ਡਿਮਾਂਡ ਨੋਟਿਸ ਦੀ ਮਿਤੀ | ਜਾਇਦਾਦ ਦਾ ਵੇਰਵਾ ਅਤੇ ਕਬਜ਼ੇ ਦੀ ਮਿਤੀ | ਕਬਜ਼ਾ ਨੋਟਿਸ 'ਚ ਮੰਗੀ ਗਈ ਰਕਮ (ਰੁਪਏ) |
|---|---|---|
| 1. ਮੰਨੂ, 2. ਪ੍ਰੇਮ ਲਤਾ<br>ਦੋਵਾਂ ਦਾ ਪਤਾ : ਮਕਾਨ ਨੰ. 1045, ਗਲੀ ਨੰ. 06, ਸ਼ਿਵਪੁਰੀ, ਸੰਤੋਖ ਨਗਰ, ਲੁਧਿਆਣਾ, ਪੰਜਾਬ-141008<br>ਡਿਮਾਂਡ ਨੋਟਿਸ ਦੀ ਮਿਤੀ : 29 ਅਪ੍ਰੈਲ 2021<br>ਕਰਜ਼ਾ ਖਾਤਾ ਨੰ. 13600004305 ਡੀ ਐੱਸ (ਪੀ ਆਰ 00687284) | ਜਾਇਦਾਦ, ਮਕਾਨ ਨੰ. 7 ਏ ਮਿਨ, 8 ਬੀ ਮਿਨ, 9 ਸੀ ਮਿਨ, ਰਕਬਾ 96 ਵਰਗ ਗਜ਼, ਪਿੰਡ ਜੱਸੀਆਂ, ਹਦਬਸਤ ਨੰ. 101, ਅਬਾਦੀ ਕੁੰਜ ਵਿਹਾਰ, ਪਿੰਡ ਜੱਸੀਆਂ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਖਾਤਾ ਨੰ. 641/658-755/808, ਖਸਰਾ ਨੰ. 35/8/1, 21/22-28/12-19-35/3, ਜਮ੍ਹਾਂਬੰਦੀ ਸਾਲ 2007-08, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਕਬਜ਼ੇ ਦੀ ਮਿਤੀ 26 ਜੂਨ, 2024 | 25 ਜੂਨ 2024 ਨੂੰ ਰੁ. 4131511/- (ਇਕਤਾਲੀ ਲੱਖ ਇਕੱਤੀ ਹਜ਼ਾਰ ਪੰਜ ਸੌ ਗਿਆਰਾਂ ਰੁਪਏ ਕੇਵਲ) |

ਉਪਲਬਧ ਸਮੇਂ ਅੰਦਰ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਸਥਾਨ : ਲੁਧਿਆਣਾ, ਮਿਤੀ 29-06-2024 ਸਹੀ/-(ਅਧਿਕਾਰਤ ਅਫਸਰ) ਐੱਸ ਬੀ ਐੱਫ ਸੀ ਫਾਇਨਾਂਸ ਲਿਮਟਿਡ


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸੂਬਾ ਸਰਕਾਰ ਦੇ ਵਿਰੋਧ 'ਚ ਪੈਨਸ਼ਨਰਜ਼/ਮੁਲਾਜ਼ਮ ਜਲੰਧਰ ਰੈਲੀ 'ਚ ਸ਼ਮੂਲੀਅਤ ਲਈ ਤਿਆਰ : ਜੰਡ, ਆਸਲ

**ਪੱਟੀ (ਬਲਦੇਵ ਸਿੰਘ ਸੰਧੂ/ਸਮਸ਼ੇਰ ਸਿੰਘ ਯੋਧਾ)**–ਪੈਨਸ਼ਨਰਜ਼ ਐਂਡ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਤਸੀਲ ਪੱਟੀ ਦੀ ਮਹੀਨਾਵਾਰੀ ਮੀਟਿੰਗ ਹਰਜਿੰਦਰ ਸਿੰਘ ਜੰਡ ਦੀ ਪ੍ਰਧਾਨਗੀ ਹੇਠ ਹੋਈ।ਪ੍ਰੈੱਸ ਦੇ ਨਾਂ ਸਾਂਝੇ ਬਿਆਨ ਵਿਚ ਪ੍ਰਧਾਨ ਅਤੇ ਜਰਨਲ ਸਕੱਤਰ ਜਗਤਾਰ ਸਿੰਘ ਆਸਲ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਗਵੰਤ ਮਾਨ ਸਰਕਾਰ ਪੈਨਸ਼ਨਰਜ਼ ਦੀਆਂ ਹੱਕੀ ਮੰਗਾਂ ਪ੍ਰਤੀ ਚੁੱਪ ਵੱਟ ਕੇ ਬੈਠੀ ਹੋਈ ਹੈ।ਇਸ ਚੁੱਪ ਨੂੰ ਤੋੜਨ ਲਈ 6 ਜੁਲਾਈ ਨੂੰ ਪੈਨਸ਼ਨਰਜ਼ ਵੱਡੀ ਪੱਧਰ 'ਤੇ ਹਲਕਾ ਪੱਛਮੀ ਜਲੰਧਰ ਮਾਰਚ ਕਰਨ ਲਈ ਵੱਡੀ ਪੱਧਰ ਤੇ ਪਹੁੰਚਣਗੇ।ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨਹੀਂ ਮੰਨ ਰਹੀ ਸਗੋਂ ਓਲਟਾ ਕੋਈ ਵੀ ਮੀਟਿੰਗ ਮੁਲਜ਼ਮਾਂ ਅਤੇ ਪੈਨਸ਼ਨਰਾਂ ਨਾਲ ਕਰਨ ਤੋਂ ਇਨਕਾਰੀ ਹੈ।ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤਪਾਲ ਸ਼ਰਮਾ ਪੱਟੀ ਅਤੇ ਸੁਪਰਡੈਂਟ ਮਲਕੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪੰਜਾਬ ਸਰਕਾਰ ਪੇ ਕਮਿਸ਼ਨ ਦਾ ਬਕਾਇਆ ਅਤੇ 12% ਡੀ. ਏ. ਨਹੀਂ ਦੇ ਰਹੀ। ਅਫਸਰਸ਼ਾਹੀ ਮੁਲਾਜ਼ਮਾਂ ਅਤੇ ਪੈਨਸ਼ਨਰ ਦੇ ਡੀਏ ਅਤੇ ਬਕਾਇਆਂ ਵਿਚ ਰੋੜੇ ਅਟਕਾ ਰਹੀ ਹੈ ।ਸਰਕਾਰ ਨੂੰ ਮਿੱਸਗਾਈਡ ਰਹੀ ਹੈ ਜਦੋਂਕਿ ਆਪ ਸਾਰੇ ਬਕਾਏ ਅਤੇ ਡੀਏ ਲੈ ਚੁੱਕੀ ਹੈ।ਸਰਕਾਰ ਦਾ ਲੋਕ ਵਿਰੋਧੀ ਅਤੇ ਪੈਨਸ਼ਨਰ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ।ਜ਼ਿਲੇ ਦੇ ਮੀਤ ਪ੍ਰਧਾਨ ਬਲਵਿੰਦਰ ਸਿੰਘ ਸਰਹਾਲੀ ਅਤੇ ਪ੍ਰਗਟ ਸਿੰਘ ਸਰਹਾਲੀ ਨੇ ਕਿਹਾ ਕਿ ਕੋਰਟਾਂ ਵੱਲੋਂ ਪੈਨਸ਼ਨਰਾਂ ਦੇ ਹੱਕ ਵਿੱਚ ਹੋਏ ਫੈਸਲੇ ਵੀ ਸਰਕਾਰ ਲਾਗੂ ਨਹੀਂ ਕਰ ਰਹੀ।ਲੱਖਾਂ ਰੁਪੈ ਦੇ ਬਕਾਏ ਸਰਕਾਰ ਦੱਬ ਕੇ ਬੈਠੀ ਹੈ।ਮੋਹਣ ਸਿੰਘ ਚੌਧਰੀ ਅਤੇ ਦਰਸ਼ਨ ਸਿੰਘ ਪਟਵਾਰੀ ਨੇ 2,59 ਦਾ ਗੁਣਾਂਕ ਅਤੇ ਕੈਸ਼ਲੈੱਸ ਸਕੀਮ ਦੇਣ ਦੀ ਮੰਗ ਕੀਤੀ ।ਸਾਬਕਾ ਡਾਇਰੈਕਟਰ




ਬਾਗਬਾਨੀ ਹੁਰਦਿਆਲ ਸਿੰਘ ਘਰਿਆਲਾ ਨੇ ਵਾਤਾਵਰਣ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਲੋਕਾਂ ਨੂੰ ਸਾਵਧਾਨ ਕੀਤਾ ਅਤੇ ਸਰਕਾਰ ਦਾ ਵਾਤਾਵਰਨ ਅਤੇ ਪਾਣੀ ਬਚਾਉਣ ਵਿੱਚ ਕੋਈ ਯੋਗਦਾਨ ਨਾ ਹੋਣ ਤੇ ਸਰਕਾਰ ਨਖੇਧੀ ਕੀਤੀ।ਕੈਸ਼ੀਅਰ ਚਾਨਣ ਸਿੰਘ ਤੇ ਸੁਰਪ੍ਰਸਤ ਗੋਪਾਲ ਸਿੰਘ ਨੇ ਆਪਣੇ ਵਿਚਾਰ ਰੱਖੇ।

ਮੀਟਿੰਗ ਵਿੱਚ ਹੋਰਨਾ ਤੋਂ ਇਲਾਵਾ ਬਿਕਰਮਜੀਤ ਸਿੰਘ, ਰਾਜ ਸਿੰਘ, ਗੁਰਮੀਤ ਸਿੰਘ, ਗੁਰਨਾਮ ਸਿੰਘ, ਕੁਲਦੀਪ ਸਿੰਘ, ਮੰਗਲ ਸਿੰਘ ਸਰਹਾਲੀ, ਜਗਦੀਸ਼ ਸਿੰਘ , ਮਨਜੀਤ ਸਿੰਘ ਸਭਰਾ, ਅਜੀਤ ਲੌਹਕਾ , ਕਸਮੀਰ ਸਿੰਘ, ਨਿਰਮਲ ਸਿੰਘ ਬੁਰਜ, ਬਾਬਾ ਕੁਲਵਿੰਦਰ ਸਿੰਘ, ਬਲਬੀਰ ਸਿੰਘ, ਦਰਸ਼ਨ ਸਿੰਘ ਲੈਕਚਰਾਰ, ਗੁਰਨਾਮ ਸਿੰਘ, ਦਰਸ਼ਨ ਸਿੰਘ, ਧਰਮਪਾਲ ਸਿੰਘ, ਪ੍ਰਿੰ. ਪ੍ਰੇਮਪਾਲ ਸ਼ਰਮਾ, ਬੀਰ ਮਸੀਹ, ਗੁਰਦੀਪ ਸਿੰਘ ਪਟਵਾਰੀ, ਬਲਬੀਰ ਸਿੰਘ, ਸੁਖਦੇਵ ਸਿੰਘ, ਆਮਰ ਸਿੰਘ ਅਤੇ ਹੋਰ ਬਹੁਤ ਸਾਰੇ ਪੈਨਸ਼ਨਰ ਹਾਜ਼ਰ ਸਨ ।ਅੰਤ ਤੇ ਪ੍ਰਧਾਨ ਹਰਜਿੰਦਰ ਸਿੰਘ ਜੰਡ ਨੇ ਹਾਜ਼ਰ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਜਲੰਧਰ 6 ਜੁਲਾਈ ਨੂੰ ਝੰਡਾ ਮਾਰਚ ਮੌਕੇ ਪਹੁੰਚਣ ਦੀ ਅਪੀਲ ਕੀਤੀ।

# ਉੱਚ ਅਹੁਦਿਆਂ ਦਾ ਨਿੱਘ ਮਾਣ ਕੇ ਕੁਝ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਪਿੱਠ 'ਚ ਛੁਰਾ ਮਾਰਿਆ: ਬੱਬੇਹਾਲੀ

**ਗੁਰਦਾਸਪੁਰ, (ਜਨਕ ਮਹਾਜਨ)**–ਸ਼੍ਰੋਮਣੀ ਅਕਾਲੀ ਦਲ ਵਿਚ ਉਚ ਅਹੁਦਿਆਂ ਦਾ ਨਿੱਘ ਮਾਣ ਚੁੱਕੇ ਟਕਸਾਲੀ ਆਗੂਆਂ ਦੇ ਇਕ ਧੜੇ ਨੇ ਸ. ਸੁਖਬੀਰ ਸਿੰਘ ਬਾਦਲ ਪਾਸੋਂ ਅਸਤੀਫ਼ੇ ਦੀ ਮੰਗ ਕਰਕੇ ਪਾਰਟੀ ਦੀ ਪਿੱਠ ਵਿਚ ਛੁਰਾ ਮਾਰਿਆ ਹੈ ਜੋ ਕਿ ਨਿੰਦਣਯੋਗ ਕਾਰਵਾਈ ਹੈ ਅਤੇ ਇਨ੍ਹਾਂ ਆਗੂਆਂ ਨੇ ਪਾਰਟੀ ਵਿਚ ਵਿਰੋਧਤਾ ਪੈਦਾ ਕਰਕੇ ਪਾਰਟੀ ਨੂੰ ਢਾਹ ਲਗਾਈ ਹੈ। ਇਹ ਵਿਚਾਰ ਗੁਰਬਚਨ ਸਿੰਘ ਬੱਬਹਾਲੀ ਹਲਕਾ ਇੰਚਾਰਜ ਗੁਰਦਾਸਪੁਰ ਅਤੇ ਕੋਰ ਕਮੇਟੀ ਮੈਂਬਰ ਨੇ ਗੁਰਦਾਸਪੁਰ ਦੇ ਏ. ਜੀ. ਐੱਮ. ਮੋਲ ਵਿਖੇ ਸ. ਸੁਖਬੀਰ ਸਿੰਘ ਬਾਦਲ ਦੇ ਹੱਕ ਵਿਚ ਕੀਤੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਹਰ ਇਕ ਆਗੂ ਅਤੇ ਵਰਕਰ ਸੁਖਬੀਰ ਸਿੰਘ ਬਾਦਲ ਨਾਲ ਚਟਾਂਨ ਵਾਂਗ ਖੜ੍ਹਾ ਹੈ। ਉਨ੍ਹਾਂ ਕਿਹਾ ਪਾਰਟੀ ਵਿਚ ਹਮੇਸ਼ਾ ਸਮਾਂ ਇਕੋ ਜਿਹਾ ਨਹੀਂ ਰਹਿੰਦਾ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿਚ ਜਿੱਤ ਅਤੇ ਹਾਰ ਆਮ ਗੱਲ ਹੈ। ਸ਼੍ਰੋਮਣੀ ਅਕਾਲੀ ਦਲ ਪਾਰਟੀ ਨੇ ਜਿਨ੍ਹਾਂ ਆਗੂਆਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਉਨ੍ਹਾਂ ਆਗੂਆਂ ਨੇ ਹੁਣ ਪਾਰਟੀ ਦੇ ਔਖੇ ਸਮੇਂ ਵਿਚ ਪਾਰਟੀ ਦਾ ਸਾਥ ਛੱਡ ਕੇ ਚੰਗਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਲੋੜ ਹੈ ਕਿ ਸੀਨੀਅਰ ਲੀਡਰ ਆਪਣੇ ਬਾਕੀ ਵਰਕਰਾਂ ਨੂੰ ਨਾਲ ਲੈ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਨ ਨਾ ਕਿ ਉਨ੍ਹਾਂ ਦਾ ਮਨੋਬਲ ਹੇਠਾਂ ਸੁੱਟਣ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਲੰਘੀਆਂ ਲੋਕ ਸਭਾ ਚੋਣਾਂ ਵਿਚ ਦਿਨ-ਰਾਤ ਇਕ ਕਰਕੇ ਚੋਣ ਪ੍ਰਚਾਰ ਕੀਤਾ। ਉਨ੍ਹਾਂ ਕਿਹਾ ਕਿ ਮਰਹੂਮ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੁਰਾਣੇ ਆਗੂਆਂ ਦੇ ਪਰਿਵਾਰਾਂ ਨੂੰ ਦੋ-ਦੋ ਟਿਕਟਾਂ ਦੇ ਕੇ ਕਾਫ਼ੀ ਮਾਣ-ਸਨਮਾਨ ਬਖ਼ਸ਼ਿਆ ਗਿਆ ਉਸ ਦੇ ਬਾਵਜੂਦ ਪਾਰਟੀ ਨੂੰ ਢਾਹ ਲਗਾਉਣ ਤੋਂ ਉਹ ਆਗੂ ਗੁਰੇਜ਼ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਸੰਕਟ ਦੇ ਸਮੇਂ ਵਿਚ ਸਾਰੇ ਆਗੂਆਂ ਨੂੰ ਇਕੱਠੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ



ਹੈ ਤਾਂ ਜੋ ਪਾਰਟੀ ਫ਼ਿਰ ਤੋਂ ਆਪਣੇ ਪੈਰਾਂ 'ਤੇ ਖੜੀ ਹੋ ਸਕੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਹੈ ਜਿਸ ਨੇ ਪੰਜਾਬ ਦੀ ਤਰੱਕੀ ਲਈ ਬਹੁਤ ਕੁਝ ਕੀਤਾ। ਉਨ੍ਹਾਂ ਕਿਹਾ ਕਿ ਮਰਹੂਮ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਈ ਸਕੀਮਾਂ ਪੰਜਾਬ ਦੇ ਭਲੇ ਲਈ ਚਲਾਈਆਂ ਜਿਨ੍ਹਾਂ ਦਾ ਅੱਜ ਵੀ ਲੋਕ ਵੱਡੇ ਪੱਧਰ 'ਤੇ ਲਾਭ ਹਾਸਲ ਕਰਕੇ ਉਨ੍ਹਾਂ ਨੂੰ ਯਾਦ ਕਰਦੇ ਹਨ। ਇਸ ਮੌਕੇ ਵਿਜੈ ਮਹਾਜਨ ਪ੍ਰਧਾਨ ਸ਼ਹਿਰੀ ਗੁਰਦਾਸਪੁਰ, ਕਿਰਪਾਲ ਸਿੰਘ ਗੁੰਝੀਆਂ ਪ੍ਰਧਾਨ ਦਿਹਾਤੀ ਪੁਲਸ ਜ਼ਿਲ੍ਹਾ ਗੁਰਦਾਸਪੁਰ, ਪ੍ਰਵੀਨ ਠਾਕੁਰ ਪ੍ਰਧਾਨ ਸ਼ਹਿਰੀ ਸਕਰਲ, ਜਸਵਿੰਦਰ ਸਿੰਘ ਬਹਿਰਾਮਪੁਰ ਨਗਰ ਕੌਂਸਲ ਮੈਂਬਰ, ਦਲਵੀਰ ਸਿੰਘ ਭਟੋਆ, ਜੋਧਵੀਰ ਸਿੰਘ, ਮਹਿੰਦਰ ਸਿੰਘ ਸਿੱਧਵਾਂ ਸਾਬਕਾ ਚੇਅਰਮੈਨ, ਹੈਪੀ ਦੀਨਾਨਗਰ, ਵਿਨੈ ਪਸਿਆਲਾ ਸਰਕਲ ਪ੍ਰਧਾਨ, ਰਣਜੀਤ ਸਿੰਘ ਚਾਨਣ ਜ਼ਿਲ੍ਹਾ ਪ੍ਰਧਾਨ ਦਿਹਾਤੀ ਬੀਸੀ ਵਿੰਗ, ਰਾਮ ਲਾਲ ਸਾਬਕਾ ਐੱਮ. ਸੀ. ਗੁਰਦਾਸਪੁਰ, ਰਜਿੰਦਰ ਸਿੰਘ ਸਾਬਕਾ ਐੱਮ. ਸੀ., ਅਵਤਾਰ ਸਿੰਘ ਸਰਕਲ ਪ੍ਰਧਾਨ, ਕਪੂਰ ਸਿੰਘ ਸਹੂਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਅਕਾਲੀ ਦਲ ਦੇ ਵਰਕਰ ਹਾਜ਼ਰ ਸਨ।

# ਗਜ਼ਨੀਪੁਰ ਦੇ ਫੋਕਲ ਪੁਆਇੰਟ ਦੀ ਹਾਲਤ ਖਸਤਾ, ਸਰਕਾਰ ਧਿਆਨ ਦੇਵੇ




**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਕਲਾਨੌਰ ਸੜਕ ਵਿਚਕਾਰ ਪੈਂਦੇ ਪਿੰਡ ਗਜ਼ਨੀਪੁਰ ਦੇ ਫੋਕਲ ਪੁਆਇੰਟ ਦੀ ਦੇਖ-ਰੇਖ ਨਾ ਹੋਣ ਕਾਰਨ ਇਸ ਦੀ ਹਾਲਤ ਖਸਤਾ ਬਣੀ ਹੋਈ ਹੈ। ਇਸ ਫੋਕਲ ਪੁਆਇੰਟ ਵਿਖੇ ਵੇਖਣ ਨੂੰ ਤਾਂ ਕਿਸਾਨਾਂ ਦੇ ਫਸਲ ਬੀਜਣ ਲਈ ਇੱਕ ਵੱਡਾ ਫੜ੍ਹ ਬਣਿਆ ਹੋਇਆ ਹੈ ਜਿਸ 'ਤੇ ਚਾਰੇ ਪਾਸੇ 12 ਲੋਹੇ ਦੇ ਪੋਲ ਲੱਗੇ ਹੋਏ ਹਨ ਪਰ ਪੋਲਾਂ ਦਾ ਕੋਈ ਵੀ ਫਾਇਦਾ ਨਜ਼ਰ ਨਹੀਂ ਆ ਰਿਹਾ ਕਿਉਂਜੋ ਫੜ੍ਹ ਉਤੇ ਕੋਈ ਸ਼ੈੱਡ ਨਹੀਂ ਹੈ ਜਿਸ ਨਾਲ ਕਿਸਾਨਾਂ ਦੀਆਂ ਫਸਲਾਂ ਦਾ ਵਰਖਾ ਦੇ ਦਿਨਾਂ ਵਿੱਚ ਬਚਾਅ ਹੋ ਸਕੇ। ਇੱਥੇ ਨਾ ਹੀ ਕੋਈ ਬਿਜਲੀ ਦਾ ਪ੍ਰਬੰਧ ਅਤੇ ਨਾ ਹੀ ਕਿਸਾਨਾਂ ਦੇ ਬੈਠਣ ਲਈ ਕੋਈ ਪ੍ਰਬੰਧ ਨਜ਼ਰ ਆ ਰਿਹਾ। ਇਥੇ ਕਿਸਾਨਾਂ ਲਈ ਕੋਈ ਬਾਥਰੂਮ ਆਦਿ ਦੀ ਵੀ ਸੁਵਿਧਾ ਨਜ਼ਰ ਨਹੀਂ ਆ ਰਹੀ, ਪੀਣ ਵਾਲੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਵੇਖਣ ਨੂੰ ਤਾਂ ਇੱਥੇ ਇੱਕ ਸਹਿਕਾਰੀ ਸਭਾ ਦੀ ਇਮਾਰਤ ਵੀ ਸੀ ਜਿਸ ਦੇ ਦਰਵਾਜ਼ਿਆਂ ਦੇ ਤਾਲੇ ਲੱਗੇ ਹੋਏ ਸਨ ਅਤੇ ਕੋਈ ਵੀ ਵਿਅਕਤੀ ਨਜ਼ਰ ਨਹੀਂ ਆ ਰਿਹਾ ਸੀ। ਇਹ ਫੋਕਲ ਪੁਆਇੰਟ ਕਿਸਾਨਾਂ ਵਾਸਤੇ ਅਨੇਕਾਂ ਸੁਵਿਧਾਵਾਂ ਲਈ ਬਣਾਏ ਗਏ ਸਨ ਪਰ ਜ਼ਮੀਨੀ ਪੱਧਰ 'ਤੇ ਉਹ ਸਹੂਲਤਾਂ ਨਜ਼ਰ ਨਹੀਂ ਆ ਰਹੀਆਂ। ਲੋਕਾਂ ਦੀ ਪੰਜਾਬ ਸਰਕਾਰ ਪਾਸੋਂ ਮੰਗ ਹੈ ਕਿ ਇਸ ਫੋਕਲ ਪੁਆਇੰਟ ਦੀ ਹਾਲਤ ਸੁਧਾਰੀ ਜਾਵੇ ਤਾਂ ਜੋ ਕਿਸਾਨਾਂ ਨੂੰ ਇਨ੍ਹਾਂ ਦਾ ਲਾਭ ਮਿਲ ਸਕੇ।

# ਰਿੰਪਲ ਟੀ ਵੀ ਸੈਂਟਰ ਸ਼ੋਅਰੂਮ ਨੇ ਛਬੀਲ ਤੇ ਲੰਗਰ ਲਗਾਇਆ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**–ਡੇਰਾ ਬਾਬਾ ਨਾਨਕ ਤੋਂ ਬਟਾਲਾ ਰੋਡ, ਐੱਚ ਡੀ ਐੱਫ ਸੀ ਬੈਂਕ ਨੇੜੇ ਕਸਬੇ ਦੇ ਨਾਮਵਰ ਕਾਰੋਬਾਰੀ ਰਿੰਪਲ ਟੀ. ਵੀ. ਸੈਂਟਰ ਸ਼ੋਅਰੂਮ ਦੇ ਮਾਲਕ ਗਿਆਨੀ ਮਹਿੰਦਰ ਸਿੰਘ ਦੇ ਪਰਿਵਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਸੰਗਤਾਂ ਲਈ ਠੰਡੇ-ਮਿੱਠੇ ਜਲ ਦੀ ਛਬੀਲ ਅਤੇ ਲੰਗਰ ਲਗਾਇਆ ਗਿਆ। ਇਸ ਮੌਕੇ ਸੰਤ ਬਾਬਾ ਮੰਗਲ ਦਾਸ ਵੱਲੋਂ ਰਿੰਪਲ ਟੀ. ਵੀ. ਜ਼ੋਅਰੂਮ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਲੰਗਰ ਭੰਡਾਰਾ ਤੇ ਛਬੀਲ ਦੀ ਸ਼ੁਰੂਆਤ ਕੀਤੀ ਗਈ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸ਼ੋਅਰੂਮ ਦੇ ਮਾਲਕ ਗਿਆਨੀ ਮਹਿੰਦਰ ਸਿੰਘ ਤੇ ਉਨਾਂ ਦੇ ਸਪੁੱਤਰ ਸੁਰਿੰਦਰ ਸਿੰਘ ਰਿੰਪਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸਾਡੇ ਪਰਿਵਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਅੱਜ ਵੀ ਆਪਣੇ ਜਠੇਰਿਆਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਸੰਗਤਾਂ ਲਈ ਠੰਡੇ-ਮਿੱਠੇ ਜਲ ਦੀ ਛਬੀਲ ਅਤੇ ਗੁਰੂ ਕਾ ਲੰਗਰ ਲਗਾਇਆਂ। ਉਨ੍ਹਾਂ ਕਿਹਾ ਕਿ ਲੰਗਰ ਤੇ ਛਬੀਲ ਦੀ ਸੇਵਾ ਸਾਡੇ ਪਰਿਵਾਰ ਵੱਲੋਂ ਹਰ ਸਾਲ ਅਗਾਂਹ ਵੀ ਨਿਰੰਤਰ ਚੱਲਦੀ ਰਹੇਗੀ। ਇਸ ਮੌਕੇ ਮਨਕੀਰਤ ਸਿੰਘ, ਰਵਕੀਰਤ ਸਿੰਘ, ਬੀਬੀ ਬਲਜੀਤ ਕੌਰ, ਬੀਬੀ ਮਨਜੀਤ ਕੌਰ, ਜੋਗਿੰਦਰ ਸਿੰਘ ਪਾਂਡੀ, ਸਾਬਕਾ ਕੌਂਸਲਰ ਕੁਲਵਿੰਦਰ ਸਿੰਘ ਬੇਦੀ, ਸਾਬਕਾ ਪ੍ਰਿੰ. ਹਰਜੀਤ ਸਿੰਘ ਬੇਦੀ, ਰਵਿੰਦਰ ਸਿੰਘ ਹੈਪੀ, ਜਿੰਮੀ ਮਹਿਰਾ, ਕੋਮਲਜੀਤ ਕੌਰ, ਹਨੀ, ਬਲਜੀਤ ਸਿੰਘ, ਯਕੂਨ ਮਸੀਹ, ਆਕਾਸ਼ ਹਾਂਡਾ, ਨੀਲਮ, ਗੁਰਜੋਤ ਸਿੰਘ ਬੇਦੀ, ਮਾਸਟਰ ਦਵਿੰਦਰ ਢਿੱਲੋਂ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।



# ਬਿਕਰਮਜੀਤ ਸਿੰਘ ਨੇ ਐੱਸ ਐੱਚ ਓ ਵਜੋਂ ਅਹੁਦਾ ਸੰਭਾਲਿਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਸਬ ਇੰਸਪੈਕਟਰ ਬਿਕਰਮਜੀਤ ਸਿੰਘ ਨੇ ਪੁਲਸ ਜ਼ਿਲਾ ਦਿਹਾਤੀ ਅੰਮ੍ਰਿਤਸਰ ਅਧੀਨ ਪੈਂਦੇ ਥਾਣਾ ਖਿਲਚੀਆਂ ਦੇ ਐੱਸ. ਐੱਚ. ਓ. ਵਜੋਂ ਕਾਰਜਭਾਰ ਸੰਭਾਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਅਹੁਦਾ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲ ਕਰਦਿਆ ਉਨ੍ਹਾਂ ਨੇ ਕਿਹਾ ਕਿ ਥਾਣੇ ਵਿੱਚ ਹਰ ਨਾਗਰਿਕ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਏਗਾ।ਉਨ੍ਹਾਂ ਕਿਹਾ ਕਿ ਹਰ ਨਾਗਰਿਕ ਨੂੰ ਸਮੇਂ ਸਿਰ ਇਨਸਾਫ ਦੇਣਾ ਉਨ੍ਹਾਂ ਦੀ ਪਹਿਲ ਹੋਵੇਗੀ।ਥਾਣਾਂ ਮੁਖੀ ਨੇ ਨਸ਼ਿਆਂ ਦੇ ਖਾਤਮੇ ਲਈ ਪੁਲਸ ਨੂੰ ਸਹਿਯੋਗ ਦੇਣ ਦੀ ਮੰਗ ਕਰਦਿਆ ਕਿਹਾ ਕਿ ਨਸ਼ਾ ਸਾਡੇ ਸਮਾਜ ਨੂੰ ਘੁਣ ਵਾਂਗ ਖਾਈ ਜਾ ਰਿਹਾ ਹੈ ਜਿਸ ਨੂੰ ਖਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਰਲ ਕੇ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਏਗਾ। ਵਰਣਨਯੋਗ ਹੈ ਕਿ ਐੱਸ. ਆਈ. ਬਿਕਰਮਜੀਤ ਸਿੰਘ ਪਹਿਲਾਂ ਵੀ ਇਸ ਥਾਣੇ ਵਿੱਚ ਬਤੌਰ ਐੱਸ. ਐੱਚ. ਓ. ਵਜੋਂ ਸੇਵਾਵਾਂ ਨਿਭਾ ਚੁੱਕੇ ਹਨ।

# ਧਿਆਨਪੁਰ 'ਚ ਬਿਜਲੀ ਸਪਲਾਈ ਦਾ ਮੰਦਾ ਹਾਲ, ਲੋਕਾਂ ਨੇ ਰੋਸ ਵਜੋਂ ਕੀਤੀ ਨਾਅਰੇਬਾਜ਼ੀ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**—ਪੰਜਾਬ ਰਾਜ ਬਿਜਲੀ ਵਿਭਾਗ ਉੱਪ ਮੰਡਲ ਕੋਟਲੀ ਸੂਰਤ ਮੱਲ੍ਹੀ ਅਧੀਨ ਪੈਂਦੇ ਇਤਿਹਾਸਿਕ ਕਸਬਾ ਧਿਆਨਪੁਰ 'ਚ 24 ਘੰਟੇ ਬਿਜਲੀ ਵਾਲੀ ਬਿਜਲੀ ਦੇ ਮੰਦੇ ਹਾਲ ਨੂੰ ਲੈ ਕੇ ਦੁਕਾਨਦਾਰਾਂ ਤੇ ਪਿੰਡ ਵਾਸੀਆਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪਿੰਡ ਵਾਸੀਆਂ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਧਿਆਨਪੁਰ 'ਚ 24 ਘੰਟੇ ਵਾਲੀ ਬਿਜਲੀ ਸਪਲਾਈ ਦਾ ਹਾਲ ਮੰਦਾ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਟ੍ਰਾਂਸਫਾਰਮਰ ਤੋਂ ਫੇਸ ਉਡ ਜਾਣ ਜਾਂ ਫਿਰ ਛੋਟਾ-ਮੋਟਾ ਨੁਕਸ ਪੈ ਜਾਣ ਤੇ ਬਿਜਲੀ ਦੇ ਅਧਿਕਾਰੀਆਂ ਵੱਲੋਂ ਧਿਆਨਪੁਰ ਫੀਡਰ ਦੀ ਬਿਜਲੀ ਸਪਲਾਈ ਬੰਦ ਕਰਕੇ ਜਾਂ ਕੱਟ ਲਗਾ ਕੇ ਲਾਗਲੇ ਪਿੰਡਾਂ ਦੀ ਸਪਲਾਈ ਚਾਲੂ ਕਰ ਦਿੱਤੀ ਜਾਂਦੀ ਹੈ। ਬਿਜਲੀ ਦੇ ਲੱਗ ਰਹੇ ਲੰਮੇ-ਲੰਮੇ ਕੱਟਾਂ ਕਰਕੇ ਬੱਚਿਆਂ, ਬਜ਼ੁਰਗਾਂ, ਨੌਜਵਾਨਾਂ ਦਾ ਮੰਦਾ ਹਾਲ ਹੈ ਤੇ ਦੁਕਾਨਦਾਰ ਵੀ ਨਿਰਾਸ਼ ਹਨ ।ਉਨ੍ਹਾਂ ਕਿਹਾ ਕਿ ਇਤਿਹਾਸਕ ਕਸਬਾ ਧਿਆਨਪੁਰ ਦੇ ਬਾਵਾ ਲਾਲ ਦਿਆਲ ਜੀ ਦੀ ਚਰਨਛੋਹ ਪ੍ਰਾਪਤ ਧਰਤੀ 'ਤੇ ਬਾਵਾ ਲਾਲ ਦਿਆਲ ਜੀ ਦਾ ਇਤਿਹਾਸਕ ਮੰਦਿਰ ਹੈ ਜਿਸ ਕਰਕੇ ਦੂਰ ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਦਾ ਤਾਂਤਾ ਲੱਗਾ ਰਹਿੰਦਾ ਹੈ।ਇਸ ਮੌਕੇ ਇੱਕਤਰ ਪਿੰਡ ਵਾਸੀਆਂ ਵੱਲੋਂ ਧਿਆਨਪੁਰ 24 ਘੰਟੇ ਵਾਲੀ ਬਿਜਲੀ ਸਪਲਾਈ ਚਾਲੂ ਕਰਨ ਅਤੇ ਡਿਊਟੀ 'ਤੇ ਤਾਇਨਾਤ ਲਾਈਮੈਨਾਂ ਦੀ ਥਾਂ ਹੋਰ ਕੰਮ ਕਰਨ ਵਾਲੇ ਅਧਿਕਾਰੀਆਂ ਨੂੰ ਨਿਯੁਕਤ ਕਰਨ ਲਈ ਮੰਗ ਪੱਤਰ ਦਿੱਤਾ ਗਿਆ।ਇਸ ਮਾਮਲੇ ਨੂੰ ਲੈ ਕੇ ਜਦੋਂ ਐੱਸਡੀਓ ਜੋਬਨਜੀਤ ਸਿੰਘ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨੇ ਆਪਣਾ ਪੱਖ ਦੇਣ ਤੋਂ ਇਨਕਾਰ ਕਰ ਦਿੱਤਾ।ਇਸ ਮਾਮਲੇ ਨੂੰ ਲੈ ਕੇ ਮੀਡੀਆ ਕਰਮੀਆਂ ਵੱਲੋਂ ਪੰਜਾਬ ਰਾਜ ਬਿਜਲੀ ਵਿਭਾਗ ਦੇ ਉਚ ਅਧਿਕਾਰੀਆਂ ਦੇ ਧਿਆਨ 'ਚ ਲਿਆਂਦਾ ਗਿਆ।ਇਸ ਮੌਕੇ ਗੁਰਪ੍ਰੀਤ ਸਿੰਘ ਧਿਆਨਪੁਰ, ਵਿਨੇ ਕੁਮਾਰ ਧਿਆਨਪੁਰ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।



# ਡਾਇਮੰਡ ਰਿਜ਼ੋਰਟ ਅਲੀਵਾਲ ਰੋਡ 'ਤੇ ਲੱਗਾ 6ਵਾਂ ਫੋਟੋਗ੍ਰਾਫੀ ਮੇਲਾ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਬੈਸਟ ਫੋਟੋਗ੍ਰਾਫਰ ਵੈੱਲਫੇਅਰ ਐਸੋਸੀਏਸ਼ਨ ਬਟਾਲਾ ਵੱਲੋਂ ਡਾਇਮੰਡ ਰਿਜ਼ੋਰਟ ਅਲੀਵਾਲ ਰੋਡ ਬਾਈਪਾਸ ਬਟਾਲਾ ਵਿਖੇ ਕਰਵਾਏ ਗਏ ਛੇਵੇਂ ਫੋਟੋਗ੍ਰਾਫੀ ਮੇਲੇ ਵਿੱਚ ਅੱਡਾ ਖੁਜਾਲਾ, ਤਰਸਿੱਕਾ, ਡੱਡੂਆਣਾ, ਟਾਹਲੀ ਸਾਹਿਬ, ਨਾਥ ਦੀ ਖੂਹੀ, ਫਤਿਹਪੁਰ ਅਤੇ ਮਹਿਤਾ ਇਲਾਕੇ ਦੇ ਵੱਡੀ ਗਿਣਤੀ ਵਿੱਚ ਫੋਟੋਗ੍ਰਾਫਰ ਸਾਥੀਆਂ ਨੇ ਸ਼ਮੂਲੀਅਤ ਕੀਤੀ। ਮੇਲੇ ਵਿੱਚ ਪਹੁੰਚਣ ਤੇ ਐਸੋਸੀਏਸ਼ਨ ਦੇ ਪ੍ਰਧਾਨ ਸੁਖਵਿੰਦਰ ਸਿੰਘ ਧੁੱਪਸੜੀ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਬੜੀ ਹੀ ਗਰਮ ਜੋਸ਼ੀ ਨਾਲ ਫੋਟੋਗ੍ਰਾਫਰ ਸਾਥੀਆਂ ਦਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਧਾਨ ਧੁੱਪਸੜੀ ਨੇ ਕਿਹਾ ਕਿ ਅਸੀਂ ਆਪਣੇ ਫੋਟੋਗ੍ਰਾਫਰ ਸਾਥੀਆਂ ਦੇ ਬਹੁਤ ਹੀ ਰਿਣੀ ਹਾਂ ਜਿਨ੍ਹਾਂ ਨੇ ਇਕੱਤਰ ਹੋ ਕੇ ਇਸ ਮੇਲੇ ਵਿੱਚ ਸ਼ਮੂਲੀਅਤ ਕਰਕੇ ਮੇਲੇ ਦੀਆਂ ਰੌਣਕਾਂ ਨੂੰ ਵਧਾਇਆ ਹੈ ਤੇ ਸਾਡੀ ਹੌਸਲਾ ਅਫਜ਼ਾਈ ਕੀਤੀ ਹੈ।ਮਹਿਤਾ ਸਰਕਲ ਤੋਂ ਕਰਮਜੀਤ ਸਿੰਘ ਲਾਲੀ ਨੂੰ ਖੁੱਲ੍ਹੀ ਗੱਡੀ ਉੱਪਰ ਬਿਠਾ ਕੇ ਬਹੁਤ ਹੀ ਨਵੇਕਲੇ ਢੰਗ ਨਾਲ ਸ਼ਮੂਲੀਅਤ ਕਰਵਾਈ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਮਜੀਤ ਸਿੰਘ ਲਾਲੀ ਮਹਿਤਾ, ਕੁਲਬੀਰ ਸਿੰਘ ਚੂੰਗ, ਜਸਪਾਲ ਸਿੰਘ ਮਨੀ, ਗੁਰਮੇਲ ਸਿੰਘ ਗੇਜਾ, ਤਰਸਿੱਕਾ ਬਲਾਕ ਤੋਂ ਤਰਸੇਮ ਸਿੰਘ ਸਾਧਪੁਰ ਅੱਡਾ ਖੁਜਾਲਾ, ਨਰਿੰਦਰ ਸਿੰਘ ਫਤਿਹਪੁਰ, ਰੂਪ ਡੱਡੂਆਣਾ, ਗੁਰਦੀਪ ਸਿੰਘ ਤਰਸਿੱਕਾ, ਬਲਬੀਰ ਸਿੰਘ ਗੋਰਾ, ਨਿਰਵੈਲ ਸਿੰਘ ਭੁੱਲਰ, ਨਾਥ ਦੀ ਖੂਹੀ ਤੋਂ ਸੁਰਿੰਦਰ ਸਿੰਘ, ਰਣਜੀਤ ਸਿੰਘ ਰਾਜਾ, ਮੰਨੂ ਬੱਚਾ, ਸਤੀਸ਼ ਕੁਮਾਰ ਸ਼ੁਭ ਮਹਿਤਾ, ਪਲਵਿੰਦਰ ਸਿੰਘ ਗੀਟਾ ਟਾਹਲੀ ਸਾਹਿਬ, ਮੱਲੀ ਟਾਹਲੀ ਸਾਹਿਬ, ਸੁਖਰਾਜ ਟਾਹਲੀ ਸਾਹਿਬ, ਸੰਦੀਪ ਕਲੀਆ ਮਹਿਤਾ, ਸਰਬ ਦਿਆਲ ਸਿੰਘ ਨਾਥ ਦੀ ਖੂਹੀ, ਵਰਿੰਦਰ ਸਿੰਘ ਬਾਊ ਮਹਿਤਾ, ਤਰਸੇਮ ਬੁਤਾਲਾ, ਗਿੱਲ ਖਲਚੀਆਂ ਨੇ ਵੀ ਆਪਣੇ ਸਾਥੀਆਂ ਸਮੇਤ ਫੋਟੋਗ੍ਰਾਫੀ ਮੇਲੇ ਵਿੱਚ ਸ਼ਮੂਲੀਅਤ ਕੀਤੀ।

# ਚੰਨਣਕੇ ਦੇ ਸ਼ਮਸ਼ਾਨਘਾਟ ਦੀ ਕੀਤੀ ਸਾਫ-ਸਫਾਈ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਵਾਤਾਵਰਣ ਦੀ ਸ਼ੁੱਧਤਾ ਅਤੇ ਕੁਦਰਤ ਨੂੰ ਹਰਾ ਭਰਾ ਬਣਾਉਣ ਲਈ ਪਿੰਡ ਚੰਨਣਕੇ ਦੇ ਨੌਜਵਾਨਾਂ ਨੇ ਬਹੁਤ ਵੱਡਾ ਉਪਰਾਲਾ ਕੀਤਾ ।ਪਹਿਲਾਂ ਪਿੰਡ ਚੰਨਣਕੇ, ਨਵਾਂ ਚੰਨਣਕੇ ਦੇ ਸ਼ਮਸ਼ਾਨਘਾਟ ਦੀ ਆਪੋ-ਆਪਣੇ ਵੱਲੋਂ ਸਫਾਈ ਕੀਤੀ ਗਈ।ਫ਼ਿਰ ਛਾਂਦਾਰ ਬੂਟੇ ਲਗਾਏ ਗਏ ਕਿਉਂਕਿ ਆਉਣ ਵਾਲੇ ਸਮੇ ਵਿੱਚ ਪਾਣੀ ਥੱਲੇ ਨੂੰ ਜਾ ਰਿਹਾ ਹੈ।ਪੰਜਾਬ ਦਾ ਵਾਤਾਵਰਣ ਗੰਧਲਾ ਹੁੰਦਾ ਜਾ ਰਿਹਾ ਹੈ।ਪਿੰਡਾਂ ਵਿੱਚ ਨੌਜਵਾਨਾਂ ਨੂੰ ਆਪੋ ਆਪਣੇ ਪਿੰਡਾਂ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦਾ ਹਨ।ਰੁੱਖਾਂ ਨੂੰ ਆਪਣੇ ਪੁੱਤਰਾਂ ਵਾਂਗੂ ਪਾਲਣਾ ਚਾਹੀਦਾ ਹੈ ਤਾਂ ਕਿ ਸਾਡਾ ਪੰਜਾਬ ਰੰਗਲਾ ਬਣ ਸਕੇ। ਇਸ ਦੌਰਾਨ ਗੁਰਪ੍ਰੀਤ ਸਿੰਘ ਸ਼ਾਹ, ਸੂਬੇਦਾਰ ਕਰਤਾਰ ਸਿੰਘ, ਮੈਂਬਰ ਰੂੜ ਸਿੰਘ, ਨਵਦੀਪ ਸਿੰਘ ਬਾਠ, ਮੈਂਬਰ ਗੁਰਦੇਵ ਸਿੰਘ, ਸ਼ਮਸ਼ੇਰ ਸਿੰਘ ਸ਼ੇਰਾ, ਗਗਨ ਯਾਦਵ, ਕਰਨਦੀਪ ਸਿੰਘ, ਨਿੱਕਾ ਭੂਰਾ, ਪਰੀਤ, ਮਨਜੀਤ ਸਿੰਘ ਮਾਨਾ ਆਦਿ ਨੌਜਵਾਨ ਹਾਜ਼ਰ ਸਨ।

# ਪੁਲਸ ਵੱਲੋਂ ਨਾਜਾਇਜ਼ ਸ਼ਰਾਬ ਬਰਾਮਦ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਧਾਰੀਵਾਲ ਪੁਲਸ ਨੇ ਨਸ਼ਿਆਂ ਖ਼ਿਲਾਫ਼ ਕਾਰਵਾਈ ਕਰਦਿਆਂ ਨਸ਼ਾ ਤਸਕਰ ਨੂੰ ਕਾਬੂ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਬਲਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਪੁਲਸ ਪਾਰਟੀ ਸਮੇਤ ਭੈੜੇ ਪੁਰਸ਼ਾਂ ਦੇ ਸੰਬੰਧ ਵਿੱਚ ਕਲਿਆਣਪੁਰ ਮੋੜ ਰਣੀਆ ਤੋਂ ਸੱਬਾ ਮਸੀਹ ਪੁੱਤਰ ਰੁਲਦੂ ਵਾਸੀ ਹਸਨਪੁਰ ਸਿੰਘੋਵਾਲ, ਥਾਣਾ ਸਦਰ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਸਕੂਟਰੀ ਨੰਬਰ ਪੀਬੀ.06.ਬੀ.ਐ.4750 ਸਮੇਤ ਕਾਬੂ ਕਰਕੇ ਸਕੂਟਰੀ ਦੇ ਅੱਗੇ ਰੱਖੇ ਕੈਨ ਪਲਾਸਟਿਕ ਨੂੰ ਚੈਕ ਕੀਤਾ ਜਿਸ ਵਿਚੋਂ 22,500 ਐਮ.ਐਲ ਨਜਾਇਜ਼ ਸਰਾਬ ਬਰਾਮਦ ਹੋਈ ਹੈ। ਇਸੇ ਤਰ੍ਹਾਂ ਥਾਣਾ ਕਾਹਨੂੰਵਾਲ ਪੁਲਿਸ ਦੇ ਏ.ਐਸ.ਆਈ. ਪਲਵਿੰਦਰ ਸਿੰਘ ਨੇ ਪੁਲਿਸ ਪਾਰਟੀ ਸਮੇਤ ਟਾਂਗਿਆਂ ਵਾਲਾ ਅੱਡਾ ਪੰਡੋਰੀ ਰੋਡ ਤੁਗਲਵਾਲ ਤੋਂ ਬਲਵੰਤ ਸਿੰਘ ਬੰਤੂ ਪੁੱਤਰ ਬਲਕਾਰ ਸਿੰਘ ਵਾਸੀ ਤੁਗਲਵਾਲ ਨੂੰ 7500 ਐੱਮ. ਐੱਲ. ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਉਕਤ ਦੋਸ਼ੀਆਂ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।



29-June-PAGE-4.qxd 6/28/2024 9:16 PM Page 1

ਨਵਾਂ ਜ਼ਮਾਨਾ

ਸ਼ਨੀਵਾਰ, 29 ਜੂਨ 2024

# ਧਾਰਮਿਕ ਘੱਟਗਿਣਤੀਆਂ ਲਈ ਮਾਹੌਲ ਖਰਾਬ

*ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ ਵਿੱਚ ਧਰਮ ਤਬਦੀਲੀ ਵਿਰੋਧੀ ਕਾਨੂੰਨਾਂ, ਨ.ਫਰਤੀ ਭਾਸ਼ਣਾਂ ਤੇ ਘੱਟਗਿਣਤੀ ਫਿਰਕਿਆਂ ਦੇ ਧਰਮ ਸਥਾਨਾਂ ਤੇ ਘਰਾਂ ਨੂੰ ਤਹਿਸ-ਨਹਿਸ ਕਰਨ ਦੀਆਂ ਘਟਨਾਵਾਂ ’ਤੇ ਚਿੰਤਾ ਪ੍ਰਗਟ ਕੀਤੀ ਹੈ।*

*ਕੌਮਾਂਤਰੀ ਧਾਰਮਿਕ ਅਜ਼ਾਦੀ ਬਾਰੇ ਵਿਦੇਸ਼ ਵਿਭਾਗ ਦੀ ਸਾਲਾਨਾ ਰਿਪੋਰਟ ਜਾਰੀ ਕਰਦਿਆਂ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਕਿ ਦੁਨੀਆ ਭਰ ਵਿੱਚ ਲੋਕ ਆਪਣੀ ਧਾਰਮਿਕ ਅਜ਼ਾਦੀ ਦੀ ਰਾਖੀ ਲਈ ਸਖ਼ਤ ਸੰਘਰਸ਼ ਕਰ ਰਹੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕੀ ਅਧਿਕਾਰੀ ਭਾਰਤ ਸਰਕਾਰ ਤੇ ਉਸ ਦੇ ਮੰਤਰੀਆਂ ਕੋਲ ਧਾਰਮਿਕ ਅਜ਼ਾਦੀ ਦੇ ਮੁੱਦੇ ਉੱਤੇ ਚਿੰਤਾ ਪ੍ਰਗਟ ਕਰਦੇ ਰਹੇ ਹਨ। ਇਸ ਦੇ ਬਾਵਜੂਦ ਭਾਰਤ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਸ਼ਣ ਵਿਵਾਦਪੂਰਨ ਰਹੇ ਹਨ। ਮੋਦੀ ਨੇ ਆਪਣੇ ਚੋਣ ਭਾਸ਼ਣਾਂ ਵਿੱਚ ਸਿੱਧੇ ਤੌਰ ’ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਸੀ। ਉਸ ਨੇ ਉਨ੍ਹਾਂ ਨੂੰ ਵੱਧ ਬੱਚੇ ਪੈਦਾ ਕਰਨ ਵਾਲੇ ਤੇ ਘੁਸਪੈਠੀਏ ਤੱਕ ਕਿਹਾ ਸੀ। ਹਿੰਦੂਆਂ ਵਿੱਚ ਮੁਸਲਮਾਨਾਂ ਬਾਰੇ ਘ੍ਰਿਣਾ ਪੈਦਾ ਕਰਨ ਲਈ ਹਿੰਦੂ ਔਰਤਾਂ ਦੇ ਮੰਗਲ ਸੂਤਰ ਤੋਂ ਲੈ ਕੇ ਹਿੰਦੂਆਂ ਦੀਆਂ ਮੱਝਾਂ ਤੱਕ ਨੂੰ ਮੁਸਲਮਾਨਾਂ ਤੋਂ ਖਤਰਾ ਦੱਸਿਆ ਸੀ। ਭਾਰਤ ਦੇ ਚੋਣ ਕਮਿਸ਼ਨ ਨੇ ਇਨ੍ਹਾਂ ਭਾਸ਼ਣਾਂ ’ਤੇ ਕੋਈ ਰੋਕ ਨਾ ਲਾਈ। ਭਾਰਤ ਦੀਆਂ ਅਦਾਲਤਾਂ ਵੀ ਚੁੱਪ ਰਹੀਆਂ, ਜਦੋਂ ਕਿ ਉਨ੍ਹਾਂ ਨੇ ਨ.ਫਰਤੀ ਭਾਸ਼ਣਾਂ ਬਾਰੇ ਆਦੇਸ਼ ਜਾਰੀ ਕੀਤਾ ਹੋਇਆ ਸੀ।*

*ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੇ 28 ਵਿੱਚੋਂ 10 ਰਾਜਾਂ ਵਿੱਚ ਧਰਮ ਤਬਦੀਲੀ ਕਾਨੂੰਨ ਬਣੇ ਹੋਏ ਹਨ। ਕੁਝ ਰਾਜਾਂ ਵਿੱਚ ਵਿਆਹ ਲਈ ਧਰਮ ਤਬਦੀਲੀ ਕਰਨ ’ਤੇ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਦੀ ਵਰਤੋਂ ਘੱਟਗਿਣਤੀਆਂ ਵਿਰੁੱਧ ਕੀਤੀ ਜਾਂਦੀ ਹੈ। ਧਾਰਮਿਕ ਘੱਟਗਿਣਤੀਆਂ ਦੇ ਕੁਝ ਮੈਂਬਰਾਂ ਨੇ ਹਿੰਸਾ ਤੋਂ ਬਚਣ ਤੇ ਆਪਣੀ ਧਾਰਮਿਕ ਆਸਥਾ ਦੀ ਅਜ਼ਾਦੀ ਦੀ ਰਾਖੀ ਲਈ ਅਦਾਲਤਾਂ ਦਾ ਬੂਹਾ ਵੀ ਖੜਕਾਇਆ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਸਰਕਾਰ ਹਿੰਦੂ ਗੁੰਡਾ ਗਰੋਹਾਂ ਕੋਲੋਂ ਉਨ੍ਹਾਂ ਦੀ ਰਾਖੀ ਨਹੀਂ ਕਰ ਰਹੀ।*

*ਭਾਰਤ ਨੇ ਧਾਰਮਿਕ ਅਜ਼ਾਦੀ ਬਾਰੇ ਅਮਰੀਕਾ ਵੱਲੋਂ ਜਾਰੀ ਕੀਤੀ ਜਾਣ ਵਾਲੀ ਹਰ ਰਿਪੋਰਟ ਨੂੰ ਖਾਰਜ ਕੀਤਾ ਹੈ, ਹਾਲਾਂਕਿ ਵਿਦੇਸ਼ੀ ਮੀਡੀਆ ਸਮੇਂ-ਸਮੇਂ ਉੱਤੇ ਭਾਰਤ ਵਿੱਚ ਘੱਟਗਿਣਤੀਆਂ ਉੱਤੇ ਹੁੰਦੇ ਜਬਰ ਦੀਆਂ ਖ਼ਬਰਾਂ ਪ੍ਰਕਾਸ਼ਤ ਕਰਦਾ ਰਿਹਾ ਹੈ। ਮਨੀਪੁਰ ਜਾਤੀ ਹਿੰਸਾ ਦੌਰਾਨ ਜਦੋਂ ਈਸਾਈਆਂ ਦੇ 300 ਤੋਂ ਵੱਧ ਚਰਚ ਸਾੜ ਦਿੱਤੇ ਗਏ ਸਨ ਤਾਂ ਸਰਕਾਰ ਉਸ ਸੰਬੰਧੀ ਛਪੀਆਂ ਰਿਪੋਰਟਾਂ ਦਾ ਖੰਡਨ ਨਹੀਂ ਸੀ ਕਰ ਸਕੀ।*

*ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਜਦੋਂ ਇਹ ਰਿਪੋਰਟ ਜਾਰੀ ਕੀਤੀ ਜਾ ਰਹੀ ਸੀ ਤਾਂ ਦੇਸ਼ ਵਿੱਚ ਮੁੜ ਬੁਲਡੋਜ਼ਰ ਰਾਜ ਦੀ ਵਾਪਸੀ ਹੋ ਰਹੀ ਸੀ। ਮੱਧ ਪ੍ਰਦੇਸ਼ ਵਿੱਚ ਮੁਸਲਮਾਨਾਂ ਦੇ ਘਰਾਂ ਉੱਤੇ ਫਰਿੱਜ ਵਿੱਚ ਗਊ ਮਾਸ ਦਾ ਦੋਸ਼ ਲਾ ਕੇ ਬੁਲਡੋਜ਼ਰ ਚਲਾਇਆ ਜਾ ਰਿਹਾ ਸੀ। ਕੇਂਦਰ ਵਿੱਚ ਮੁੜ ਮੋਦੀ ਦੀ ਸਰਕਾਰ ਬਣਨ ਤੋਂ ਬਾਅਦ 15 ਦਿਨਾਂ ਅੰਦਰ ਭੀੜਤੰਤਰ ਦੀਆਂ ਚਾਰ ਘਟਨਾਵਾਂ ਹੋ ਚੁੱਕੀਆਂ ਸਨ, ਜਿਨ੍ਹਾਂ ਵਿੱਚ ਮੁਸਲਮਾਨ ਵਿਅਕਤੀਆਂ ਨੂੰ ਮਾਰ ਦਿੱਤਾ ਗਿਆ ਸੀ।*

*ਅਮਰੀਕੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੱਖਰੇ-ਵੱਖਰੇ ਫਿਰਕਿਆਂ ਦੇ ਧਾਰਮਿਕ ਕਾਨੂੰਨਾਂ ਦੀ ਥਾਂ ਕੌਮੀ ਪੱਧਰ ’ਤੇ ਸਮਾਨ ਨਾਗਰਿਕ ਕੋਡ ਲਾਗੂ ਕਰਨ ਦਾ ਫੈਸਲਾ ਲਿਆ ਹੈ। ਮੁਸਲਿਮ, ਸਿੱਖ, ਈਸਾਈ ਤੇ ਆਦਿਵਾਸੀ ਸਮੂਹਾਂ ਦੇ ਆਗੂਆਂ ਨੇ ਇਸ ਕੋਸ਼ਿਸ਼ ਦਾ ਇਹ ਕਹਿ ਕੇ ਵਿਰੋਧ ਕੀਤਾ ਹੈ ਕਿ ਇਹ ਮੋਦੀ ਸਰਕਾਰ ਦੇ ਦੇਸ਼ ਨੂੰ ਹਿੰਦੂ ਰਾਸ਼ਟਰ ਵਿੱਚ ਬਦਲਣ ਦੀ ਯੋਜਨਾ ਦਾ ਹਿੱਸਾ ਹੈ।*

## ਭਰਦਾਨ ਤੋਂ ਅਸਤੀਫਾ ?

*ਕਰਿਆ ‘ਬੱਜਰ ਗੁਨਾਹ’ ਹੈ ਸਾਰਿਆਂ ਨੇ,*
*ਪੰਥਕ ਫਲਸਫੇ ਵਿਰਸੇ ਨੂੰ ਢਾਹੁਣ ਦਾ ਜੀ।*
*‘ਚਮਚੇ ਕੜਛੀਆਂ’ ਬਣ ਬਣ ਕੇ ਰਹੇ ਬੈਠੇ,*
*ਸਮਾਂ ਜਦੋਂ ਸੀ ‘ਖਰੀਆਂ’ ਸੁਣਾਉਣ ਦਾ ਜੀ।*
*ਬਹੁਤ ਲੇਟ ‘ਸੰਘਰਸ਼’ ਹਨ ਕਰਨ ਲੱਗੇ,*
*ਬਾਦਲ ਨਾਮ ਤੋਂ ਮੁਕਤੀਆਂ ਪਾਉਣ ਦਾ ਜੀ।*
*ਕਰਕੇ ਮੰਗ ‘ਅਸਤੀਫੇ’ ਦੀ ਚਾਹੁਣ ਭਾਈ,*
*ਕਰੀਏ ‘ਕੰਮ’ ਹੁਣ ਪੰਥ ਨੂੰ ਭਾਉਣ ਦਾ ਜੀ।*
*ਦੋਹਾਂ ਧੜਿਆਂ ਦਾ ਮਿਸ਼ਨ ਹੈ ਇੱਕ ਲੱਗਦਾ,*
*‘ਕਾਰਤੂਸ ਚੱਲ ਚੁੱਕੇ’ ਚਲਾਉਣ ਦਾ ਜੀ।*
*ਜਦ ਚਿੜੀਆਂ ਨੇ ਚੁਗ ਲਿਆ ਖੇਤ ਸਾਰਾ,*
*ਚੇਤਾ ਆਇਆ ਪ੍ਰਧਾਨ ਨੂੰ ਲਾਹੁਣ ਦਾ ਜੀ।*

**-ਤਰਲੋਚਨ ਸਿੰਘ ਦੁਪਾਲਪੁਰ, 78146-92724**

# ਆਜ਼ਾਦੀ ਸੰਗਰਾਮ ’ਚ ਜੂਨ ਮਹੀਨੇ ਦੀ ਮਹੱਤਤਾ

**ਚਰੰਜੀ ਲਾਲ ਕੰਗਣੀਵਾਲ**

ਆਜ਼ਾਦੀ ਸੰਗਰਾਮ ਦੀਆਂ ਇਨਕਲਾਬੀ ਲਹਿਰਾਂ/ਘਟਨਾਵਾਂ, ਜਿਨ੍ਹਾਂ ਦਾ ਸਬੰਧ ਜੂਨ ਮਹੀਨੇ ਨਾਲ ਹੈ, ਦੇ ਸੰਬੰਧ ਵਿਚ 29 ਜੂਨ ਨੂੰ ਵਿਸ਼ੇਸ਼ ਵਿਚਾਰ ਚਰਚਾ ਦਾ ਉਦੇਸ਼ ਤਾਂ ਮਹੀਨੇ ਦੀ ਮਹੀਨੇ ਇਨਕਲਾਬੀ ਲਹਿਰਾਂ ਦੀਆਂ ਮੁੱਖ ਘਟਨਾਵਾਂ ਨੂੰ ਯਾਦ ਕਰਨਾ ਹੈ ਤਾਂ ਕਿ ਸਾਡੇ ਇਹ ਧੁਰ ਅੰਦਰ ਸਮੋਈਆਂ ਮੁੜ-ਮੁੜ ਯਾਦ ਆਉਂਦੀਆਂ ਰਹਿਣ, ਜਿਨ੍ਹਾਂ ਨੂੰ ਸੱਤਾਧਾਰੀ ਸਾਥੋਂ ਵਿਸਾਰਨਾ ਚਾਹੁੰਦੇ ਹਨ:

ਸਿੱਖ ਰਾਜ ਦੇ ਖਾਤਮੇ ਦੇ ਬਾਵਜੂਦ ਆਖਰੀ ਦਮ ਤੱਕ ਅੰਗਰੇਜ਼ਾਂ ਵਿਰੁੱਧ ਭਾਈ ਮਹਾਰਾਜ ਸਿੰਘ ਨੇ ਜੱਦੋ-ਜਹਿਦ ਜਾਰੀ ਰੱਖਣ ਦਾ ਅਹਿਦ ਕੀਤਾ ਸੀ। ਆਦਮਪੁਰ ਦੇ ਨਜ਼ਦੀਕ ਕੰਦੋਲਾ ਪਿੰਡ ਤੋਂ ਗ੍ਰਿਫ਼ਤਾਰ ਕਰਕੇ ਉਨ੍ਹਾ ਨੂੰ ਜਲਾਵਤਨ ਕਰਨ ਲਈ 14 ਜੂਨ, 1850 ਨੂੰ ਉਸ ਦੇ ਸਾਥੀ ਖੜਕ ਸਿੰਘ ਨਾਲ ਸਿੰਘਪੁਰ ਭੇਜਿਆ ਗਿਆ। ਉਥੇ ਉਹ ਦਰਦਨਾਕ ਹਾਲਤਾਂ ਵਿਚ ਸ਼ਹੀਦੀ ਜਾਮ ਪੀ ਗਏ ਸਨ।

1857 ਦੇ ਗ਼ਦਰ ਸਮੇਂ ਬਹੁਤ ਸਾਰੀਆਂ ਘਟਨਾਵਾਂ ਈਸਟ ਇੰਡੀਆ ਕੰਪਨੀ ਦੇ ਖ਼ਿਲਾਫ਼ ਫ਼ਿਰੋਜ਼ਪੁਰ ਤੇ ਲੁਧਿਆਣਾ ਦੀਆਂ ਘਟਨਾਵਾਂ ਉਪਰੰਤ ਅੰਗਰੇਜ਼ੀ ਫੌਜਾਂ ਨੇ ਜਲੰਧਰ ਸ਼ਹਿਰ ਨੂੰ ਕਾਬੂ ਹੇਠ ਰੱਖਣ ਲਈ ਮੋਰਚਾਬੰਦੀ ਕੀਤੀ ਤਾਂ ਖ਼ਜ਼ਾਨਾ ਫਿਲੌਰ ਦੇ ਕਿਲ੍ਹੇ ਵਿਚ ਭੇਜ ਦਿੱਤਾ ਸੀ। ਗ਼ਦਰ ਦੇ ਅਸਰ ਹੇਠ ਭਾਰਤੀ ਫ਼ੌਜੀ ਕ੍ਰੋਧ ਵਿਚ ਆ ਗਏ। ਆਮ ਸ਼ਹਿਰੀ ਵੀ ਉਨ੍ਹਾਂ ਨਾਲ ਰਲ ਗਏ। 7 ਜੂਨ ਨੂੰ ਵੱਡੇ ਪੈਮਾਨੇ ’ਤੇ ਫ਼ਸਾਦ ਭੜਕ ਉੱਠੇ। ਉਦੋਂ 8ਵੀਂ ਗੋਰਾ ਫੌਜ ਜਲੰਧਰ ਵਿਚ ਸੀ। ਬਾਗ਼ੀ ਫ਼ੌਜੀਆਂ ਦਾ ਇਕ ਹਿੱਸਾ ਹੁਸ਼ਿਆਰਪੁਰ ਵੱਲ, ਦੂਜਾ ਫਿਲੌਰ ਵੱਲ ਚੱਲ ਪਏ ਸਨ। ਇਨ੍ਹਾਂ ਬਾਗ਼ੀ ਫ਼ੌਜੀਆਂ ਨੇ ਸਤਲੁਜ ਦਰਿਆ ਪਾਰ ਕਰ ਕੇ ਲੁਧਿਆਣਾ ਦੇ ਕਿਲ੍ਹੇ ਉੱਪਰ ਕਬਜ਼ਾ ਕਰ ਲਿਆ, ਜੇਲ੍ਹ ਤੋੜ ਕੇ ਸਾਰੇ ਕੈਦੀ ਰਿਹਾਅ ਕਰਵਾ ਲਏ। ਕਸੌਲੀ ਦੀ ਛਾਉਣੀ ਵਿਚ ਤਾਇਨਾਤ ਗੋਰਖਾ ਅਤੇ ਦੇਸ਼ੀ ਪਲਟਨ ਨੇ ਵਿਦਰੋਹ ਕੀਤਾ ਤਾਂ ਦੂਜੇ ਪਾਸੇ ਸਬਾਥੂ ਦੀ ਪ੍ਰੇਡ ਗਰਾਊਂਡ ਦੇ ਇਕ ਖੂੰਜੇ ਵੱਡੇ ਰੁੱਖ ਹੇਠ ਬਣੇ ਮੰਦਰ ਵਿਚ ਰਹਿੰਦੇ ਸਾਧੂ ਰਾਮ ਪ੍ਰਸਾਦ ਵੈਰਾਗੀ ਵੱਲੋਂ ਪਟਿਆਲੇ ਦੇ ਰਾਜ ਪ੍ਰੋਹਤ ਨੂੰ ਵੇਰਵੇ ਸਹਿਤ ਸਹਾਰਨਪੁਰ ’ਚ ਤਾਇਨਾਤ ਨਸੀਰੀ ਸੈਨਾ ਸਮੇਤ ਗੋਰਖਾ ਸਿਪਾਹੀਆਂ ਅਤੇ ਬੁਸ਼ਹਿਰ ਦੇ ਰਾਜ ਕੁਮਾਰ ਦੀ ਹਮਾਇਤ ਦਾ ਉਲੇਖ ਸੀ, ਲਿਖੇ ਦੋ ਬਾਗ਼ੀ ਖ਼ਤ 12 ਜੂਨ 1857 ਨੂੰ ਫੜੇ ਗਏ। ਰਾਜ ਧ੍ਰੋਹ ਦੇ ਜੁਰਮ ਹੇਠ ਸਾਧੂ ਰਾਮ ਪ੍ਰਸਾਦ ਵੈਰਾਗੀ ਨੂੰ ਫਾਹੇ ਟੰਗਣ ਦੀ ਸਜ਼ਾ ਦਿੱਤੀ ਗਈ ਸੀ।

ਨਾਮਧਾਰੀ ਲਹਿਰ ਵਿਚ ਜੂਨ ਮਹੀਨੇ ਦੀ ਬਹੁਤ ਮਹੱਤਤਾ ਹੈ। ਬਾਬਾ ਰਾਮ ਸਿੰਘ ਨੇ ਨਿਰਸਵਾਰਥ ਸੇਵਾ ਦੇਣ ਵਾਲੇ 22 ਸੂਬਿਆਂ ਦੀ ਨਿਯੁਕਤੀ ਕੀਤੀ, ਜਿਸ ਵਿਚ ਇਕ ਇਸਤਰੀ ਸੂਬਾ ਵੀ ਸੀ। ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਰੁਤਬਾ ਦੇਣ ਦੀ ਇਹ ਪਹਿਲੀ ਮਿਸਾਲ ਸੀ। ਇਸ ਨੂੰ ਅੱਗੇ ਤੋਰਦਿਆਂ ਜੂਨ 1863 ਨੂੰ ਇਸਤਰੀਆਂ ਨੂੰ ਅੰਮ੍ਰਿਤਪਾਨ ਕਰਵਾਉਣ ਅਤੇ 3 ਜੂਨ 1863 ਵਾਲੇ ਦਿਨ ਖਰਚੀਲੇ ਵਿਆਹਾਂ ਦਾ ਤੌਰ-ਤਰੀਕਾ ਬਦਲ ਕੇ ਗੁਰਮਤਿ ਮਰਿਆਦਾ ਅਨੁਸਾਰ ਸਮੂਹਕ ਆਨੰਦ-ਕਾਰਜ ਕਰਨ ਦਾ ਸਵੱਲਾ ਤਰੀਕਾ ਸ਼ੁਰੂ ਕੀਤਾ ਗਿਆ।

ਅੰਗਰੇਜ਼ੀ ਰਾਜ ਦੀ ਕੁਟਿਲ-ਨੀਤੀ ਤਹਿਤ ਬੁੱਚੜਖਾਨੇ ਖੁਲ੍ਹਵਾ ਕੇ ਗਊ-ਬਧ ਕੀਤਾ ਜਾਣ ਲੱਗਿਆ ਤਾਂ ਨਾਮਧਾਰੀ ਸੂਰਮਿਆਂ ਨੇ ਇਨ੍ਹਾਂ ਬੁੱਚੜਖਾਨਿਆਂ ਨੂੰ ਬੰਦ ਕਰਾਉਣ ਦਾ ਬੀੜਾ ਉਠਾਇਆ। 2 ਅਤੇ 3 ਜੂਨ 1871 ਦੀਆਂ ਕੋਸ਼ਿਸ਼ਾਂ ਰਹਿ ਜਾਣ ਦੇ ਬਾਅਦ 14-15 ਜੂਨ 1871 ਦੀ ਵਿਚਕਾਰਲੀ ਰਾਤ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਕੋਲ ਖੁੱਲ੍ਹੇ ਬੁੱਚੜਖਾਨੇ ’ਤੇ ਧਾਵਾ ਬੋਲ ਕੇ ਬੁੱਚੜ ਮਾਰ ਦਿੱਤੇ ਸਨ। ਇਨ੍ਹਾਂ ਕਤਲਾਂ ਦੇ ਦੋਸ਼ ਹੇਠ ਹਾਕਮ ਸਿੰਘ ਪਟਵਾਰੀ, ਬੀਹਲਾ ਸਿੰਘ, ਲਹਿਣਾ ਸਿੰਘ ਤਰਖਾਣ, ਫਤਿਹ ਸਿੰਘ ਅਤੇ ਝੰਡਾ ਸਿੰਘ ਫਾਂਸੀ ਲਾਏ ਗਏ ਸਨ। 2 ਜੂਨ 1863 ਨੂੰ ਫ਼ਿਰੋਜ਼ਪੁਰ ਦੇ ਪਿੰਡ ਖੋਟੇ ’ਚ ਭਾਰੀ ਦੀਵਾਨ ’ਚ ਬਾਬਾ ਰਾਮ ਸਿੰਘ ਸ਼ਾਮਲ ਹੋਏ।

ਗ਼ਦਰ ਪਾਰਟੀ ਲਹਿਰ ਦੀਆਂ ਬਹੁਤੀਆਂ ਘਟਨਾਵਾਂ ਜੂਨ ਮਹੀਨੇ ਨਾਲ ਸੰਬੰਧਤ ਹਨ।

ਜਗਜੀਤ ਸਿੰਘ ਨੇ ਲਿਖਿਆ ਕਿ ਇਹ ਨਵੀਂ ਸੂਚਨਾ ਹੈ ਕਿ ਗ਼ਦਰ ਪਾਰਟੀ 2 ਜੂਨ, 1913 ਨੂੰ ਕਾਇਮ ਹੋਈ, ਪਰ ਸਰਗਰਮੀ ਪਹਿਲੀ ਨਵੰਬਰ ਨੂੰ ਸ਼ੁਰੂ ਹੋਈ। 3 ਜੂਨ 1913 ਦੀ ਰਾਤ ਨੂੰ ਹਿੰਦੂ ਹੋਟਲ ਵਿਚ ਮੀਟਿੰਗ ਹੋਈ, ਜਿਸ ਵਿਚ ਭਾਰਤ ਨੂੰ ਭੇਜਣ ਲਈ ਆਦਮੀ ਚੁਣੇ ਜਾਣ, ਜਿਹੜੇ ਜਾ ਕੇ ਹਿੰਦੀ ਭਾਈਆਂ ਅੰਦਰ ਇਨਕਲਾਬੀ ਸੂਝ ਪੈਦਾ ਕਰਨ ਬਾਰੇ ਫੈਸਲਾ ਕੀਤਾ ਗਿਆ। । 4 ਜੂਨ 1913 ਨੂੰ ਲਾਲਾ ਹਰਦਿਆਲ ਨੇ ਅਸਟੋਰੀਆ ਦੇ ਫਿਨਿਸ਼ ਸੋਸ਼ਲਿਸਟ ਹਾਲ ਵਿਚ ਤਕਰੀਰ ਕਰਦੇ ਕਿਹਾ, ‘ਦਸਾਂ ਸਾਲਾਂ ਵਿਚ ਲੜਾਈ ਲੜ ਕੇ ਇਨਕਲਾਬ ਕਰ ਦਿੱਤਾ ਜਾਵੇਗਾ।’

4 ਜੂਨ, 1914 ਨੂੰ ਇਕ ਮਹੱਤਵਪੂਰਨ ਮੀਟਿੰਗ ਯੁਗਾਂਤਰ ਆਸ਼ਰਮ ਵਿਚ ਹੋਈ, ਜਿਸ ਵਿਚ ਜੰਗ ਦੀ ਖਬਰ ਸੁਣ ਕੇ ਪਾਰਟੀ ਨੇ ਫੈਸਲਾ ਕੀਤਾ ਕਿ ਇਹ ਗ਼ਦਰ ਸ਼ੁਰੂ ਕਰਨ ਲਈ ਬੜਾ ਢੁਕਵਾਂ ਮੌਕਾ ਹੈ। 7 ਜੂਨ 1914 ਨੂੰ ਅਸਟੋਰੀਆ ਵਿਚ ਇਕ ਹੋਰ ਵੱਡੀ ਮੀਟਿੰਗ ਹੋਈ। ਭਾਈ ਭਗਵਾਨ ਸਿੰਘ, ਬਾਬਾ ਸੋਹਣ ਸਿੰਘ ਭਕਨਾ ਤੇ ਮੌਲਵੀ ਬਰਕਤ ਉੱਲਾ ਨੇ ਬਹੁਤ ਜੋਸ਼ੀਲੀਆਂ ਤਕਰੀਰਾਂ ਕੀਤੀਆਂ ਅਤੇ ਹਰ ਇਕ ਨੇ ਸਰੋਤਿਆਂ ਨੂੰ ਮਸ਼ਵਰਾ ਦਿੱਤਾ ਕਿ ਹਿੰਦੁਸਤਾਨ ਜਲਦੀ ਵਾਪਸ ਜਾਣ ਅਤੇ ਗ਼ਦਰ ਕਰਨ ਦਾ ਇਹੀ ਸਮਾਂ ਹੈ। ਸਰੋਤਾ ਜਨ ਫਿਰ 8 ਤੇ 9 ਜੂਨ ਨੂੰ ਇਕੱਠੇ ਹੋਏ ਅਤੇ ਆਉਣ ਵਾਲੇ ਗ਼ਦਰ ਵਿਚ ਲੜ-ਮਰਨ ਦੀਆਂ ਕਸਮਾਂ ਚੁੱਕੀਆਂ। 23 ਜੂਨ 1914 ਨੂੰ ਪੋਰਟਲੈਂਡ ਵਿਚ ਹੋਈ ਮੀਟਿੰਗ ਨੂੰ ਤਾਂ ਬੈਂਡ-ਵਾਜਿਆਂ ਨਾਲ ਜਲੂਸ ਕੱਢ ਕੇ ਸ਼ੁਰੂ ਕੀਤਾ ਗਿਆ। ਦਰਸ਼ਕਾਂ ਨੇ ਆਉਣ ਵਾਲੇ ਗ਼ਦਰ ਵਿਚ ਸ਼ਾਮਲ ਹੋਣ ਦੀਆਂ ਕਸਮਾਂ ਖਾਧੀਆਂ। ਜੂਨ 1916 ਵਿਚ ਭਾਈ ਭਗਵਾਨ ਸਿੰਘ ਪ੍ਰਧਾਨ ਗ਼ਦਰ ਪਾਰਟੀ ਪਨਾਮਾ ਵਿਚ ਗਏ ਅਤੇ ਗ਼ਦਰ ਪਾਰਟੀ ਦੀ ਸ਼ਾਖ ਕਾਇਮ ਕੀਤੀ।

ਜੂਨ 1912 ਦੇ ਅਖੀਰ ’ਚ ਕਲਕੱਤੇ ਦੀ ਇਕ ਜਹਾਜ਼ੀ ਕੰਪਨੀ ਦਾ ਏਜੰਟ ਮਿਸਟਰ ਵਾ ਐਟਕਿਨਸਨ ਵੈਨਕੋਵਰ ਆਇਆ, ਜਿਸ ਨੇ ਇਕ ਜਪਾਨੀ ਜਹਾਜ਼ੀ ਕੰਪਨੀ ਵੱਲੋਂ ਕਲਕੱਤੇ ਤੋਂ ਸਿੱਧੇ ਕੈਨੇਡਾ ਜਹਾਜ਼ ਲਿਆਉਣ ਦੀਆਂ ਸੰਭਾਵਨਾਵਾਂ ਦੀ ਪੁੱਛ-ਹੜਤਾਲ ਕੀਤੀ।

20 ਜੂਨ 1914 ਨੂੰ ਕਾਮਾਗਾਟਾ ਮਾਰੂ ਦੇ ਕਿਰਾਏ ਦਾ ਪਟਾ ਭਾਈ ਭਾਗ ਸਿੰਘ ਭਿੱਖੀਵਿੰਡ ਤੇ ਹਸਨ ਰਹੀਮ ਦੇ ਨਾਂਅ ਲਿਖਵਾਇਆ ਗਿਆ। ਭਾਈ ਗੁਰਦਿਤ ਸਿੰਘ ਸਰਹਾਲੀ ਦੀ ਥਾਂ ਜਹਾਜ਼ ਦੇ ਪਟੇਦਾਰ ਭਾਈ ਭਾਗ ਸਿੰਘ ਤੇ ਹਸਨ ਰਹੀਮ ਹੋ ਗਏ। ਕੈਨੇਡਾ ਦੀ ਸਰਕਾਰ ਨੇ 28 ਜੂਨ ਨੂੰ ਜਹਾਜ਼ ’ਚ ਰਾਸ਼ਨ-ਪਾਣੀ ਜਾਣ, ਪਾਣੀ ਵਿਚ ਖੜੇ ਨੂੰ ਹੀ ਨਿੱਕੀਆਂ ਬੇੜੀਆਂ ਰਾਹੀਂ ਮਾਲ ਲਾਹੁਣ ਤੇ ਲੱਦਣ ਦੀ ਆਗਿਆ ਦਿੱਤੀ।

2 ਜੂਨ 1915 ਨੂੰ ਦਦੇਹਰ ਸਾਹਿਬ ਦੇ ਗੁਪਤ ਅੱਡੇ ਤੇ ਮਾਲਵੇ, ਦੁਆਬੇ ਦੇ ਗ਼ਦਰੀ ਆਗੂਆਂ ਦੀ ਹੋਈ ਮੀਟਿੰਗ ਵਿਚ ਅੱਗੋਂ ਕੰਮ ਚਲਾਉਣ ਲਈ ਸਲਾਹ ਕੀਤੀ ਗਈ ਕਿ ਭਾਰੀ ਤਾਦਾਦ ਵਿਚ ਹਥਿਆਰ ਇਕੱਠੇ ਕਰਨਾ ਅਤੇ ਅੰਗਰੇਜ਼ਾਂ ਦੇ ਝੋਲੀਚੁੱਕਾਂ ਨੂੰ ਜਿਨ੍ਹਾਂ ਗ਼ਦਾਰੀਆਂ ਕਰਕੇ ਲਹਿਰ ਨੂੰ ਨਿਸਫਲ ਕੀਤਾ, ਦਾ ਸਫਾਇਆ ਕਰਨਾ। ਕਪੂਰਥਲਾ ਦੇ ਅਸਲਾਖਾਨਾ ਨੂੰ ਲੁੱਟਣ ਦਾ ਫੈਸਲਾ ਕਰਕੇ 5 ਜੂਨ ਕਪੂਰਥਲੇ ਇਕੱਠੇ ਹੋਣ ਦਾ ਦਿਨ ਮੁਕੱਰਰ ਕੀਤਾ। ਮਿਥੇ ਸਮੇਂ ਕਪੂਰਥਲਾ ਗ਼ਦਰੀ ਆਗੂਆਂ ਤੋਂ ਇਲਾਵਾ ਦੋ ਸੌ ਦੇ ਕਰੀਬ ਇਨਕਲਾਬੀ ਇਕੱਠੇ ਹੋਏ, ਪਰ ਇਨ੍ਹਾਂ ਕੋਲ ਹਥਿਆਰ ਨਾ ਹੋਣ ਕਰਕੇ ਅਗਲੀ ਤਾਰੀਖ 12 ਜੂਨ 1915 ਮੁਕੱਰਰ ਹੋਈ। ਹਥਿਆਰਾਂ ਦਾ ਪ੍ਰਬੰਧ ਕਰਨ ਲਈ ਵੱਲਾ ਪੁੱਲ ’ਤੇ ਲੱਗੀ ਸੁਰੱਖਿਆ ਗਾਰਦ ਤੋਂ ਹਥਿਆਰ ਖੋਹ ਕੇ ਕਪੂਰਥਲਾ ਦੇ ਹਮਲੇ ਵਿਚ ਵਰਤਣ ਦੀ ਸਕੀਮ ਬਣਾਈ ਗਈ। ਮੀਟਿੰਗ ਪਿਛੋਂ ਢੁਡੀਕੇ ਦੇ ਸਾਥੀ ਇਹ ਕਹਿ ਵਿਦਾ ਹੋਏ ਕਿ 12 ਜੂਨ ਨੂੰ ਵੱਲਾ ਪੁਲ ਉਤੇ ਮਿਲਣਗੇ।

5 ਜੂਨ ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਜਗਤਪੁਰ ਦੇ ਅੰਗਰੇਜ਼ ਪ੍ਰਸਤ ਅੱਛਰ ਸਿੰਘ ਨੂੰ ਭਾਈ ਕਾਲਾ ਸਿੰਘ ਜਗਤਪੁਰ ਤੇ ਭਾਈ ਚੰਨਣ ਸਿੰਘ (ਬੂੜ ਚੰਦ) ਮਾਰ ਦਿੱਤੇ ਜਾਣ ਨਾਲ ਕਪੂਰਥਲਾ ਵਾਲੀ ਯੋਜਨਾ ਰਹਿ ਗਈ। ਈਸ਼ਰ ਸਿੰਘ ਢੁਡੀਕੇ ਅਤੇ ਉਤਮ ਸਿੰਘ ‘ਹਾਂਸ’ ਨੂੰ 18 ਜੂਨ 1916 ਨੂੰ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ।

6 ਜੂਨ 1916 ਨੂੰ ਚਾਰ ਗਦਰੀ; ਬੂਟਾ ਸਿੰਘ ਅਕਾਲਗੜ੍ਹ, ਭਾਈ ਵੀਰ ਸਿੰਘ ਬਾਹੋਵਾਲ, ਭਾਈ ਅਰਜਨ ਸਿੰਘ ਜਗਰਾਉਂ ਤੇ ਭਾਈ ਕਪੂਰ ਸਿੰਘ ਕਾਉਂਕੇ ਪਿੰਡ ਚਿੱਟੀ ਤੋਂ ਗ੍ਰਿਫਤਾਰ ਕੀਤੇ ਗਏ, ਜਿਹਨਾਂ ਜ਼ੈਲਦਾਰ ਚੰਦਾ ਸਿੰਘ ਨੂੰ ਮਾਰਿਆ ਸੀ।

ਪੱਧਰੀ ਕਤਲ ਕੇਸ: 29 ਜੂਨ ਨੂੰ ਭਾਈ ਪ੍ਰੇਮ ਸਿੰਘ ਨੇ ਸੈਂਸਰਾ ਦੇ ਜ਼ੈਲਦਾਰ ਈਸ਼ਰ ਸਿੰਘ ਨੂੰ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਬਚ ਗਿਆ। ਖੂਹ ਤੋਂ ਨਹਾ ਕੇ ਘਰ ਆਉਣ ਲੱਗਾ ਤਾਂ ਗ਼ਦਰੀਆਂ ਨੇ ਉਸ ਨੂੰ ਮਾਰ-ਮੁਕਾਇਆ। ਕਪੂਰ ਸਿੰਘ ਨੇ ਅੰਮ੍ਰਿਤਸਰ ਦੇ ਡੀ. ਸੀ. ਨੂੰ ਝਾੜ ਸਾਹਿਬ ਦੀਆਂ ਮੀਟਿੰਗਾਂ ਦੀ ਸੂਚਨਾ ਦਿੱਤੀ ਅਤੇ ਭੂਰੇ ਦੇ ਲਾਲ ਸਿੰਘ ਨੂੰ ਗ੍ਰਿਫਤਾਰ ਕਰਵਾਇਆ ਸੀ। ਮੀਆਂ ਮੀਰ ਫੌਜੀਆਂ ਨੂੰ ਗ੍ਰਿਫਤਾਰ ਕਰਾਇਆ ਸੀ। ਝਾੜ ਸਾਹਿਬ ਵਾਲੇ ਮਹੰਤ ਬੋਘ ਸਿੰਘ ਨੂੰ ਸਰਕਾਰੀ ਗਵਾਹ ਬਣਾਉਣ ਲਈ ਉਸ ਉਪਰ ਤਸ਼ੱਦਦ ਢਾਹਿਆ ਸੀ।

ਵੱਲਾ ਪੁਲ ਦਾ ਸਾਕਾ: 11 ਜੂਨ 1915 ਨੂੰ ਰਾਤ 4 ਵਜੇ ਦੇ ਕਰੀਬ ਵਾਪਰਿਆ, ਜਦੋਂ ਗ਼ਦਰੀਆਂ ਨੇ ਕਈ ਕੋਸ਼ਿਸ਼ਾਂ ਰਹਿ ਜਾਣ ’ਤੇ ਦ੍ਰਿੜ੍ਹ ਨਿਸ਼ਚਾ ਕਰ ਲਿਆ ਸੀ, ‘ਅੱਜ ਰਾਤ ਕੁਝ ਨਾ ਕੁਝ ਕਰਕੇ ਹੀ ਜਾਣਾ ਹੈ।’ ਇਸ ਵਿਚ ਸ਼ਾਮਲ ਭਾਈ ਜਵੰਧ ਸਿੰਘ, ਕਾਲਾ ਸਿੰਘ, ਚੰਨਣ ਸਿੰਘ, ਬੰਤਾ ਸਿੰਘ, ਰੰਗਾ ਸਿੰਘ, ਰੂੜ ਸਿੰਘ, ਹਰਨਾਮ ਸਿੰਘ ਅਤੇ ਆਤਮਾ ਸਿੰਘ ਪੁਲ ਉਪਰ ਤਾਇਨਾਤ 45 ਨੰਬਰ ਦਿਉਲੀ ਪਲਟਨ ਦੇ ਸਿਪਾਹੀਆਂ ਕੋਲੋਂ ਹਥਿਆਰ ਖੋਹਣ ਲਈ ਪਹੁੰਚੇ ਸਨ। ਸਿਪਾਹੀਆਂ ਦੇ ਜਾਗਣ ਕਾਰਨ ਸਾਰੀ ਰਾਤ ਬੀਤ ਜਾਣ ’ਤੇ ਤੜਕਸਾਰ ਇਕ ਮਾਲ ਗੱਡੀ ਲੰਘੀ। ਗੱਡੀ ਦੇ ਖੜਾਕ ਵਿਚ ਬੰਤਾ ਸਿੰਘ ਤੇ ਜਵੰਧ ਸਿੰਘ ਨੇ ਇਕ ਸੰਤਰੀ ਨੂੰ ਗੋਲੀ ਮਾਰ ਕੇ ਸੁੱਟ ਲਿਆ। ਗੱਡੀ ਦੇ ਖੜਾਕ ਵਿਚ ਦੂਜੇ ਸਿਪਾਹੀਆਂ ਨੂੰ ਕੋਈ ਪਤਾ ਨਾ ਲੱਗਾ। ਇਕ ਹਵਾਲਦਾਰ ਵੀ ਮਾਰਿਆ ਗਿਆ ਅਤੇ ਗ਼ਦਰੀ ਹਥਿਆਰ ਖੋਹ ਕੇ ਫਰਾਰ ਹੋ ਗਏ।

25 ਜੂਨ ਨੂੰ ਬੰਤਾ ਸਿੰਘ ਸੰਘਵਾਲ ਜੌੜੇ ਪਿੰਡ ਵਿਚੋਂ ਅਤੇ ਬਾਕੀ ਗ਼ਦਰੀ ਰੰਗਾ ਸਿੰਘ ਖੁਰਦਪੁਰ, ਉਤਮ ਸਿੰਘ ਹਾਂਸ, ਭਾਈ ਗਾਂਧਾ ਸਿੰਘ ਕੱਚਰਭੰਨ, ਭਾਈ ਪ੍ਰੇਮ ਸਿੰਘ ਸੁਰਸਿੰਘ, ਰੂੜ ਸਿੰਘ ਤਲਵੰਡੀ ਦੁਸਾਂਝ, ਈਸ਼ਰ ਸਿੰਘ ਢੁੱਡੀਕੇ ਗ੍ਰਿਫਤਾਰ ਕੀਤੇ ਗਏ ਅਤੇ ਪਹਿਲਾ ਲਾਹੌਰ ਸਪਲੀਮੈਂਟ ਕੇਸ ਵਿਚ 18 ਜੂਨ 1916 ਨੂੰ ਸੁਣਾਏ ਫ਼ੈਸਲੇ ਵਿਚ ਸਾਰਿਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਭਾਈ ਸੱਜਨ ਸਿੰਘ ਗੁਜਰਵਾਲ ਨੂੰ ਗ੍ਰਿਫਤਾਰ ਕਰਕੇ ਇਸੇ ਕੇਸ ਵਿਚ 15 ਜੂਨ 1915 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

**ਬੱਬਰ ਅਕਾਲੀ ਲਹਿਰ ਦੇ ਸ਼ਹੀਦ**

* 4 ਜੂਨ 1921 ਨੂੰ ਜਥੇਦਾਰ ਕਿਸ਼ਨ ਸਿੰਘ ਗੜਗੱਜ ਪਹਿਲੇ ਸਾਜ਼ਿਸ਼ ਕੇਸ ਵਿਚ ਸਰਕਾਰ ਵਲੋਂ ਰੱਖੇ ਜਾਣ ਸਮੇਂ ਫਰਾਰ ਹੋ ਗਿਆ ਸੀ। * 16 ਜੂਨ 1922 ਨੂੰ ਮਾਸਟਰ ਮੋਤਾ ਸਿੰਘ ਪਤਾਰਾ ਪਿੰਡ ਵਿਚੋਂ ਗ੍ਰਿਫਤਾਰ ਕੀਤੇ ਗਏ। * 7 ਜੂਨ 1921 ਨੂੰ ਮਾਸਟਰ ਮੋਤਾ ਸਿੰਘ ਅਫਗਾਨਿਸਤਾਨ ਨੂੰ ਰਵਾਨਾ ਹੋਏ। * 6 ਜੂਨ 1923 ਨੂੰ ਪੁਲਸ ਦੇ ਮੁਖ਼ਬਰ ਅੱਤਾ ਮੁਹੰਮਦ ਪਟਵਾਰੀ ਦਾ ਨੰਦਾਚੌਰ ਵਿਖੇ ਬੱਬਰ ਅਕਾਲੀਆਂ ਵੱਲੋਂ ਕਤਲ । * 20 ਜੂਨ 1923 ਨੂੰ ਬਾਬੂ ਸੰਤਾ ਸਿੰਘ ਹਰੀਉ ਖੁਰਦ (ਲੁਧਿਆਣੇ) ਦੀ ਤਪਾ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰੀ। * 8 ਜੂਨ 1924 ਨੂੰ ਬੱਬਰ ਵਰਿਆਮ ਸਿੰਘ ਧੁੱਗਾ ਦੀ ਲਾਇਲਪੁਰ ਵਿਚ ਪੁਲਸ ਨਾਲ ਮੁਕਾਬਲੇ ਕਰਦਿਆਂ ਹੋਈ ਸ਼ਹਾਦਤ। * 20-21 ਜੂਨ 1936 ਨੂੰ ਮੁਣਸ਼ੀ ਅਹਿਮਦ ਦੀਨ ਦੀ ਪ੍ਰਧਾਨਗੀ ਹੇਠ ਚੀਮਾ ਕਲਾਂ ਵਿਖੇ ਮਜ਼ਦੂਰ-ਕਿਸਾਨ ਕਾਨਫਰੰਸ ਹੋਈ। 20 ਜੂਨ ਨੂੰ ਨੂਰਮਹਿਲ ਸਟੇਸ਼ਨ ’ਤੇ ਗੱਡੀ ਵਿਚ ਆਏ ਬਾਬਾ ਸੋਹਣ ਸਿੰਘ ਭਕਨਾ, ਮੁਣਸ਼ੀ ਅਹਿਮਦ ਦੀਨ, ਸੰਤਾ ਸਿੰਘ ਗੰਡੀਵਿੰਡ, ਸੋਢੀ ਪਿੰਡੀ ਦਾਸ, ਬੀ ਪੀ ਐਲ ਬੇਦੀ, ਗੁਲਾਮ ਜਲਾਨੀ ਬਾਹਰ ਆਏ ਤਾਂ ਉਨ੍ਹਾਂ ਦਾ ਸੁਆਗਤ ਕਰਕੇ ਬਾਬਾ ਭਗਵਾਨ ਸਿੰਘ ਦੁਸਾਂਝ ਅਤੇ ਮੁਣਸ਼ੀ ਅਹਿਮਦ ਦੀਨ ਘੋੜਿਆਂ ’ਤੇ ਸਵਾਰ ਹੋ ਕੇ ਬੇਮਿਸਾਲ ਜਲੂਸ ਦੀ ਅਗਵਾਈ ਕਰਦੇ ਚੀਮਾ ਕਲਾਂ ਪਹੁੰਚੇ। ਬਾਬਾ ਦੁਸਾਂਝ ਨੇ ਆਪਣੇ ਸੁਆਗਤੀ ਭਾਸ਼ਣ ਵਿਚ ਪਹਿਲੀ ਵਾਰ ਦੱਬੇ-ਕੁਚਲੇ ਸਮਾਜ ਬਾਰੇ ਕਿਹਾ, ‘ਕਿਸਾਨਾਂ ਪਾਸ ਤਾਂ ਫੇਰ ਵੀ ਕੁਝ ਨਾ ਕੁਝ ਜ਼ਮੀਨ ਹੈ। ਇਕ ਸਾਡੇ ਭਰਾ ਜਿਨ੍ਹਾਂ ਨੂੰ ਅਛੂਤ ਕਰਾਰ ਦੇ ਛੱਡਿਆ ਹੈ... ਸਾਡੇ ਪਿੰਡਾਂ ਦੀਆਂ ਚਮਾਰਲੀਆਂ ਦਾ ਨਾਂਅ ਹੀ ਗਰੀਬੀ, ਜ਼ਲਾਲਤ, ਅਵਿਦਯ, ਭਰਮ, ਬਿਮਾਰੀਆਂ ਦਾ ਬੋਧਕ ਹੈ...। ਸਾਡੇ ਅਖੌਤੀ ਅਛੂਤਾਂ ਦੀ ਮੌਜੂਦਾ ਹਾਲਤ ਸਾਡੇ ਮੱਥੇ ਪੁਰ ਬਹੁਤ ਬਦਨੁਮਾ ਧੱਬਾ ਹੈ....। ਇਹ ਵਿਚਾਰੇ ਐਸੀ ਕਬਿੱਧੀ ਵਿਚ ਫਸੇ ਹੋਏ ਹਨ ਕਿ ਗਲੀਆਂ ਦੇ ਕੱਖ ਚੁਗਦੇ ਫਿਰਦੇ ਹਨ। ਜਿਸ ਰਿਵਾਜ, ਸਮਾਜ ਤੇ ਨਿਜ਼ਾਮ ਨੇ ਇਨ੍ਹਾਂ ਨੂੰ ਇਸ ਦੁਰਦਸ਼ਾ ਵਿਚ ਸੁੱਟਿਆ ਹੈ, ਉਸ ਪੁਰ ਹਜ਼ਾਰ ਲਾਹਨਤ। ਇਸ ਨੂੰ ਚਕਨਾਚੂਰ ਕਰਨਾ ਸਾਡਾ ਪਹਿਲਾ ਧਰਮ ਹੈ।’

* 13 ਜੂਨ 1940 ਨੂੰ ਸ਼ਹੀਦ ਊਧਮ ਸਿੰਘ ਸੁਨਾਮ ਨੂੰ ਮੌਤ ਦੀ ਸਜ਼ਾ ਦਾ ਹੁਕਮ ਸੁਣਾਇਆ ਗਿਆ।

* 27 ਜੂਨ 1940 ਨੂੰ ‘ਗੁਰੂ ਕੇ ਬਾਗ਼’ ਦੇ ਮੋਰਚੇ ਸਮੇਂ ਸੱਤਿਆਗ੍ਰਹੀਆਂ ਉਪਰ ਅੰਨ੍ਹਾ ਤਸ਼ੱਦਦ ਕਰਾਉਣ ਵਾਲੇ ਅੰਗਰੇਜ਼ ਪੁਲਸ ਅਫਸਰ ਐੱਸ ਜੀ ਐੱਮ. ਬੀ. ਟੀ. ਦਾ ਬੱਬਰ ਅਕਾਲੀਆਂ ਵੱਲੋਂ ਖਾਤਮਾ।

* 2 ਜੂਨ 1938 ਨੂੰ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਦਾ ਅਜਲਾਸ ਬਾਬਾ ਵਸਾਖਾ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ। ਵਿਛੜੇ ਸਾਥੀਆਂ ਵਿਸ਼ੇਸ਼ ਕਰਕੇ ਬਾਬਾ ਜਵਾਲਾ ਸਿੰਘ ਠੱਠੀਆਂ ਦੀ ਬੇਵਕਤੀ ਮੌਤ ’ਤੇ ਗਹਿਰਾ ਦੁੱਖ ਪ੍ਰਗਟ ਕਰਕੇ ਮਿਸਾਲੀ ਦੇਸ਼ ਭਗਤ ਯਾਦਗਾਰ ਹਾਲ ਬਣਾਉਣ ਦਾ ਫੈਸਲਾ ਕਰਕੇ ਨੌਂ ਮੈਂਬਰਾਂ ਦੀ ਪ੍ਰਬੰਧਕੀ ਕਮੇਟੀ ਚੁਣੀ ਗਈ।

* 20 ਜੂਨ 1965 ਨੂੰ ਪ੍ਰਸਿੱਧ ਵਿਦਵਾਨ ਦੇਸ਼ ਭਗਤ ਗਿਆਨੀ ਹੀਰਾ ਸਿੰਘ ਦਰਦ ਦੀ ਮੌਤ।* 9 ਜੂਨ, 1909 ਨੂੰ ਪੰਡਤ ਕਿਸ਼ੋਰੀ ਲਾਲ ਦਾ ਜਨਮ ਦਿਹਾੜਾ। *12 ਜੂਨ 1897 ਨੂੰ ਰਾਮ ਪ੍ਰਸਾਦ ਬਿਸਮਿਲ ਦਾ ਜਨਮ। * 20 ਜੂਨ 1900 ਨੂੰ ਕਕੋਰੀ ਕੇਸ ਦੇ ਕਰਾਂਤੀਕਾਰੀ ਗਯਾ ਪ੍ਰਸਾਦ ਦਾ ਜਨਮ ਦਿਨ। * 8 ਜੂਨ, 1941, ਚਿੰਤਾ ਸਿੰਘ ਢੰਡੋਲੀ ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ। * 3 ਜੂਨ, 1947 ਨੂੰ ਹਿੰਦੁਸਤਾਨ ਵੰਡ ਕੇ ਪਾਕਿਸਤਾਨ ਬਣਾਉਣ ਬਾਰੇ ਸਰਕਾਰੀ ਐਲਾਨ ਨੇ ਪਹਿਲਾਂ ਹੀ ਬਲਦੀ ਫ਼ਿਰਕੂ ਅੱਗ ਨੂੰ ਹੋਰ ਭੜਕਾ ਦਿੱਤਾ।

**-ਸਹਾਇਕ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ, 97806-02066**

# ਆਓ ! ਫਿਰਕੂ-ਫਾਸ਼ੀ ਹੁਕਮਰਾਨਾਂ ਦੇ ਛੜਯੰਤਰਾਂ ਤੋਂ ਪੰਜਾਬ ਨੂੰ ਬਚਾਈਏ-2



ਮੰਗਤ ਰਾਮ ਪਾਸਲਾ

ਅਕਾਲੀ ਦਲ ਵੱਲੋਂ ਚਲਾਏ ਜਾ ਰਹੇ ‘ਧਰਮ ਯੁੱਧ’ ਮੋਰਚੇ ਅੰਦਰ ਬਾਅਦ ’ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਉਸ ਦੇ ਪੈਰੋਕਾਰਾਂ ਨੇ ਵੀ ਸ਼ਮੂਲੀਅਤ ਕਰ ਲਈ ਸੀ, ਜਿਨ੍ਹਾਂ ਆਪਣੀਆਂ ਗਤੀਵਿਧੀਆਂ ਚਲਾਉਣ ਲਈ ਦਰਬਾਰ ਸਾਹਿਬ ਵਿਖੇ ਪਨਾਹ ਲਈ ਹੋਈ ਸੀ। ਜਦੋਂ ਦਰਬਾਰ ਸਾਹਿਬ ’ਚ ਜਥਾ ਵਿਦਾ ਕਰਨ ਤੋਂ ਪਹਿਲਾਂ ਮੰਜੀ ਸਾਹਿਬ ਵਿਖੇ ਇਕੱਠ ਹੁੰਦਾ, ਉਸ ’ਚ ਨਰਮ ਖਿਆਲੀ ਅਕਾਲੀ ਆਗੂਆਂ ਤੋਂ ਇਲਾਵਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਆਪਣੀ ਮਰਜ਼ੀ ਨਾਲ ਹਰ ਮੁੱਦੇ ਨੂੰ ਸਿੱਖ ਧਰਮ ਦੀ ਰੰਗਤ ਦੇ ਕੇ ਤੱਤੀਆਂ ਤੇ ਭੜਕਾਊ ਤਕਰੀਰਾਂ ਕਰਦਾ ਸੀ। ਸਿੱਖਾਂ ਨਾਲ ਵਿਤਕਰੇ ਦਾ ਇਕ ਵੱਖਰਾ ਬਿਰਤਾਂਤ ਸਿਰਜਿਆ ਗਿਆ। ਹਾਲਾਂਕਿ ਦਮਦਮੀ ਟਕਸਾਲ ਤੇ ਨਿਰੰਕਾਰੀ ਟਕਰਾਅ ਤੋਂ ਪਹਿਲਾਂ ਦੇਸ਼ ਭਰ ’ਚ ਆਮ ਲੋਕਾਂ ਦੇ ਮਨਾਂ ਅੰਦਰ ਸਿੱਖਾਂ ਪ੍ਰਤੀ ਅਥਾਹ ਪਿਆਰ ਤੇ ਸਤਿਕਾਰ ਸੀ, ਜੋ ਅੱਜ ਵੀ ਕਾਇਮ ਹੈ। ਭਾਰਤ ਦੇ ਲੋਕ ਸਿੱਖਾਂ ਨੂੰ ਸੂਰਮੇ, ਦੇਸ਼ ਭਗਤਾਂ ਦੇ ਰੂਪ ’ਚ ਵੇਖਦੇ ਹਨ। ਦੇਸ਼ ਦੇ ਮੌਜੂਦਾ ਰਾਜ ਪ੍ਰਬੰਧ ’ਚ ਵੀ ਸਿੱਖ ਸਭ ਤੋਂ ਉੱਚੇ ਅਹੁਦਿਆਂ ’ਤੇ ਬਿਰਾਜਦੇ ਆ ਰਹੇ ਹਨ, ਪ੍ਰੰਤੂ ਜਦੋਂ ਹਰ ਗੱਲ ’ਚ ਮਨਘੜਤ ‘ਹਿੰਦੂ ਸਾਮਰਾਜ’ ਦਾ ਬਿੰਬ ਪੇਸ਼ ਕਰਕੇ ਸਿੱਖਾਂ ਨਾਲ ਜ਼ਿਆਦਤੀਆਂ ਦਾ ਜ਼ਿਕਰ ਹੁੰਦਾ ਤਾਂ ਇਸ ਨਾਲ ਉਤੇਜਿਤ ਹੋ ਕੇ ਭਾਰੀ ਗਿਣਤੀ ’ਚ ਸਧਾਰਨ ਸਿੱਖ ਨੌਜਵਾਨ ਧਾਰਮਿਕ ਜਜ਼ਬਾਤਾਂ ’ਚ ਵਹਿ ਕੇ ਭਿੰਡਰਾਂਵਾਲੇ ਦੇ ਪੈਰੋਕਾਰ ਬਣਨ ਲੱਗੇ। ਬਾਅਦ ’ਚ ਇਨ੍ਹਾਂ ਸਿੱਖ ਨੌਜਵਾਨਾਂ ਨੇ ਹੀ ਹਥਿਆਰਬੰਦ ਹੋ ਕੇ ਸੂਬੇ ਅੰਦਰ ਖੂਨੀ ਜੰਗ ਸ਼ੁਰੂ ਕੀਤੀ। ਸਾਮਰਾਜੀ ਦੇਸ਼ਾਂ ਤੇ ਪਾਕਿਸਤਾਨ ਨੇ ਇਸ ਭਰਾ ਮਾਰੂ ਜੰਗ ਨੂੰ ਆਪਣੀ ਹਮਾਇਤ ਦੇ ਕੇ ਆਪਣੇ ‘ਏਜੰਟਾਂ’ ਰਾਹੀਂ ਬਲਦੀ ’ਤੇ ਤੇਲ ਪਾਉਣ ਦਾ ਕੰਮ ਕੀਤਾ। ਇਸ ਆਤੰਕ ਨੂੰ ਦਬਾਉਣ ਲਈ ਪੁਲਸ-ਪ੍ਰਸ਼ਾਸਨ ਨੇ ਜਿੱਥੇ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਯਤਨ ਕੀਤਾ, ਉਥੇ ਵੱਡੀ ਗਿਣਤੀ ਪੁਲਸ ਅਧਿਕਾਰੀਆਂ ਨੇ ਬੇਗੁਨਾਹ ਸਿੱਖ ਨੌਜਵਾਨਾਂ ’ਤੇ ਅਣਮਨੁੱਖੀ ਤਸ਼ੱਦਦ ਵੀ ਢਾਹਿਆ, ਜਿਸ ਦੇ ਖ਼ੌਫ਼ ਨਾਲ ਕਈ ਸਿੱਖ ਨੌਜਵਾਨ ਨਾ ਚਾਹੁੰਦੇ ਹੋਏ ਵੀ ਮਜਬੂਰੀਵੱਸ ਹਥਿਆਰਬੰਦ ਅੱਤਵਾਦੀਆਂ ਦੀਆਂ ਸਫ਼ਾਂ ’ਚ ਸ਼ਾਮਲ ਹੋ ਗਏ। ਹੌਲੀ-ਹੌਲੀ ਧਰਮ ਯੁੱਧ ਮੋਰਚੇ ਦੀ ਕਮਾਂਡ ਨਰਮ ਦਲੀਏ ਅਕਾਲੀ ਆਗੂਆਂ ਦੇ ਹੱਥਾਂ ’ਚੋਂ ਖਿਸਕ ਕੇ ‘ਗਰਮ ਦਲੀਆਂ’ ਦੇ ਕੰਟਰੋਲ ’ਚ ਚਲੀ ਗਈ। ਇਸੇ ਦੌਰਾਨ ਇਸ ਤਣਾਅ ਭਰੇ ਮਹੌਲ ਅੰਦਰ ਹਜ਼ਾਰਾਂ ਸਿੱਖ ਨੌਜਵਾਨ, ਜੋ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਹਥਿਆਰਬੰਦ ਹੋ ਗਏ ਸਨ, ਬਿਨ੍ਹਾਂ ਕਿਸੇ ਨਿਸ਼ਾਨੇ ਦੇ ਬੇਗੁਨਾਹਾਂ ਦੀਆਂ ਹੱਤਿਆਵਾਂ ਕਰਨ ਲੱਗ ਪਏ, ਜਿਨ੍ਹਾਂ ’ਚ ਸਿੱਖਾਂ ਦੀ ਭਾਰੀ ਗਿਣਤੀ ਵੀ ਸ਼ਾਮਿਲ ਸੀ। ਇਨ੍ਹਾਂ ਕਤਲਾਂ ਬਾਰੇ ਜਦੋਂ ਭਿੰਡਰਾਂਵਾਲਾ ਆਪਣੇ ਭਾਸ਼ਣਾਂ ਰਾਹੀਂ ਤੇ ਅਖਬਾਰਾਂ ’ਚ ਬਿਆਨ ਦੇ ਕੇ ਕਾਤਲਾਂ ਦਾ ਗੁਣਗਾਨ ਕਰਦਾ ਸੀ, ਤਾਂ ਕੀ ਇਹ ਬੇਲੋੜੀ ਹਿੰਸਾ ਨੂੰ ਉਤਸ਼ਾਹਤ ਕਰਨਾ ਨਹੀਂ ਸੀ? ਕਈ ਲੋਕ ਜਾਣੇ ਜਾਂ ਅਣਜਾਣੇ ਆਮ ਲੋਕਾਂ ਦੇ ਕਤਲਾਂ ਲਈ ਸਰਕਾਰੀ ਏਜੰਸੀਆਂ ਤੇ ‘ਪੁਲਸ ਕੈਟਾਂ’ ਨੂੰ ਜ਼ਿੰਮੇਵਾਰ ਦੱਸ ਕੇ ਦਹਿਸ਼ਤਗਰਦਾਂ ਨੂੰ ਇਨ੍ਹਾਂ ਹਿੰਸਕ ਕਾਰਵਾਈਆਂ ਤੋਂ ਬਰੀ ਕਰ ਦਿੰਦੇ ਹਨ। ਹਾਲਾਂਕਿ ਇਹ ਵੀ ਸੱਚ ਹੈ ਕਿ ਅੱਤਵਾਦ ਦੇ ਨਾਂਅ ’ਤੇ ਬਹੁਤ ਸਾਰੇ ਕਤਲ ਸਰਕਾਰੀ ਏਜੰਟਾਂ (ਬਲੈਕ ਕੈਟਸ) ਵੱਲੋਂ ਵੀ ਕੀਤੇ ਗਏ ਸਨ। ਜੇਕਰ ਇਹ ਸੱਚ ਹੈ ਤਾਂ ਸੰਤ ਭਿੰਡਰਾਂਵਾਲਾ ਤੇ ਹਥਿਆਰਬੰਦ ਹਿੰਸਕ ਟੋਲੇ ਇਨ੍ਹਾਂ ਕਤਲਾਂ ਦੀ ਜ਼ਿੰਮੇਵਾਰੀ ਲੈ ਕੇ ਖੁਸ਼ੀ ’ਚ ਬਾਘੀਆਂ ਕਿਉਂ ਪਾਉਂਦੇ ਸਨ? ਜੇਕਰ ਇਹ ਸਾਰਾ ਕਤਲੇਆਮ ਸਰਕਾਰ ਦੁਆਰਾ ਆਯੋਜਿਤ ਕੀਤਾ ਗਿਆ ਸੀ ਤਾਂ ਭਿੰਡਰਾਂਵਾਲੇ ਤੇ ਉਸ ਦੇ ਪੈਰੋਕਾਰਾਂ ਨੇ ਲੋਕਾਂ ਨੂੰ ਇਨ੍ਹਾਂ ਕਤਲਾਂ ਦਾ ਵਿਰੋਧ ਕਰਨ ਲਈ ਸੜਕਾਂ ਉਤੇ ਨਿਕਲਣ ਦਾ ਸੱਦਾ ਕਿਉਂ ਨਾ ਦਿੱਤਾ? ਇਹ ਭੇਦ ਅਜੇ ਵੀ ਅਣਸੁਲਝਿਆ ਹੈ ਕਿ ਅੱਤਵਾਦੀਆਂ ਵੱਲੋਂ ਇਹ ਹਿੰਸਕ ਐਕਸ਼ਨ ਕਿਸ ਮਕਸਦ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਸਨ? ਇਨ੍ਹਾਂ ਨਾਲ ਸਿੱਖ ਸਮੁਦਾਇ ਦਾ ਕਿੰਨਾ ਫਾਇਦਾ ਜਾਂ ਨੁਕਸਾਨ ਹੋਇਆ ਹੈ, ਇਸ ਦਾ ਜਵਾਬ ਵੀ ਅਜੇ ਤੱਕ ਨਹੀਂ ਮਿਲਿਆ। ਸਮੁੱਚੇ ਦੇਸ਼ ’ਚ ਸਿੱਖਾਂ ਵਿਰੁੱਧ ਪੈਦਾ ਕੀਤੀ ਨ਼ਫ਼ਰਤ ਲਈ, ਜਿੱਥੇ ਹਿੰਦੂਆਂ ਵਿਚਲੇ ਕਈ ਫਿਰਕਾਪ੍ਰਸਤੀ ਫੈਲਾਉਣ ਵਾਲੇ ਤੱਤ ਜ਼ਿੰਮੇਵਾਰ ਹਨ, ਉਥੇ ਪੰਜਾਬ ਦੀ ਧਰਤੀ ’ਤੇ ਦਹਿਸ਼ਤਗਰਦਾਂ ਵੱਲੋਂ ਹਜ਼ਾਰਾਂ ਬੇਗੁਨਾਹ ਲੋਕਾਂ ਦੀਆਂ ਕੀਤੀਆਂ ਹੱਤਿਆਵਾਂ ਵੀ ਇਸ ‘ਗਨਾਹੇ-ਅਜ਼ੀਮ’ ਲਈ ਬਰਾਬਰ ਦੀਆਂ ਜੁਆਬਦੇਹ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ, ਜਿਨ੍ਹਾਂ ਦਹਿਸ਼ਤਗਰਦਾਂ ਨੂੰ ਦਰਬਾਰ ਸਾਹਿਬ ਦੀ ਪ੍ਰਕਰਮਾ ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਥਿਆਰਾਂ ਸਮੇਤ ਪਨਾਹ ਲੈਣ ਦੀ ਇਜਾਜ਼ਤ ਦਿੱਤੀ, ਵੀ ਇਸ ਸਾਰੇ ਦੁਖਾਂਤ ਲਈ ਬਰਾਬਰ ਦੇ ਜ਼ਿੰਮੇਵਾਰ ਹਨ।

ਜੇਕਰ ਉਸ ਸਮੇਂ ਦੀ ਕੇਂਦਰੀ ਹਕੂਮਤ ਸਥਿਤੀ ਨੂੰ ਸੁਧਾਰਨ ਦਾ ਯਤਨ ਕਰਦੀ, ਤਾਂ ਇਸ ਸਾਰੇ ਖੂਨ-ਖਰਾਬੇ ਤੋਂ ਬਚਿਆ ਜਾ ਸਕਦਾ ਸੀ। ਜੇ ਕੇਂਦਰ ਸਰਕਾਰ ਸਮੇਂ ਸਿਰ ਪੰਜਾਬ ਦੀਆਂ ਜਾਇਜ਼ ਮੰਗਾਂ ਦਾ ਨਿਪਟਾਰਾ (ਜਿਸ ਨੂੰ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦੇ ਮਤੇ ਦੇ ਰੂਪ ’ਚ ਪੇਸ਼ ਕੀਤਾ ਸੀ) ਕਰ ਦਿੰਦੀ, ਸਖ਼ਤੀ ਨਾਲ ਪੰਜਾਬ ’ਚ ਦਹਿਸ਼ਤੀ ਟੋਲਿਆਂ ਨੂੰ ਹੋ ਰਹੀ ਹਥਿਆਰਾਂ ਦੀ ਖੁੱਲ੍ਹੀ ਸਪਲਾਈ ’ਤੇ ਰੋਕ ਲਾਉਂਦੀ ਤੇ ਨਾਲ ਹੀ ਸਮੂਹ ਸਿੱਖਾਂ ਵਿਰੁੱਧ ਫਿਰਕੂ ਨਫ਼ਰਤ ਪੈਦਾ ਕਰਨ ਲਈ ਚੰਦ ਕੁ ਹਥਿਆਰਬੰਦ ਅੱਤਵਾਦੀ ਤੱਤਾਂ ਨੂੰ ਸਮੁੱਚੇ ਸਿੱਖਾਂ ਨਾਲ ਰਲਗੱਡ ਕਰਨ ਵਾਲੇ ‘ਹਿੰਦੂ ਫਿਰਕਾਪ੍ਰਸਤ ਟੋਲਿਆਂ’ ਖ਼ਿਲਾਫ਼ ਸਖਤ ਕਾਰਵਾਈ ਕਰਦੀ, ਤਾਂ ਲਾਜ਼ਮੀ ਤੌਰ ’ਤੇ ਪੰਜਾਬ ਦੀ ਸਥਿਤੀ ਨੂੰ ਗੁਣਾਤਮਕ ਪੱਖ ਤੋਂ ਠੀਕ ਮੋੜਾ ਦਿੱਤਾ ਜਾ ਸਕਦਾ ਸੀ ਤੇ ਅੱਤਵਾਦੀਆਂ ਨੂੰ ਆਮ ਸਿੱਖਾਂ ’ਚੋਂ ਨਿਖੇੜਿਆ ਜਾ ਸਕਦਾ ਸੀ, ਪ੍ਰੰਤੂ ਕੇਂਦਰੀ ਹਾਕਮਾਂ ਦੇ ਏਜੰਡੇ ’ਤੇ ਕਿਉਂਕਿ ਹਮੇਸ਼ਾ ਸੱਤਾ ਦੀ ਮਾਲਕੀ ਕਾਇਮ ਰੱਖਣ ਦੀ ਲਾਲਸਾ ਹੀ ਰਹਿੰਦੀ ਹੈ, ਇਸ ਲਈ ਉਨ੍ਹਾਂ ਪੰਜਾਬ ਦੀ ਸਥਿਤੀ ਨੂੰ ਸੁਧਾਰਨ ਲਈ ਨਹੀਂ, ਬਲਕਿ ਆਪਣੀਆਂ ਏਜੰਸੀਆਂ ਰਾਹੀਂ ਹੋਰ ਵਿਗਾੜਨ ਦਾ ਹਰ ਯਤਨ ਕੀਤਾ। ਸਿੱਖਾਂ ’ਚੋਂ ਭਾੜੇ ਦੇ ਬੰਦੇ ਖਰੀਦ ਕੇ ਅੱਤਵਾਦੀ ਟੋਲਿਆਂ ’ਚ ਸ਼ਾਮਲ ਕੀਤੇ ਗਏ, ਪੈਸੇ ਤੇ ਹਥਿਆਰਾਂ ਦੀ ਖੁੱਲ੍ਹੀ ਸਪਲਾਈ ਕੀਤੀ ਗਈ ਤਾਂ ਕਿ ਸਥਿਤੀ ਨੂੰ ਹੋਰ ਜ਼ਿਆਦਾ ਖਤਰਨਾਕ ਬਣਾਇਆ ਜਾ ਸਕੇ। ਹੁਣ ਤਾਂ ਕਈ ਸਾਬਕਾ ਉੱਚ ਅਧਿਕਾਰੀਆਂ ਤੇ ਬੁੱਧੀਜੀਵੀਆਂ ਵੱਲੋਂ ਇਨ੍ਹਾਂ ਤੱਥਾਂ ਦੀ ਪੁਸ਼ਟੀ ਕਰਦੀਆਂ ਕਿਤਾਬਾਂ ਵੀ ਛਾਪ ਦਿੱਤੀਆਂ ਗਈਆਂ ਹਨ, ਜਿਨ੍ਹਾਂ ਅੰਦਰ ਸਾਰੇ ਸਰਕਾਰੀ ਛੜਯੰਤਰਾਂ ਦਾ ਪਰਦਾ ਫਾਸ਼ ਕੀਤਾ ਗਿਆ ਹੈ।

ਇਸ ਤੋਂ ਬਾਅਦ 4 ਜੂਨ 1984 ’ਚ ‘ਅਪ੍ਰੇਸ਼ਨ ਨੀਲਾ ਤਾਰਾ’ ਕੀਤਾ ਗਿਆ, ਜਿਸ ’ਚ ਫੌਜ ਨੂੰ ਦਰਬਾਰ ਸਾਹਿਬ ਦੀ ਪ੍ਰਕਰਮਾ ’ਚ ਦਾਖ਼ਲ ਹੋਣ ਦਾ ਹੁਕਮ ਦਿੱਤਾ ਗਿਆ, ਤਾਂ ਕਿ ਅੰਦਰ ਛੁਪੇ ਬੈਠੇ ਹਥਿਆਰਬੰਦ ਗਰੋਹਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ ਜਾਂ ਮਾਰ-ਮੁਕਾਇਆ ਜਾ ਸਕੇ। ਅਸਲ ’ਚ ਸਰਕਾਰ ਦੀ ਮਨਸ਼ਾ ਅਮਨ-ਸ਼ਾਂਤੀ ਕਾਇਮ ਕਰਨ ਨਾਲੋਂ ਸਿੱਖਾਂ ਨੂੰ ਸਬਕ ਸਿਖਾਉਣ ਦੀ ਵਧੇਰੇ ਜਾਪਦੀ ਸੀ। ਇਸ ਹਮਲੇ ’ਚ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਭਾਰੀ ਨੁਕਸਾਨ ਹੋਇਆ, ਸੈਂਕੜੇ ਲੋਕਾਂ ਦੀਆਂ ਮੌਤਾਂ ਹੋਈਆਂ। ਮਾਰੇ ਜਾਣ ਵਾਲਿਆਂ ’ਚ ਹਥਿਆਬੰਦ ਅੱਤਵਾਦੀਆਂ ਤੋਂ ਬਿਨਾਂ ਸਧਾਰਨ ਸਿੱਖ ਤੇ ਆਮ ਲੋਕ ਵੀ ਸ਼ਾਮਲ ਸਨ। ਫੌਜ ਦਾ ਵੀ ਭਾਰੀ ਮਾਤਰਾ ’ਚ ਜਾਨੀ ਨੁਕਸਾਨ ਹੋਇਆ । ਇਸ ਐਕਸ਼ਨ ਨਾਲ ਦੇਸ਼-ਵਿਦੇਸ਼ ’ਚ ਬੈਠੇ ਸਮੂਹ ਸਿੱਖਾਂ ਦੇ ਦਿਲਾਂ ਨੂੰ ਮਾਨਸਿਕ ਰੂਪ ’ਚ ਭਾਰੀ ਸੱਟ ਵੱਜੀ ਤੇ ਉਹ ਆਪਣੇ ਆਪ ਨੂੰ ਅਪਮਾਨਿਤ ਮਹਿਸੂਸ ਕਰਨ ਲੱਗੇ। ਇਹ ਯਾਦ ਕਰਾਉਣਾ ਠੀਕ ਰਹੇਗਾ ਕਿ ਸੰਘ-ਭਾਜਪਾ, ਜਿਨ੍ਹਾਂ ਨਾਲ ਅਕਾਲੀ ਸੱਤਾ ’ਚ ਭਾਈਵਾਲ ਰਹੇ ਹਨ, ਨੇ ਇਸ ਫੌਜੀ ਕਾਰਵਾਈ ਦੀ ਡਟਵੀਂ ਹਮਾਇਤ ਕੀਤੀ ਸੀ। ਫਿਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਸ ਦੇ ਦੋ ਸਿੱਖ ਅੰਗ ਰੱਖਿਅਕਾਂ ਵਲੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਤੇ ਇਸ ਦੇ ਬਦਲੇ ’ਚ ਦਿੱਲੀ ਤੇ ਦੇਸ਼ ਦੇ ਕਈ ਹੋਰ ਭਾਗਾਂ ’ਚ ਸਿੱਖ ਵਿਰੋਧੀ ਹਿੰਸਕ ਦੰਗੇ ਭੜਕਾਏ ਗਏ, ਜਿਸ ’ਚ ਹਜ਼ਾਰਾਂ ਸਿੱਖਾਂ ਦੀਆਂ ਜਾਨਾਂ ਗਈਆਂ ਤੇ ਜਾਇਦਾਦਾਂ ਲੁੱਟੀਆਂ-ਪੁੱਟੀਆਂ ਗਈਆਂ। ਪੱਛਮੀ ਬੰਗਾਲ, ਜਿੱਥੇ ਸਿੱਖ ਭਾਰੀ ਗਿਣਤੀ ’ਚ ਵੱਸਦੇ ਹਨ, ਹੀ ਇਨ੍ਹਾਂ ਦੰਗਿਆਂ ਤੋਂ ਬਚਿਆ ਰਿਹਾ, ਕਿਉਂਕਿ ਉਥੇ ਕਾਮਰੇਡ ਜੋਤੀ ਬਾਸੂ ਦੀ ਅਗਵਾਈ ’ਚ ਖੱਬੇ-ਪੱਖੀ ਸਰਕਾਰ ਸੀ। ਇਸ ਵਰਤਾਰੇ ਨਾਲ ਦੇਸ਼ ਭਰ ’ਚ ਕਮਿਊਨਿਸਟਾਂ ਦੀ ਸ਼ਲਾਘਾ ਵੀ ਹੋਈ। ਦਿੱਲੀ ਦੇ ਸਿੱਖ ਵਿਰੋਧੀ ਦੰਗਿਆਂ ਤੋਂ ਪੀੜਤ ਪਰਵਾਰ ਅੱਜ ਤੱਕ ਵੀ ਗਲੀਆਂ-ਬਜ਼ਾਰਾਂ ’ਚ ਰੁਲਦੇ ਫਿਰਦੇ ਹਨ। ਇਸ ਸਮੁੱਚੇ ਘਟਨਾਚੱਕਰ ਦੇ ਨਾਂਹ-ਪੱਖੀ ਅਸਰ ਵਜੋਂ ਦੇਸ਼ ਭਰ ’ਚ ਸਿੱਖਾਂ ਦੇ ਅਕਸ ਨੂੰ ਭਾਰੀ ਢਾਅ ਲੱਗੀ। ਸ਼ਾਂਤ ਸੁਭਾਅ, ਮਿਹਨਤ ਦੇ ਮੁਜੱਸਮੇ, ਨਿਮਰਤਾ ਤੇ ਕੁਰਬਾਨੀ ਦੇ ਪੁੰਜ, ਔਰਤਾਂ ਦੀ ਇੱਜ਼ਤ-ਆਬਰੂ ਦੇ ਰਾਖੇ ਤੇ ਗਰੀਬ ਲੋਕਾਂ ਦੀ ਰੱਖਿਆ ਲਈ ਮਰ-ਮਿਟਣ ਵਾਲੇ ਸੂਰਮਿਆਂ ਦੀ ਦਿੱਖ ਦੀ ਥਾਂ ਸਿੱਖ ਇੱਕ ਹਿੰਸਕ, ਕ੍ਰੋਧੀ, ਵੱਖਵਾਦੀ, ਬੇਤਰਸ ਤੇ ਹਿੰਦੂ ਵਿਰੋਧੀ ਫਿਰਕੇ ਵਜੋਂ ਸਥਾਪਤ ਕਰ ਦਿੱਤੇ ਗਏ। ਇਸ ਛੜਯੰਤਰ ਪਿੱਛੇ ਜਿੱਥੇ ਮੁੱਠੀਭਰ ਫਿਰਕੂ ਆਗੂਆਂ ਤੇ ਹਥਿਆਰਬੰਦ, ਅੱਤਵਾਦੀ ਟੋਲਿਆਂ ਦਾ ਹੱਥ ਹੈ, ਉਥੇ ਕੇਂਦਰ ਸਰਕਾਰ, ਇਸ ਦਾ ਗੁਪਤਚਰ ਵਿਭਾਗ, ਦੇਸ਼ ਅੰਦਰਲੇ ਵੱਖ-ਵੱਖ ਫਿਰਕੂ ਸੰਗਠਨ ਤੇ ਦੇਸ਼ਾਂ-ਵਿਦੇਸ਼ਾਂ ’ਚ ਬੈਠੀਆਂ ਭਾਰਤ ਵਿਰੋਧੀ ਸ਼ਕਤੀਆਂ ਵੀ ਬਰਾਬਰ ਦੀਆਂ ਭਾਈਵਾਲ ਹਨ।

**ਕੀ ਕਰਨਾ ਲੋੜੀਏ ?**

ਕੋਈ ਵੀ ਯੁੱਧ ਜਾਂ ਜਨਤਕ ਲਹਿਰ ਖੜ੍ਹੀ ਕਰਨ ਤੋਂ ਪਹਿਲਾਂ ਇਸ ਲਹਿਰ ਨੂੰ ਖੜ੍ਹੀ ਕਰਨ ਵਾਲੀ ਧਿਰ ਵੱਲੋਂ ਆਪਣੀ ਤੇ ਦੁਸ਼ਮਣ ਦੀ ਸ਼ਕਤੀ ਦਾ ਨਿਰੀਖਣ ਕੀਤਾ ਜਾਂਦਾ ਹੈ। ਦੂਸਰਾ, ਕਿਸੇ ਯੋਗ ਸਮੇਂ ’ਤੇ ਸਨਮਾਨਯੋਗ ਸਮਝੌਤਾ ਕਰਨ ਦਾ ਰਾਹ ਰੱਖਣਾ ਵੀ ਜ਼ਰੂਰੀ ਹੈ, ਜਿਸ ਅਨੁਸਾਰ ਕੁਝ ਜ਼ਰੂਰੀ ਮੰਗਾਂ ਦੀ ਪ੍ਰਾਪਤੀ ਦੇ ਨਾਲ ਬਾਕੀ ਰਹਿੰਦੀਆਂ ਮੰਗਾਂ ਲਈ ਭਵਿੱਖ ਅੰਦਰ ਸੰਘਰਸ਼ ਜਾਰੀ ਰੱਖਣ ਦੀ ਵਿਧਾ ਵੀ ਹੋਵੇ। ਇਥੇ ਤਾਂ ਨਾ ਕਿਸੇ ਮੰਗ ਨੂੰ ਜਾਇਜ਼ ਠਹਿਰਾਉਣ ਲਈ ਕੋਈ ਤਰਕ ਹੀ ਪੇਸ਼ ਕੀਤਾ ਗਿਆ ਤੇ ਨਾ ਕਿਸੇ ਸਨਮਾਨਜਨਕ ਸਮਝੌਤੇ ਦੀ ਗੁੰਜਾਇਸ਼ ਹੀ ਰੱਖੀ ਗਈ। ਏਨੇ ਵੱਡੇ ਘੱਲੂਘਾਰੇ ਤੇ ਇਸ ਦੇ ਫਲਸਰੂਪ ਹੋਏ ਮਾਨਵੀ, ਧਾਰਮਿਕ ਤੇ ਮਾਲੀ ਨੁਕਸਾਨ ਦਾ ਅਜੇ ਤੱਕ ਕਦੀ ਕੋਈ ਹਿਸਾਬ-ਕਿਤਾਬ ਵੀ ਨਹੀਂ ਕੀਤਾ ਗਿਆ! ਕੀ ਇਸ ਬਿਰਤਾਂਤ ਨਾਲ ਗੁਰੂ ਸਾਹਿਬਾਨ ਦੇ ਫਲਸਫੇ ਦਾ ਸਿੱਖਾਂ ਦੇ ਨਾਲ-ਨਾਲ ਗੈਰ ਸਿੱਖ ਜਨਤਾ ਅੰਦਰ ਕੋਈ ਪਸਾਰਾ ਹੋਇਆ ਹੈ? ਉਪਰੋਕਤ ਘਟਨਾ ਚੱਕਰ ਨਾਲ ਦੇਸ਼ ਦੀ ਸਮੁੱਚੀ ਜਨਤਾ ਦੀਆਂ ਨਿਗਾਹਾਂ ’ਚ ਸਿੱਖਾਂ ਨੂੰ ਕੋਈ ਵਿਸ਼ੇਸ਼ ਲਾਭ ਮਿਲਿਆ ਹੈ ਜਾਂ ਕਿ ਉਨ੍ਹਾਂ ਦੇ ਅਕਸ ਨੂੰ ਖੋਰਾ ਲੱਗਾ ਹੈ? ਕੀ ਕਿਸੇ ਧਾਰਮਿਕ ਘੱਟ ਗਿਣਤੀ ਸਮੁਦਾਇ ਦਾ ਹਿੰਸਕ ਅੰਦੋਲਨ ਭਾਰਤ ਵਰਗੇ ਵਿਸ਼ਾਲ ਦੇਸ਼ ਦੀ ਸੱਤਾ ਨੂੰ ਮਾਤ ਦੇ ਸਕਦਾ ਹੈ? (ਬਾਕੀ ਸਫ਼ਾ 9 ’ਤੇ)

# ਪਾਤੜਾਂ ਪੁਲਸ ਨੇ ਲੁੱਟ ਦੀ ਵਾਰਦਾਤ ਨੂੰ ਸੁਲਝਾਇਆ, ਨੌਕਰਾਣੀ ਸਮੇਤ ਇੱਕ ਕਾਬੂ

- ਘਟਨਾ ਨੂੰ ਅੰਜਾਮ ਦੇਣ ਦੇ ਮਾਮਲੇ 'ਚ ਸੱਤ ਨਾਮਜ਼ਦ
- ਖੋਹੀ ਕਾਰ ਤੇ ਮਾਰੂ ਹਥਿਆਰ ਬਰਾਮਦ



ਲੁੱਟ ਦੇ ਮਾਮਲੇ ਵਿੱਚ ਫੜੇ ਗਏ ਕਥਿਤ ਦੋਸ਼ੀ ਪੁਲਸ ਪਾਰਟੀ ਨਾਲ ਤੇ ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਡੀ ਐੱਸ ਪੀ ਪਾਤੜਾਂ ਦਲਜੀਤ ਸਿੰਘ ਵਿਰਕ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਚਾਰ ਦਿਨ ਪਹਿਲਾਂ ਸ਼ਹਿਰ ਦੇ ਕਾਹਨਗੜ੍ਹ ਰੋਡ ਉੱਤੇ ਰਾਤ ਸਮੇਂ ਇੱਕ ਘਰ ਵਿੱਚ ਘਰ ਦੇ ਮਾਲਕ ਤੇ ਉਸ ਦੇ ਗੁਆਂਢੀ ਦੀ ਕੁੱਟਮਾਰ ਕਰਕੇ ਘਰ ਵਿੱਚ ਪਈ ਵਿਦੇਸ਼ੀ ਕਰੰਸੀ ਤੇ ਸੋਨਾ, ਮੋਬਾਈਲ ਅਤੇ ਕਾਰ ਖੋਹ ਕੇ ਲੈ ਜਾਣ ਦੇ ਮਾਮਲੇ ਨੂੰ ਪੁਲਸ ਨੇ ਤਿੰਨ ਦਿਨਾਂ ਵਿੱਚ ਹੱਲ ਕਰ ਲਿਆ ਹੈ।ਮੁੱਢਲੀ ਪੜਤਾਲ ਦੌਰਾਨ ਪੁਲਸ ਨੇ ਮਾਮਲੇ ਵਿੱਚ ਸ਼ਾਮਲ ਇੱਕ ਔਰਤ ਸਮੇਤ ਸੱਤ ਵਿਅਕਤੀਆਂ ਖਿਲਾਫ ਕੇਸ ਦਰਜ ਕਰਕੇ ਦੋ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਫੜੇ ਗਏ ਕਥਿਤ ਦੋਸ਼ੀਆਂ ਕੋਲੋਂ ਕਾਰ ਤੇ ਮਾਰੂ ਹਥਿਆਰ ਪੁਲਸ ਨੇ ਬਰਾਮਦ ਕਰਕੇ ਉਨ੍ਹਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ।ਅਦਾਲਤ ਨੇ ਦੋਵਾਂ ਦੋਸ਼ੀਆਂ ਨੂੰ ਪਹਿਲੀ ਜੁਲਾਈ ਤੱਕ ਪੁਲਸ ਰਿਮਾਂਡ ਉੱਤੇ ਭੇਜ ਦਿੱਤਾ ਹੈ।ਜਾਣਕਾਰੀ ਦਿੰਦਿਆਂ ਡੀ ਐੱਸ ਪੀ ਪਾਤੜਾਂ ਦਲਜੀਤ ਸਿੰਘ ਵਿਰਕ ਨੇ ਦੱਸਿਆ ਕਿ 24 ਤੇ 25 ਜੂਨ ਦੀ ਦਰਮਿਆਨੀ ਰਾਤ ਨੂੰ ਅਰੋੜਾ ਬਸਤੀ ਵਾਸੀ ਬਿਕਰਮਜੀਤ ਸਿੰਘ ਤੇ ਉਸ ਦੀ ਪਤਨੀ ਦਲਵਿੰਦਰ ਕੌਰ ਸੁੱਤੇ ਹੋਏ ਸਨ ਕਿ ਰਾਤ ਇੱਕ ਵਜੇ ਦੇ ਕਰੀਬ ਘਰ ਵਿੱਚ ਰੱਖੀ ਨੌਕਰਾਣੀ ਜਸਵਿੰਦਰ ਕੌਰ ਉਰਫ ਜਸਵੀਰ ਨੇ ਬਾਥਰੂਮ ਦੇ ਬਹਾਨੇ ਕੋਠੀ ਦਾ ਐਂਟਰੀ ਗੇਟ ਖੁੱਲ੍ਹਾ ਛੱਡ ਦਿੱਤਾ ਤਾਂ ਥੋੜ੍ਹੇ ਸਮੇਂ ਬਾਅਦ ਹੀ ਕੁਝ ਵਿਅਕਤੀਆਂ ਨੇ ਘਰ ਵਿੱਚ ਦਾਖਲ ਹੋ ਕੇ ਮਾਰੂ ਹਥਿਆਰਾਂ ਨਾਲ ਘਰ ਦੇ ਮਾਲਕ ਦੇ ਸੱਟਾਂ ਮਾਰ ਕੇ ਘਰ ਵਿੱਚੋਂ ਪੰਦਰਾਂ ਹਜ਼ਾਰ ਰੁਪਏ ਨਗਦੀ, ਪੰਜ ਹਜ਼ਾਰ ਅਮਰੀਕੀ ਡਾਲਰ, ਕਰੀਬ ਇੱਕ ਤੋਲਾ ਸੋਨੇ ਦੇ ਗਹਿਣੇ, ਇੱਕ ਮੋਬਾਇਲ ਆਈ ਫੋਨ 11 ਪਰੋ ਮੈਕਸ, ਇੱਕ ਏਅਰ ਗੰਨ ਤੇ ਦੋ ਐਪਲ ਵਾਚ ਅਤੇ ਦੋ ਸਿੰਪਲ ਘੜੀਆਂ ਦੀ ਲੁੱਟ ਕੇ ਲੈ ਗਏ ਤੇ ਜਾਂਦੇ ਸਮੇਂ ਮਕਾਨ ਦੇ ਬਾਹਰ ਖੜੀ ਕਾਰ ਮਾਰਕਾ ਕਰੂਜ ਰੰਗ ਚਿੱਟਾ ਨੂੰ ਵੀ ਲੈ ਗਏ।ਘਰ ਦੇ ਮਾਲਕ ਵੱਲੋਂ ਰੌਲਾ ਪਾਉਣ 'ਤੇ ਗੁਆਂਢੀ ਸੁਖਪਾਲ ਸਿੰਘ ਆ ਗਿਆ, ਜਿਸ ਦੀ ਖੋਹ ਕਰਨ ਵਾਲਿਆਂ ਨੇ ਮਾਰੂ ਹਥਿਆਰਾਂ ਨਾਲ ਕਾਫ਼ੀ ਕੁੱਟਮਾਰ ਕੀਤੀ ਤੇ ਉਸ ਪਾਸੋਂ ਵੀ ਗਿਆਰਾਂ ਹਜ਼ਾਰ ਰੁਪਏ ਤੇ ਉਸ ਦਾ ਮੋਬਾਇਲ ਫੋਨ ਖੋਹ ਕੇ ਫਰਾਰ ਹੋ ਗਏ।ਉਨ੍ਹਾਂ ਦੱਸਿਆ ਕਿ ਘਟਨਾ ਦੀ ਡੂੰਘਾਈ ਨਾਲ ਪੜਤਾਲ ਕਰਨ ਲਈ ਪੁਲਸ ਵੱਲੋਂ ਸਿਟੀ ਪੁਲਸ ਚੌਂਕੀ ਇੰਚਾਰਜ ਕਰਨੈਲ ਸਿੰਘ, ਥਾਣਾ ਮੁਖੀ ਯਸ਼ਪਾਲ ਸ਼ਰਮਾ ਤੇ ਥਾਣਾ ਸ਼ੁਤਰਾਣਾ ਦੇ ਮੁਖੀ ਗੁਰਮੀਤ ਸਿੰਘ ਵੱਲੋਂ ਕੀਤੀ ਗਈ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਬਿਕਰਮਜੀਤ ਸਿੰਘ ਨੇ ਜਸਵਿੰਦਰ ਕੌਰ ਉਰਫ ਜਸਵੀਰ ਕੌਰ ਘਰ ਵਿੱਚ ਨੌਕਰਾਣੀ ਰੱਖਿਆ ਹੋਇਆ ਸੀ, ਜੋ ਰਾਤ ਸਮੇਂ ਘਰ ਵਿੱਚ ਹੀ ਰਹਿੰਦੀ ਸੀ।ਉਨ੍ਹਾਂ ਦੱਸਿਆ ਕਿ ਉਕਤ ਨੌਕਰਾਣੀ ਘਰ ਦੀ ਭੇਤੀ ਸੀ, ਜਿਸ ਦਾ ਸਹੁਰੇ ਪਰਿਵਾਰ ਨਾਲ ਹਰਮਨ ਨਗਰ ਪਾਤੜਾਂ ਵਾਲੇ ਮਕਾਨ ਸਬੰਧੀ ਝਗੜਾ ਚੱਲਦਾ ਸੀ।ਉਸ ਨੇ ਕਿਸੇ ਵਿਅਕਤੀ ਕੋਲ ਘਰ ਗਿਰਵੀ ਰੱਖਿਆ ਸੀ, ਜਿਸ ਨੂੰ ਛਡਾਉਣ ਲਈ ਕਥਿਤ ਦੋਸ਼ਣ ਜਸਵਿੰਦਰ ਕੌਰ ਨੂੰ ਇੱਕ ਲੱਖ ਰੁਪਏ ਦੀ ਜ਼ਰੂਰਤ ਸੀ, ਜਿਸ ਨੇ ਆਪਣਾ ਮਕਾਨ ਗਹਿਣੇ ਤੋਂ ਛੁਡਾਉਣ ਲਈ ਆਪਣੇ ਪ੍ਰੇਮੀ ਸੁਖਚੈਨ ਸਿੰਘ ਤੇ ਉਸ ਦੇ ਸਾਥੀ ਆਕਾਸ਼ ਉਰਫ ਕਾਕਾ, ਮੋਕਸ ਗੁਪਤਾ, ਨੀਤਿਸ਼ ਉਰਫ ਭੋਲਾ ਤੇ ਇੱਕ ਮੋਟੇ ਨਾਮ ਦੇ ਵਿਅਕਤੀ ਨਾਲ ਮਿਲ ਕੇ ਵਾਰਦਾਤ ਨੂੰ ਅੰਜਾਮ ਦਿੱਤਾ ਸੀ।ਉਨ੍ਹਾਂ ਦੱਸਿਆ ਕਿ ਵਾਰਦਾਤ ਨੂੰ ਅੰਜਾਮ ਦੇਣ ਵਾਲਿਆਂ ਵਿੱਚੋਂ ਜਸਵਿੰਦਰ ਕੌਰ ਤੇ ਸੁਖਚੈਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਦੋਂ ਕਿ ਆਕਾਸ਼ ਉਰਫ ਕਾਕਾ, ਮੋਕਸ ਗੁਪਤਾ, ਨੀਤਿਸ਼ ਉਰਫ ਭੋਲਾ, ਸੁਮਿਤ ਤੇ ਇੱਕ ਮੋਟੇ ਨਾਮਲੂਮ ਵਿਅਕਤੀ ਦੀ ਗ੍ਰਿਫਤਾਰੀ ਬਾਕੀ ਹੈ, ਜਿਨ੍ਹਾਂ ਨੂੰ ਜਲਦੀ ਹੀ ਗ੍ਰਿਫਤਾਰ ਕੀਤਾ ਜਾਵੇਗਾ।

## ਤੇਜ਼ ਰਫਤਾਰ ਸਕਾਰਪਿਓ ਗੱਡੀ ਦੀ ਟੱਕਰ ਵੱਜਣ ਨਾਲ ਔਰਤ ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਅਧੀਨ ਆਉਂਦੇ ਪਿੰਡ ਪੀਰ ਮੁਹੰਮਦ ਵਿਖੇ ਤੇਜ਼ ਰਫਤਾਰ ਗੱਡੀ ਸਕਾਰਪਿਓ ਚਾਲਕ ਨੇ ਇੱਕ ਔਰਤ ਨੂੰ ਟੱਕਰ ਮਾਰੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸਰਵਣ ਸਿੰਘ ਪੁੱਤਰ ਬੋਹੜ ਸਿੰਘ ਵਾਸੀ ਪਿੰਡ ਪੀਰ ਮੁਹੰਮਦ ਨੇ ਦੱਸਿਆ ਕਿ ਉਸ ਦੀ ਮਾਤਾ ਹਰਬੰਸ ਕੌਰ (72 ਸਾਲ) ਪਤਨੀ ਬੋਹੜ ਸਿੰਘ ਆਪਣੇ ਘਰ ਦੇ ਬਾਹਰ ਪਾਥੀਆਂ ਥੱਪ ਰਹੀ ਸੀ ਤਾਂ ਦੋਸ਼ੀ ਮਨਪ੍ਰੀਤ ਸਿੰਘ ਉਰਫ ਸ਼ੈਰੀ ਪੁੱਤਰ ਨਿਸ਼ਾਨ ਸਿੰਘ ਵਾਸੀ ਪਿੰਡ ਸਤੀਏ ਵਾਲਾ ਨੇ ਆਪਣੀ ਗੱਡੀ ਸਕਾਰਪਿਓ ਨੰਬਰ ਪੀਬੀ 05 ਏਆਰ 8586 ਬੜੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਹਰਬੰਸ ਕੌਰ ਵਿੱਚ ਮਾਰੀ ਤੇ ਉਸ ਦੇ ਉਤੋਂ ਦੀ ਲੰਘਾ ਕੇ ਲੈ ਗਿਆ, ਜਿਸ ਨਾਲ ਹਰਬੰਸ ਕੌਰ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## 80 ਕਿੱਲੋ ਲਾਹਣ ਸਮੇਤ ਇੱਕ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਜ਼ੀਰਾ ਪੁਲਸ ਨੇ ਇਕ ਵਿਅਕਤੀ ਨੂੰ 80 ਕਿਲੋ ਲਾਹਣ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਇਲਾਕੇ 'ਚ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਗੁਰਲਾਭ ਸਿੰਘ ਉਰਫ ਲਾਭ ਪੁੱਤਰ ਜੋਗਿੰਦਰ ਸਿੰਘ ਵਾਸੀ ਕੱਚਰ ਭੰਨ ਨਾਜਾਇਜ਼ ਸ਼ਰਾਬ ਕਸੀਦ ਕਰਕੇ ਵੇਚਣ ਦਾ ਆਦੀ ਹੈ, ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਮੌਕੇ 'ਤੇ 80 ਕਿੱਲੋ ਲਾਹਣ ਬਰਾਮਦ ਹੋਈ।

### ਮਾਮਲਾ ਦਲਿਤ ਨੌਜਵਾਨਾਂ 'ਤੇ ਜਬਰ ਦਾ

# ਦੋਸ਼ੀਆਂ ਦੀ ਗ੍ਰਿਫਤਾਰੀ ਨਾ ਹੋਣ 'ਤੇ ਮੁੱਖ ਮੰਤਰੀ ਦੀ ਫੂਕੀ ਅਰਥੀ



**ਮਾਨਸਾ (ਆਤਮਾ ਸਿੰਘ ਪਮਾਰ)**-ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਸੰਗਰੂਰ ਜ਼ਿਲ੍ਹੇ ਦਲਿਤ ਨੌਜਵਾਨਾਂ 'ਤੇ ਅੰਨ੍ਹਾ ਤਸੱਦਦ ਕਰਨ ਵਾਲੇ ਧਨਾਢਾਂ ਨੂੰ ਗ੍ਰਿਫਤਾਰ ਨਾ ਕਰਨ ਖਿਲਾਫ ਮੁੱਖ ਮੰਤਰੀ ਮਾਨ ਦੀ ਅਰਥੀ ਫੂਕੀ ਗਈ। ਇਸ ਸਮੇਂ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਦਲਿਤ ਨੌਜਵਾਨਾਂ ਨੂੰ ਇਨਸਾਫ ਨਾ ਮਿਲਿਆ ਤੇ ਦੋਸ਼ੀ ਧਨਾਢ ਗੁੰਡਿਆਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਆਪ ਸਰਕਾਰ ਨੂੰ ਲੋਕ ਸਭਾ ਦੀ ਤਰ੍ਹਾਂ ਜਲੰਧਰ ਜ਼ਿਮਨੀ ਚੋਣ ਵਿੱਚ ਵੀ ਖਮਿਆਜ਼ਾ ਭੁਗਤਣਾ ਪਵੇਗਾ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਪੰਜਾਬ ਅੰਦਰ ਮੁੱਖ ਮੰਤਰੀ ਮਾਨ ਦੇ ਰਾਜ ਵਿੱਚ ਸਮਗਲਰ ਨਸ਼ਿਆਂ ਦਾ ਕਾਲਾ ਕਾਰੋਬਾਰ ਤੇ ਮਨੂੰਵਾਦੀ ਧਨਾਢ ਦਲਿਤਾਂ ਉਪਰ ਜਬਰ ਕਰਨਾ ਆਪਣਾ ਸੰਵਿਧਾਨਕ ਹੱਕ ਸਮਝਦੇ ਹਨ, ਜਿਸ ਦੀ ਤਸਵੀਰ ਨਸ਼ਿਆਂ 'ਚ ਨਿੱਤ ਦਿਨ ਹੋ ਰਹੀਆਂ ਮੌਤਾਂ ਅਤੇ ਜ਼ਿਲ੍ਹਾ ਸੰਗਰੂਰ ਵਿਖੇ ਦੋ ਦਲਿਤ ਨੌਜਵਾਨਾਂ ਨੂੰ ਪਸ਼ੂਆਂ ਦੀ ਤਰ੍ਹਾਂ ਕੁੱਟਮਾਰ ਕਰਕੇ ਲੱਤਾਂ ਬਾਹਾਂ ਤੋੜਨ ਵਾਲੇ ਸਰੇਆਮ ਘੁੰਮ ਰਹੇ ਗੁੰਡੇ ਧਨਾਢਾਂ ਤੋਂ ਦੇਖੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਦਲਿਤ ਨੌਜਵਾਨਾਂ 'ਤੇ ਅੰਨ੍ਹਾ ਤਸ਼ੱਦਦ ਕਰਨ ਵਾਲੇ ਪੇਂਡੂ ਧਨਾਢ ਕਿਸਾਨ ਯੂਨੀਅਨ ਉਗਰਾਹਾਂ ਗਰੁੱਪ ਦੇ ਪ੍ਰਮੁੱਖ ਲੀਡਰ ਹਨ। ਉਨ੍ਹਾਂ ਕਿਹਾ ਕਿ ਜ਼ੁਲਮ ਜਬਰ ਖਿਲਾਫ ਲੜਨ ਵਾਲਾ ਕਿਸਾਨ ਆਗੂ ਜੋਗਿੰਦਰ ਉਗਰਾਹਾਂ ਗੁੰਡਿਆਂ ਦਾ ਹੱਥ ਠੋਕਾ ਬਣ ਕੇ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਦਲਿਤ ਨੌਜਵਾਨਾਂ 'ਤੇ ਜਬਰ ਕਰਨ ਵਾਲੇ ਧਨਾਢਾਂ ਦਾ ਪੱਖ ਲੈ ਕੇ ਕਿਸਾਨ ਆਗੂ ਜੋਗਿੰਦਰ ਉਗਰਾਹਾਂ ਨੇ ਆਪਣਾਂ ਦਲਿਤ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦਲਿਤ ਨੌਜਵਾਨਾਂ ਦੇ ਦੋਸ਼ੀ ਧਨਾਢ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਸਰਕਾਰ ਖਿਲਾਫ ਜਲੰਧਰ 'ਚ ਮੁਹਿੰਮ ਚਲਾਵਾਂਗੇ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਦਲਿਤਾਂ ਦੀਆਂ ਵੋਟਾਂ ਵਟੋਰਨ ਲਈ ਗੇੜੇ ਮਾਰਨ ਵਾਲੇ ਅਕਾਲੀ, ਭਾਜਪਾ, ਕਾਂਗਰਸੀ ਲੀਡਰ ਦਲਿਤ ਨੌਜਵਾਨਾਂ 'ਤੇ ਤਸ਼ੱਦਦ 'ਤੇ ਅੱਖਾਂ ਬੰਦ ਕਰ ਬੈਠੇ ਹਨ।

ਉਨ੍ਹਾਂ ਕਿਹਾ ਕਿ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਉਗਰਾਹਾਂ ਗਰੁੱਪ ਦੇ ਧਨਾਢ ਗੁੰਡਿਆਂ ਵੱਲੋਂ ਦਲਿਤ ਨੌਜਵਾਨਾਂ ਨੂੰ ਕੁੱਟਮਾਰ ਦੀ ਵੀਡੀਓ ਪਿੰਡਾਂ ਵਿੱਚ ਦਿਖਾ ਕੇ ਲਾਮਬੰਦੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਐਕਸ਼ਨ ਕਮੇਟੀ ਵੱਲੋਂ ਦਲਿਤ ਨੌਜਵਾਨਾਂ ਨੂੰ ਇਨਸਾਫ ਲਈ ਤੇ ਸਰੇਆਮ ਘੁੰਮ ਰਹੇ ਦੋਸ਼ੀ ਧਨਾਢਾਂ ਨੂੰ ਗ੍ਰਿਫਤਾਰ ਕਰਾਉਣ ਲਈ 1 ਜੁਲਾਈ ਨੂੰ ਸੰਗਰੂਰ ਧਰਨੇ ਵਿੱਚ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ ਹੈ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਆਗੂ ਟਹਿਲਾ ਸਿੰਘ, ਜਰਨੈਲ ਸਿੰਘ ਮਾਨਸਾ, ਵੀਰਾ ਸਿੰਘ, ਗੁਰਮੀਤ ਸਿੰਘ, ਨਾਜਰ ਸਿੰਘ ਮੌਜੂਦ ਸਨ।

## ਕਾਤਰਾਂ

### ਜੰਗਲਾਤ ਮੁੱਖ ਦਫ਼ਤਰ ਦਾ ਘਿਰਾਓ 9 ਨੂੰ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਆਲ ਇੰਡੀਆ ਮਜ਼ਦੂਰ ਦਲ ਦੇ ਕੌਮੀ ਪ੍ਰਧਾਨ ਗੁਰਦੀਪ ਸਿੰਘ ਢੀਂਗੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੰਗਲਾਤ ਵਿਭਾਗ ਵਿੱਚ ਕੰਮ ਕਰਦੇ ਕਿਰਤੀਆਂ ਦੀਆਂ ਮੰਗਾਂ ਪ੍ਰਤੀ ਵਿਭਾਗ ਦੇ ਨਾ-ਪੱਖੀ ਰਵੱਈਏ ਤੋਂ ਅੱਕੇ ਕਿਰਤੀਆਂ ਕੋਲ ਹੁਣ ਸੰਘਰਸ਼ ਤੋਂ ਸਿਵਾਏ ਹੋਰ ਕੋਈ ਰਾਹ ਦਿਖਾਈ ਨਹੀਂ ਦੇ ਰਿਹਾ।ਉਨ੍ਹਾਂ ਮੰਗ ਪੱਤਰ ਵਿੱਚ ਦਰਜ ਨੁਕਤਿਆਂ ਮੁਤਾਬਿਕ ਅਪ੍ਰੈਲ, ਮਈ, ਜੂਨ ਦੀ ਤਨਖਾਹ ਦੇਣ, ਡੇਲੀਵੇਜ ਕਾਮਿਆਂ ਨੂੰ ਮਹੀਨੇ ਦੀ 7 ਤਾਰੀਖ ਤੱਕ ਤਨਖਾਹ ਦੀ ਅਦਾਇਗੀ ਯਕੀਨੀ ਬਣਾਉਣ, ਈ.ਪੀ.ਐੱਫ. ਕੱਟਣ, ਜ਼ਰੂਰੀ ਛੁੱਟੀਆਂ ਦੇਣ, ਵੈੱਲਫ਼ੇਅਰ ਫੰਡ ਕੱਟਣ, ਮੋਹਾਲੀ ਡਵੀਜ਼ਨ ਵਿੱਚ ਕੰਮ ਕਰਦੇ ਵਰਕਰਾਂ 'ਤੇ ਚੰਡੀਗੜ੍ਹ ਡੀਸੀ ਰੇਟ ਲਾਗੂ ਕਰਨ, ਮਨਰੇਗਾ ਅਧੀਨ ਕੰਮ ਕਰਨ ਵਾਲੇ ਨਾਦਰਸ਼ਾਹੀ ਹੁਕਮ ਨੂੰ ਵਾਪਸ ਲੈਣ, ਚਰਚਿਤ ਮੁਲਾਜ਼ਮਾਂ ਨੂੰ ਮੁੜ ਰੱਖਣ, 31 ਮਾਰਚ 2025 ਤੱਕ ਦਾ ਬਜਟ ਦੇਣ, ਡੇਲੀ ਵੇਜਿਜ਼ ਵਰਕਰਾਂ ਦੀ ਛਾਂਟੀ ਬੰਦ ਕਰਨ ਤੇ ਵਰਕਰਾਂ ਨੂੰ ਮੈਡੀਕਲ ਕਿੱਟਾਂ ਦੇਣ ਸਮੇਤ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਵਿਭਾਗ ਨੇ 4 ਜੁਲਾਈ ਤੱਕ ਮੀਟਿੰਗ ਦੇ ਕੇ ਮੰਗਾਂ ਪ੍ਰਵਾਨ ਨਾ ਕੀਤੀਆਂ ਤਾਂ 9 ਜੁਲਾਈ ਨੂੰ ਜਥੇਬੰਦੀ ਜੰਗਲਾਤ ਵਿਭਾਗ ਦੇ ਮੋਹਾਲੀ ਸਥਿਤ ਮੁੱਖ ਦਫ਼ਤਰ ਦਾ ਘਿਰਾਓ ਕਰਦਿਆਂ ਧਰਨਾ ਦੇਵੇਗੀ।

### 155 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਤਸਕਰ ਨੂੰ 155 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਥਾਣਾ ਸਿਟੀ ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸੀਆਈਏ ਸਟਾਫ ਫਿਰੋਜ਼ਪੁਰ ਦੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਸਮਾਰਟ ਸਿਟੀ ਕਾਲੋਨੀ ਪਾਸ ਪੁੱਜੇ ਤਾਂ ਜਾਮਨ ਦੇ ਦਰੱਖਤ ਹੇਠਾਂ ਇੱਕ ਨੌਜਵਾਨ ਵਿੱਕੀ ਪੁੱਤਰ ਗਰਜਾ ਉਰਫ ਪੂਰਨ ਵਾਸੀ ਵਾਰਡ ਨੰਬਰ 3 ਬਸਤੀ ਆਵਾ ਸਿਟੀ ਫਿਰੋਜ਼ਪੁਰ ਹਾਲ ਜੈ ਮਾਂ ਸਰਸਵਤੀ ਇਨਕਲੇਵ ਸਿਟੀ ਫਿਰੋਜ਼ਪੁਰ ਖੜਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਮੌਕੇ ਤੋਂ ਖਿਸਕਣ ਲੱਗ, ਜਿਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 155 ਗ੍ਰਾਮ ਹੈਰੋਇਨ ਬਰਾਮਦ ਹੋਈ।

### ਧੋਖਾਧੜੀ ਦੇ ਮਾਮਲੇ 'ਚ ਇੱਕ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਇੱਕ ਵਿਅਕਤੀ ਨਾਲ ਧੋਖਾਧੜੀ ਕਰਨ ਦੇ ਮਾਮਲੇ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਵਿਅਕਤੀ ਖਿਲਾਫ 420 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਅਯੂਬ ਮਸੀਹ ਨੇ ਦੱਸਿਆ ਕਿ ਦਰਖਸਤ ਨੰਬਰ ਯੂਆਈਡੀ 243627 ਰਾਹੀਂ ਪਵਨ ਕੁਮਾਰ ਜੈਨ ਪੁੱਤਰ ਅਜੀਤ ਪ੍ਰਸਾਦ ਜੈਨ ਵਾਸੀ ਹਾਉਸ ਨੰਬਰ 335 ਵਾਸੀ ਵਾਰਡ ਨੰਬਰ 8 ਨੇੜੇ ਰੈੱਡ ਰੋਜ਼ ਮਾਡਲ ਸਕੂਲ, ਕੀਰਤੀ ਨਗਰ, ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਘਰ ਵਿੱਚ 8 ਅਕਤੂਬਰ 2023 ਨੂੰ ਹਾਜ਼ਰ ਸੀ ਤਾਂ ਉਸ ਦੇ ਮੋਬਾਇਲ ਫੋਨ 'ਤੇ ਇਕ ਮੈਸਿਜ ਆਇਆ ਕਿ ਤੁਹਾਡੇ ਖਾਤੇ ਵਿੱਚੋਂ 99,999 ਰੁਪਏ ਡੈਬਿਟ ਹੋਏ ਹਨ, ਜਿਸ 'ਤੇ ਉਸ ਨੇ ਬੈਂਕ ਨਾਲ ਗੱਲਬਾਤ ਕੀਤੀ, ਜਿਨ੍ਹਾਂ ਨੇ ਦੱਸਿਆ ਕਿ ਤੁਹਾਡੇ ਖਾਤੇ ਵਿੱਚੋਂ 99,999 ਰੁਪਏ ਟਰਾਂਸਫਰ ਹੋਏ ਹਨ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਜੋ ਬਾਅਦ ਪੜਤਾਲ ਆਰਥਿਕ ਅਪਰਾਧ ਸ਼ਾਖਾ ਤੇ ਮਨਜ਼ੂਰੀ ਉੱਚ ਅਫਸਰਾਨ ਬਾਰੂਲੀ ਪੁੱਤਰ ਦੇਵ ਕਾਲੀ ਕਾਲਾ ਬਾਰੂਲੀ ਵਾਸੀ ਸੰਤ ਕਬੀਰ ਨਗਰ ਡਿਉਕਲੀ ਕਾਲਾ 272176 ਉੱਤਰ ਪ੍ਰਦੇਸ਼ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

# ਤੇਲੰਗਾਨਾ ਦੀਆਂ ਜਥੇਬੰਦੀਆਂ ਕਿਸਾਨ ਅੰਦੋਲਨ-2 'ਚ ਅਹਿਮ ਭੂਮਿਕਾ ਨਿਭਾਉਣਗੀਆਂ : ਡੱਲੇਵਾਲ




**ਸਮਰਾਲਾ (ਸੁਰਜੀਤ ਸਿੰਘ)**-ਤੇਲੰਗਾਨਾ ਦੇ ਹੈਦਰਾਬਾਦ ਵਿੱਚ ਐੱਸ.ਕੇ.ਐੱਮ (ਗੈਰ-ਸਿਆਸੀ) ਨਾਲ ਜੁੜੀਆਂ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਹੋਈ। ਲਖਵਿੰਦਰ ਸਿੰਘ (ਔਲਖ) ਸਿਰਸਾ ਬੀਕੇਈ ਦੇ ਪ੍ਰਧਾਨ ਹਰਿਆਣਾ ਨੇ ਇਹ ਜਾਣਕਾਰੀ ਦਿੰਦਿਆਂ ਨੇ ਦੱਸਿਆ ਕਿ ਐਸਕੇਐਮ (ਗੈਰ-ਸਿਆਸੀ) ਨੇ ਹੈਦਰਾਬਾਦ, ਤੇਲੰਗਾਨਾ ਵਿੱਚ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਕੀਤੀ, ਜਿਸ ਵਿੱਚ ਸੀਫਾ ਦੇ ਉੱਘੇ ਕਿਸਾਨ ਆਗੂ ਪੀ ਚਾਂਗੁਲ ਰੇਡੀ, ਕਰਨਾਟਕ ਤੋਂ ਕਿਸਾਨ ਆਗੂ ਕੁਰਬਾਰੂ ਸਾਂਤਾਕੁਮਾਰ, ਪੰਜਾਬ ਤੋਂ ਜਗਜੀਤ ਸਿੰਘ ਡੱਲੇਵਾਲ, ਸੁਖਜੀਤ ਸਿੰਘ, ਹਰਸੁਲਿੰਦਰ ਸਿੰਘ, ਬਲਪ੍ਰੀਤ ਸਿੰਘ, ਹਰਿਆਣਾ ਤੋਂ ਅਭਿਮਨਿਊ ਕੋਹਾੜ, ਲਖਵਿੰਦਰ ਸਿੰਘ ਔਲਖ, ਜਫਰ ਖਾਨ, ਤਾਮਿਲਨਾਡੂ ਤੋਂ ਪੀ.ਆਰ.ਪਾਂਡਿਅਨ, ਤੇਲੰਗਾਨਾ ਤੋਂ ਵੈਂਕਟੇਸਵਰ ਰਾਓ ਸ਼ਾਮਲ ਹੋਏ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਸਮੁੱਚੇ ਦੇਸ਼ ਦੇ ਕਿਸਾਨਾਂ ਨੂੰ ਇੱਕਜੁੱਟ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਪਵੇਗਾ। ਕਿਸਾਨ ਅੰਦੋਲਨ-2 ਨੂੰ ਮਜ਼ਬੂਤ ਕਰਨ ਲਈ ਮੋਰਚੇ ਵੱਲੋਂ ਦਿੱਤੇ ਗਏ ਸਾਰੇ ਪ੍ਰੋਗਰਾਮਾਂ ਨੂੰ ਤੇਲੰਗਾਨਾ ਵਿੱਚ ਵੀ ਕਿਸਾਨਾਂ ਵੱਲੋਂ ਇੱਕਮੁੱਠ ਹੋ ਕੇ ਲਾਗੂ ਕਰਨਾ ਚਾਹੀਦਾ ਹੈ। ਸੰਯੁਕਤ ਕਿਸਾਨ ਮੋਰਚਾ ਦੇ ਗੈਰ-ਸਿਆਸੀ ਵਫਦ ਨੇ ਸੀਫਾ ਦੇ ਸੀਨੀਅਰ ਕਿਸਾਨ ਆਗੂ ਪੀ ਚਾਂਗੁਲ ਰੈਡੀ ਨਾਲ ਐੱਮਐੱਸਪੀ ਗਰੰਟੀ ਐਕਟ ਦੇ ਵਿਸ਼ੇ 'ਤੇ ਵਿਸਥਾਰਪੂਰਵਕ ਗੱਲਬਾਤ ਕੀਤੀ। ਚਾਂਗੁਲ ਰੈਡੀ ਨੇ ਕਿਹਾ ਕਿ ਸਾਡੀ ਸੰਸਥਾ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਤਹਿਤ ਘੱਟੋ-ਘੱਟ ਸਮਰਥਨ ਮੁੱਲ ਫਸਲ ਖਰੀਦ ਗਾਰੰਟੀ ਕਾਨੂੰਨ ਲਈ ਸੰਘਰਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਚੱਲ ਰਹੇ ਕਿਸਾਨ ਅੰਦੋਲਨ-2 ਨੂੰ ਦੇਸ਼ ਵਿਆਪੀ ਬਣਾਉਣ ਤੇ ਜਿੱਤ ਤੱਕ ਲਿਜਾਣ ਲਈ ਪੂਰੇ ਦੇਸ ਵਿੱਚ ਸੰਘਰਸ਼ ਤੇਜ਼ ਕੀਤਾ ਜਾਵੇਗਾ। ਲਖਵਿੰਦਰ ਸਿੰਘ ਔਲਖ ਨੇ ਕਿਹਾ ਕਿ ਸਵਾਮੀਨਾਥਨ ਕਮਿਸ਼ਨ +50 ਦੀਆਂ ਸਿਫਾਰਸ਼ਾਂ ਤਹਿਤ ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਕਾਨੂੰਨ ਲਈ ਸਾਡਾ ਧਰਨਾ 13 ਫਰਵਰੀ ਤੋਂ 4 ਥਾਵਾਂ 'ਤੇ ਚੱਲ ਰਿਹਾ ਹੈ ਅਤੇ ਹਜ਼ਾਰਾਂ ਕਿਸਾਨਾਂ ਨੇ 137 ਦਿਨਾਂ ਤੋਂ ਵੱਧ ਸਮੇਂ ਤੋਂ ਸੜਕਾਂ 'ਤੇ ਡੇਰੇ ਲਾਏ ਹੋਏ ਹਨ। ਉਨ੍ਹਾਂ ਕਿਹਾ ਕਿ ਇਹ ਧਰਨਾ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਕੇਂਦਰ ਸਰਕਾਰ ਸਾਡੀਆਂ ਮੰਗਾਂ ਪੂਰੀਆਂ ਨਹੀਂ ਕਰਦੀ। ਜੇਕਰ ਭਾਜਪਾ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਨੇ ਆਪਣੀਆਂ ਕਿਸਾਨ ਵਿਰੋਧੀ ਨੀਤੀਆਂ ਨਾ ਬਦਲੀਆਂ ਤਾਂ ਇਸ ਨੂੰ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਰਿਆਣਾ, ਮਹਾਂਰਾਸ਼ਟਰ, ਝਾਰਖੰਡ ਸਮੇਤ ਸਾਰੇ ਰਾਜਾਂ ਵਿੱਚ ਕਿਸਾਨ ਦੇ ਭਾਜਪਾ ਪ੍ਰਤੀ ਰੋਸ ਦਾ ਸਾਹਮਣਾ ਕਰਨਾ ਪਵੇਗਾ। ਵੈਂਕਟੇਸਵਰ ਰਾਓ ਨੇ ਕਿਹਾ ਕਿ 8 ਜੁਲਾਈ ਨੂੰ ਐੱਸਕੇਐੱਮ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਆਪਣੀਆਂ 12 ਮੰਗਾਂ ਨੂੰ ਲੈ ਕੇ ਭਾਜਪਾ ਦੇ 240 ਸੰਸਦ ਮੈਂਬਰਾਂ ਤੋਂ ਇਲਾਵਾ ਸਾਰੇ ਸੰਸਦ ਮੈਂਬਰਾਂ ਨੂੰ ਮੰਗ ਪੱਤਰ ਸੌਂਪਣਗੇ। ਉਨ੍ਹਾਂ ਕਿਹਾ ਕਿ ਜੁਲਾਈ ਮਹੀਨੇ ਵਿੱਚ ਦੋਵਾਂ ਮੋਰਚਿਆਂ ਵੱਲੋਂ ਦਿੱਲੀ ਵਿੱਚ ਕਿਸਾਨ ਸੰਮੇਲਨ ਕੀਤਾ ਜਾਵੇਗਾ, ਜਿਸ ਵਿੱਚ ਸਾਰੇ ਰਾਜਾਂ ਦੇ 1 ਲੱਖ ਤੋਂ ਵੱਧ ਕਿਸਾਨ ਹਿੱਸਾ ਲੈਣਗੇ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਤੇਲੰਗਾਨਾ ਸਰਕਾਰ ਵੱਲੋਂ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ ਚੁੱਕਿਆ ਗਿਆ ਕਦਮ ਸ਼ਲਾਘਾਯੋਗ ਹੈ, ਪਰ ਕਾਂਗਰਸ ਸਰਕਾਰ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਇੰਡੀਆ ਗੱਠਜੋੜ ਦਾ ਵੱਡਾ ਹਿੱਸਾ ਹੈ ਅਤੇ ਇੰਡੀਆ ਗੱਠਜੋੜ ਨੇ ਕਿਸਾਨਾਂ ਦਾ ਪੂਰਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਹੈ ਅਤੇ ਅਸੀਂ ਮੰਗ ਕਰਦੇ ਹਾਂ ਕਿ ਜਿਨ੍ਹਾਂ ਰਾਜਾਂ ਵਿੱਚ ਉਹ ਸੱਤਾ ਵਿੱਚ ਹਨ, ਉੱਥੇ ਕਿਸਾਨਾਂ ਦਾ ਮੁਕੰਮਲ ਕਰਜ਼ਾ ਮੁਆਫ ਕੀਤਾ ਜਾਵੇ। ਕੁਰਬਰੂ ਸਾਂਤਾ ਕੁਮਾਰ ਤੇ ਪੀਆਰ ਪਾਂਡੀਅਨ ਨੇ ਮੀਡੀਆ ਰਾਹੀਂ ਹਰਿਆਣਾ ਤੇ ਪੰਜਾਬ ਦੇ ਸੰਭੂ ਤੇ ਖਨੌਰੀ ਸਰਹੱਦਾਂ 'ਤੇ ਕਿਸਾਨਾਂ 'ਤੇ ਹੋਏ ਜ਼ੁਲਮਾਂ ਬਾਰੇ ਦੱਸਿਆ ਤੇ ਉਨ੍ਹਾਂ ਭਾਜਪਾ ਸਰਕਾਰ ਵੱਲੋਂ ਵਰਤੇ ਜਾਂਦੇ ਇੰਜੈਕਟਰ ਮੋਰਟਾਰ, ਗੋਲੀਆਂ, ਜ਼ਹਿਰੀਲੀ ਗੈਸ ਦੇ ਗੋਲੇ ਵੀ ਦਿਖਾਏ। ਵੈਂਕਟੇਸਵਰ ਰਾਓ ਨੇ ਦੇਸ ਦੇ ਵੱਖ-ਵੱਖ ਰਾਜਾਂ ਤੋਂ ਆਏ ਕਿਸਾਨ ਆਗੂਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਕਿਸਾਨਾਂ ਦੀਆਂ ਇਨ੍ਹਾਂ ਮੰਗਾਂ ਲਈ ਤੇਲੰਗਾਨਾ ਸੂਬਾ ਵੀ ਕਿਸਾਨ ਅੰਦੋਲਨ-2 ਦੇ ਨਾਲ ਹੈ, ਫਰੰਟ ਵੱਲੋਂ ਦਿੱਤੇ ਹਰ ਪ੍ਰੋਗਰਾਮ ਨੂੰ ਤੇਲੰਗਾਨਾ ਵਿੱਚ ਲਾਗੂ ਕੀਤਾ ਜਾਵੇਗਾ।

## ਗੱਡੀਆਂ 'ਚੋਂ ਯਾਤਰੀਆਂ ਦੇ ਮੋਬਾਇਲ ਫ਼ੋਨ ਚੋਰੀ ਕਰਨ ਵਾਲਾ ਪੁਲਸ ਅੜਿੱਕੇ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਗੌਰਮਿੰਟ ਰੇਲਵੇ ਪੁਲਸ ਚੌਕੀ ਧੂਰੀ ਵੱਲੋਂ ਰੇਲ ਗੱਡੀਆਂ ਵਿੱਚੋਂ ਯਾਤਰੀਆਂ ਦੇ ਫ਼ੋਨ ਚੋਰੀ ਕਰਨ ਵਾਲੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਦਾ ਸਮਾਚਾਰ ਮਿਲਿਆ ਹੈ।ਚੌਕੀ ਜੀ.ਆਰ.ਪੀ. ਧੂਰੀ ਦੇ ਇੰਚਾਰਜ ਏ.ਐੱਸ.ਆਈ ਰਣਬੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾਇਰੈਕਟਰ ਜਨਰਲ ਆਫ਼ ਪੁਲਸ ਰੇਲਵੇ ਮੈਡਮ ਸ੍ਰੀਮਤੀ ਸ਼ਸ਼ੀ ਪ੍ਰਭਾ ਦ੍ਵਿਵੇਦੀ ਦੇ ਦਿਸ਼ਾ ਨਿਰਦੇਸ਼ਾਂ ਤੇ ਮੁੱਖ ਅਫਸਰ ਥਾਣਾ ਰੇਲਵੇ ਸੰਗਰੂਰ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਭੈੜੇ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਜਸਵੀਰ ਵਾਸੀ ਧੂਰੀ ਨੇ ਪੁਲਸ ਨੂੰ ਸੂਚਨਾ ਦਿੱਤੀ ਸੀ ਕਿ ਸਫਰ ਦੌਰਾਨ ਉਸ ਦਾ ਮੋਬਾਇਲ ਫੋਨ ਇੱਕ ਵਿਅਕਤੀ ਚੋਰੀ ਕਰਕੇ ਚੱਲਦੀ ਗੱਡੀ ਵਿੱਚੋਂ ਉੱਤਰ ਗਿਆ ਸੀ ਤੇ ਮੁਦਈ ਦੇ ਬਿਆਨ 'ਤੇ ਮੁਕੱਦਮਾ ਦਰਜ ਕਰਕੇ ਕੀਤੀ ਗਈ ਬਾਰੀਕੀ ਨਾਲ ਤਫਤੀਸ਼ ਵਿੱਚ ਸੂਰਜ ਉਰਫ ਵਿੱਕੀ ਵਾਸੀ ਮਾਧੋਪੁਰੀ ਮੁਹੱਲਾ ਧੂਰੀ ਨੂੰ ਮੁਕੱਦਮਾ ਵਿੱਚ ਨਾਮਜ਼ਦ ਕਰਕੇ ਕਾਬੂ ਕੀਤਾ ਗਿਆ ਤੇ ਚੋਰੀ ਕੀਤਾ ਗਿਆ ਫੋਨ ਬਰਾਮਦ ਕੀਤਾ ਗਿਆ।ਉਨ੍ਹਾ ਕਿਹਾ ਕਿ ਫੜੇ ਗਏ ਮੁਲਜ਼ਮ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

## ਹਿਮਾਲੀਅਨ ਵੁੱਡ ਬੈਚ ਕੋਰਸ ਉਪਰੰਤ ਸਿਰਸਾ ਪੁੱਜੇ ਸਕਾਊਟ ਮਾਸਟਰ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਹਰਿਆਣਾ ਰਾਜ ਦੇ ਭਾਰਤ ਸਕਾਊਟ ਗਾਈਡ ਦੁਆਰਾ ਤਾਰਾ ਦੇਵੀ (ਸ਼ਿਮਲਾ) ਦੇ ਸਿਖਲਾਈ ਕੇਂਦਰ ਵਿਖੇ 7 ਰੋਜ਼ਾ ਹਿਮਾਲੀਅਨ ਵੁੱਡ ਬੈਚ ਕੋਰਸ ਸਿਖਲਾਈ ਕੈਂਪ ਲਾਇਆ ਗਿਆ, ਜਿਸ ਵਿੱਚ ਸਿਰਸਾ ਦੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਗਿਆਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਦੋ ਸਕਾਊਟ ਮਾਸਟਰਾਂ ਨੇ ਭਾਗ ਲਿਆ।ਸਕਾਊਟ ਸਿਖ਼ਲਾਈ ਉਪਰੰਤ ਵਾਪਸ ਪਰਤੇ ਦੋਵਾਂ ਸਕਾਊਟ ਮਾਸਟਰਜ਼ ਦਾ ਸਨਮਾਨ ਕਰਦੇ ਹੋਏ ਜ਼ਿਲ੍ਹਾ ਸਿੱਖਿਆ ਅਧਿਕਾਰੀ ਗਿਆਨ ਸਿੰਘ ਨੇ ਉਮੀਦ ਪ੍ਰਗਟਾਈ ਕਿ ਇਸ ਨਾਲ ਜ਼ਿਲ੍ਹੇ ਵਿੱਚ ਸਕਾਊਟਿੰਗ ਲਹਿਰ ਨੂੰ ਇੱਕ ਨਵੀਂ ਦਿਸ਼ਾ ਮਿਲੇਗੀ। ਇਸ ਮੌਕੇ ਡੀ.ਓ.ਸੀ ਸਕਾਊਟ ਡਾ. ਇੰਦਰ ਸੈਨ ਨੇ ਦੱਸਿਆ ਕਿ 7 ਰੋਜ਼ਾ ਹਿਮਾਲੀਅਨ ਵੁੱਡ ਬੈਚ ਸਿਖਲਾਈ ਕੈਂਪ ਵਿੱਚ ਜੰਗਲਾਤ ਗਿਆਨ, ਟੈਂਟ ਲਾਉਣਾ, ਬਰਤਨਾਂ ਤੋਂ ਬਿਨਾਂ ਖਾਣਾ ਪਕਾਉਣਾ, ਹੱਥਾਂ ਨਾਲ ਸ਼ਿਲਪਕਾਰੀ, ਫਸਟ ਏਡ, ਹਾਈਕਿੰਗ ਆਦਿ ਸਮੇਤ ਵੱਖ-ਵੱਖ ਵਿਸ਼ਿਆਂ ਤੇ ਸਿਖਲਾਈ ਦਿੱਤੀ ਗਈ।ਡਾ. ਇੰਦਰ ਸੈਨ ਨੇ ਦੱਸਿਆ ਕਿ ਜ਼ਿਲ੍ਹਾ ਸਿਰਸਾ ਤੋਂ ਗੁਰਦਾਸ ਸਿੰਘ (ਬੀ.ਓ.ਸੀ. ਡੱਬਵਾਲੀ) ਤੇ ਸੁਸ਼ੀਲ ਪੁਰੀ ਨੇ ਸਫ਼ਲਤਾ ਪੂਰਵਕ ਸਿਖਲਾਈ ਪ੍ਰਾਪਤ ਕੀਤੀ।ਇਹ ਕੈਂਪ ਸਟੇਟ ਟ੍ਰੇਨਿੰਗ ਕਮਿਸ਼ਨਰ ਤੇ ਐੱਲ.ਓ.ਸੀ. ਐੱਲ ਐੱਸ ਵਰਮਾ ਦੀ ਅਗਵਾਈ ਹੇਠ ਲਾਇਆ ਗਿਆ।

## ਤੇਜ਼ ਰਫਤਾਰ ਕਾਰ ਪਲਟਣ ਨਾਲ ਦੋ ਦੋਸਤਾਂ ਦੀ ਮੌਕੇ 'ਤੇ ਮੌਤ



**ਬੁਢਲਾਡਾ (ਅਸ਼ੋਕ ਲਾਕੜਾ)**-ਬੁਢਲਾਡਾ ਦੇ ਨਜ਼ਦੀਕ ਪਿੰਡ ਬਰ੍ਹੇ ਵਿਖੇ ਬੀਤੀ ਰਾਤ ਤੇਜ਼ ਰਫ਼ਤਾਰ ਕਾਰ ਪਲਟਣ ਕਾਰਨ ਦੋ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।ਪੁਲਸ ਨੇ ਦੋਵੇਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਕਰੀਬ ਰਾਤ 10:30 ਵਜੇ ਤੇਜ਼ ਰਫ਼ਤਾਰ ਕਾਰ ਆ ਰਹੀ ਸੀ।ਕਾਰ ਪਹਿਲਾਂ ਇੱਕ ਪੁਲੀ ਨਾਲ ਟਕਰਾ ਗਈ ਤੇ ਫਿਰ ਪਲਟ ਕੇ ਇੱਕ ਘਰ ਵਿੱਚ ਜਾ ਵੜੀ, ਜਿਸ ਕਾਰਨ ਘਰ ਦਾ ਸਾਮਾਨ ਪੂਰੀ ਤਰ੍ਹਾਂ ਨੁਕਸਾਨਿਆ ਗਿਆ ਤੇ ਕਾਰ ਵਿੱਚ ਸਵਾਰ ਦੋਨੋ ਨੌਜਵਾਨ ਦੋਸਤ ਸਨ, ਜਿਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।ਮ੍ਰਿਤਕਾਂ ਦੀ ਪਛਾਣ ਮਨੀ ਸਿੰਘ ਵਾਸੀ ਪਿੰਡ ਅੱਕਾਂਵਾਲੀ ਤੇ ਜੋਤੀ ਸਿੰਘ ਵਾਸੀ ਮਾਨਸਾ ਵਜੋਂ ਹੋਈ ਹੈ।ਦੱਸਣਾ ਬਣਦਾ ਹੈ ਕਿ ਦੋਵੇਂ ਨੌਜਵਾਨ ਦੇਰ ਰਾਤ ਇੱਕ ਕਾਰ ਵਿੱਚ ਬੁਢਲਾਡਾ ਤੋਂ ਆ ਰਹੇ ਸਨ, ਜਿਸ ਵਿੱਚ ਜੋਤੀ ਆਪਣੇ ਦੋਸਤ ਮਨੀ ਨੂੰ ਉਸ ਦੇ ਪਿੰਡ ਅੱਕਾਂਵਾਲੀ ਛੱਡਣ ਜਾ ਰਿਹਾ ਸੀ।ਰਾਤ ਲੋਕਾਂ ਨੇ ਹਾਦਸਾ ਹੋਣ ਤੋਂ ਤੁਰੰਤ ਬਾਅਦ ਪੁਲਸ ਨੂੰ ਇਸ ਬਾਰੇ ਸੂਚਿਤ ਕੀਤਾ ਤੇ ਐਂਬੂਲੈਂਸ ਨੂੰ ਬੁਲਾ ਕੇ ਦੋਵਾਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਹਸਪਤਾਲ ਪਹੁੰਚਾਇਆ ਗਿਆ।

# ਹੜ੍ਹਾਂ ਕਾਰਨ ਮਕਾਨਾਂ ਦੇ ਹੋਏ ਨੁਕਸਾਨ ਦੇ ਮੁਆਵਜ਼ੇ ਦੀ ਉਡੀਕ 'ਚ ਸਰਹੱਦੀ ਪਿੰਡਾਂ ਦੇ ਲੋਕ

**ਪਿਛਲੇ ਸਾਲ ਹੜ੍ਹ ਕਾਰਨ ਸਰਹੱਦੀ ਇਲਾਕੇ 'ਚ ਫਸਲਾਂ ਤੇ ਮਕਾਨਾਂ ਦਾ ਹੋਇਆ ਸੀ ਭਾਰੀ ਨੁਕਸਾਨ**



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਪਿਛਲੇ ਸਾਲ ਹੜ੍ਹਾਂ ਕਾਰਨ ਫਾਜ਼ਿਲਕਾ ਦੇ ਸਰਹੱਦੀ ਇਲਾਕੇ ਦੇ ਲੋਕਾਂ ਦੀਆਂ ਫਸਲਾਂ ਦੇ ਨਾਲ ਨਾਲ ਮਕਾਨਾਂ ਦਾ ਵੀ ਭਾਰੀ ਨੁਕਸਾਨ ਹੋਇਆ ਸੀ, ਜਿਸ ਤੋਂ ਬਾਅਦ ਸਰਕਾਰ ਵੱਲੋਂ ਬਹੁਤੇ ਕਿਸਾਨਾਂ ਨੂੰ ਹੜ੍ਹਾਂ ਕਾਰਨ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਤਾਂ 6800 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਜਾਰੀ ਕਰ ਦਿੱਤਾ ਗਿਆ ਸੀ, ਪਰ ਮਕਾਨਾਂ ਦੇ ਨੁਕਸਾਨ ਦਾ ਅਜੇ ਤੱਕ ਕੋਈ ਮੁਆਵਜ਼ਾ ਜਾਰੀ ਨਹੀਂ ਕੀਤਾ ਗਿਆ ਹੈ, ਜਿਸ ਕਾਰਨ ਕਰੀਬ ਇੱਕ ਸਾਲ ਬੀਤ ਜਾਣ ਤੋਂ ਬਾਅਦ ਵੀ ਸਰਹੱਦੀ ਪਿੰਡਾਂ ਦੇ ਲੋਕ ਮਕਾਨਾਂ ਦੇ ਨੁਕਸਾਨ ਦੇ ਮੁਆਵਜ਼ੇ ਦੀ ਉਡੀਕ 'ਚ ਬੈਠੇ ਹਨ।

ਇਸ ਬਾਰੇ ਜਸਵਿੰਦਰ ਸਿੰਘ, ਸਰਿੰਦਰ ਸਿੰਘ ਨਿਵਾਸੀ ਢਾਣੀ ਸੱਦਾ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਪਿਛਲੇ ਸਾਲ ਉਨ੍ਹਾਂ ਦੇ ਪਿੰਡ ਦੇ ਨਾਲ ਨਾਲ ਆਸ-ਪਾਸ ਦੇ ਕਈ ਪਿੰਡਾਂ 'ਚ ਆਏ ਹੜ੍ਹ ਕਾਰਨ ਫਸਲਾਂ ਤੇ ਮਕਾਨਾਂ ਦਾ ਭਾਰੀ ਨੁਕਸਾਨ ਹੋਇਆ ਸੀ, ਜਿਸ ਤੋਂ ਬਾਅਦ ਸਰਕਾਰ ਵੱਲੋਂ ਪੱਕੀਆਂ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਤਾਂ 6800/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਜਾਰੀ ਕਰ ਦਿੱਤਾ ਗਿਆ ਸੀ, ਪਰ ਸਾਲ 2007 'ਚ ਹੋਈਆਂ ਕੱਚੀਆਂ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲ ਸਕਿਆ। ਇਸ ਤੋਂ ਇਲਾਵਾ ਪਿਛਲੇ ਸਾਲ ਹੜ੍ਹਾਂ ਕਾਰਨ ਉਨ੍ਹਾਂ ਦੇ ਮਕਾਨਾਂ ਦਾ ਵੀ ਭਾਰੀ ਨੁਕਸਾਨ ਹੋਇਆ ਸੀ, ਜਿਸ ਤੋਂ ਇੱਕ ਸਾਲ ਦਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਅਜੇ ਤੱਕ ਉਹ ਮਕਾਨਾਂ ਦੇ ਨੁਕਸਾਨ ਦੇ ਮੁਆਵਜ਼ੇ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਮਿਹਨਤ ਮਜ਼ਦੂਰੀ ਕਰਨ ਵਾਲੇ ਹਨ ਤੇ ਉਹ ਆਪਣੇ ਲਈ ਪੱਕਾ ਮਕਾਨ ਬਣਵਾਉਣ 'ਚ ਅਸਮਰੱਥ ਹਨ। ਇਸ ਲਈ ਮੁਆਵਜ਼ਾ ਨਹੀਂ ਮਿਲਣ ਕਾਰਨ ਉਹ ਆਪਣੇ ਲਈ ਪੱਕਾ ਮਕਾਨ ਨਹੀਂ ਬਣਵਾ ਸਕਦੇ।

ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਹੜ੍ਹਾਂ ਤੋਂ ਬਾਅਦ ਮਕਾਨ ਡਿੱਗ ਜਾਣ ਕਾਰਨ ਉਨ੍ਹਾਂ ਨੂੰ ਖੁੱਲ੍ਹੇ ਅਸਮਾਨ ਹੇਠ ਦਿਨ-ਰਾਤ ਗੁਜ਼ਾਰਨ ਲਈ ਮਜਬੂਰ ਹੋਣਾ ਪਿਆ ਹੈ। ਬਰਸਾਤ ਦੇ ਦਿਨਾਂ ਵਿੱਚ ਤਾਂ ਉਨ੍ਹਾਂ ਨੂੰ ਹੋਰ ਜ਼ਿਆਦਾ ਪ੍ਰੇਸ਼ਾਨੀ ਉਠਾਉਣੀ ਪਾਈ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਸਰਦੀ ਵੀ ਬਿਨਾਂ ਕਿਸੇ ਪੱਕੇ ਮਕਾਨ ਦੇ ਬੜੀ ਔਖੀ ਲੰਘਾਈ ਹੈ। ਉਨ੍ਹਾਂ ਸਰਕਾਰ ਤੋਂ ਜਲਦੀ ਤੋਂ ਜਲਦੀ ਉਨ੍ਹਾਂ ਦੇ ਮਕਾਨਾਂ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ, ਤਾਂ ਜੋ ਉਹ ਸਮੇਂ ਰਹਿੰਦੇ ਹੀ ਆਪਣੇ ਲਈ ਪੱਕੇ ਮਕਾਨ ਦਾ ਨਿਰਮਾਣ ਕਰਵਾ ਸਕਣ।

## ਲੰਬੇ ਸੰਘਰਸ਼ ਤੋਂ ਬਾਅਦ ਆਈ ਟੀ ਆਈ ਦੇ ਕੱਚੇ ਅਧਿਆਪਕਾਂ ਦੀ ਮੁੱਖ ਮੰਤਰੀ ਨਾਲ ਹੋਈ ਮੀਟਿੰਗ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਆਈ ਟੀ ਆਈ ਯੂਨੀਅਨ ਪੰਜਾਬ ਦੇ ਕੱਚੇ ਅਧਿਆਪਕਾਂ ਦੀ ਇੱਕ ਮੀਟਿੰਗ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਜਲੰਧਰ ਵਿਖੇ ਹੋਈ।ਯੂਨੀਅਨ ਦੇ ਬੁਲਾਰੇ ਨੇ ਗੱਲ ਕਰਦੇ ਹੋਏ ਦੱਸਿਆ ਕਿ ਆਲ ਪੰਜਾਬ ਡੀ.ਐੱਸ.ਟੀ./ਸੀ.ਟੀ.ਐੱਸ. ਦੇ ਕੱਚੇ ਅਧਿਆਪਕਾਂ ਵੱਲੋਂ 30 ਜੂਨ ਨੂੰ ਜਲੰਧਰ ਵਿੱਚ ਰੋਸ ਪ੍ਰਦਰਸ਼ਨ ਦਾ ਐਲਾਨ ਕੀਤਾ ਗਿਆ ਸੀ, ਜਿਸ ਦੇ ਚਲਦੇ ਮਾਣਯੋਗ ਮੁੱਖ ਮੰਤਰੀ ਸਾਹਿਬ ਵੱਲੋਂ 27 ਜੂਨ ਨੂੰ ਹੋਟਲ ਕਬਾਨਾ ਨੇੜੇ ਫਗਵਾੜਾ ਵਿਖੇ ਯੂਨੀਅਨ ਨੂੰ ਗੱਲਬਾਤ ਕਰਨ ਲਈ ਸੱਦਾ ਦਿੱਤਾ ਗਿਆ ਸੀ, ਜਿਸ ਵਿੱਚ ਯੂਨੀਅਨ ਦੇ ਅਹੁਦੇਦਾਰਾਂ ਵੱਲੋਂ ਪਹੁੰਚ ਕੇ ਆਪਣੀਆਂ ਹੱਕੀ ਮੰਗਾਂ ਬਾਰੇ ਮੁੱਖ ਮੰਤਰੀ ਸਾਹਿਬ ਨਾਲ ਗੱਲ ਕੀਤੀ ਗਈ, ਜਿਸ 'ਤੇ ਮਾਣਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਯੂਨੀਅਨ ਦੀਆਂ ਮੰਗਾਂ ਨੂੰ ਪੂਰਾ ਕਰਨ ਦਾ ਭਰੋਸਾ ਦਿਵਾਇਆ ਗਿਆ ਹੈ ਤੇ ਨਾਲ ਹੀ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਆਈ ਏ ਐੱਸ ਅਧਿਕਾਰੀਆਂ ਨੂੰ ਮੁੱਖ ਮੰਤਰੀ ਸਾਹਿਬ ਵੱਲੋਂ ਆਦੇਸ਼ ਦਿੱਤੇ ਗਏ ਕਿ ਇਨ੍ਹਾਂ ਮੰਗਾਂ ਸਬੰਧੀ ਜਲਦੀ ਪੱਤਰ ਜਾਰੀ ਕੀਤਾ ਜਾਵੇ। ਯੂਨੀਅਨ ਵੱਲੋਂ ਇਹ ਫੈਸਲਾ ਕੀਤਾ ਗਿਆ ਕਿ ਜੇਕਰ ਮਾਣਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਆਦੇਸ਼ ਅਨੁਸਾਰ 30 ਜੂਨ ਤੋਂ ਪਹਿਲਾਂ ਪਹਿਲਾਂ ਤਕਨੀਕੀ ਸਿੱਖਿਆ ਵਿਭਾਗ ਮੰਗਾਂ ਸਬੰਧੀ ਪੱਤਰ ਜਾਰੀ ਨਹੀਂ ਕਰਦਾ ਤਾਂ 30 ਜੂਨ ਨੂੰ ਜਲੰਧਰ ਵਿਖੇ ਕੀਤਾ ਜਾਣ ਵਾਲਾ ਰੋਸ ਪ੍ਰਦਰਸ਼ਨ ਯੂਨੀਅਨ ਵੱਲੋਂ ਰੱਦ ਨਹੀ ਕੀਤਾ ਜਾਵੇਗਾ।ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰਧਾਨ ਸੰਦੀਪ ਸਿੰਘ, ਸੈਕਟਰੀ ਪ੍ਰਦੀਪ ਸਿੰਘ, ਹਰਪ੍ਰੀਤ ਸਿੰਘ ਪ੍ਰੈਸ ਸਕੱਤਰ, ਗੁਰਜੀਤ ਸਿੰਘ ਹਾਜ਼ਰ ਸਨ।

# ਲੋਕ ਸੰਘਰਸ਼ ਦੇ ਜ਼ੋਰ 'ਤੇ ਹਰਨੇਕ ਸਿੰਘ ਦੀ ਕਰਾਵਾਂਗੇ ਰਿਹਾਈ : ਕੁਲਵੰਤ ਸਿੰਘ

- ਪੰਜਾਬ ਸਰਕਾਰ ਕੁੱਲਰੀਆਂ ਮਸਲੇ ਦਾ ਹੱਲ ਕਰੇ : ਭੈਣੀਬਾਘਾ

**ਬੁਢਲਾਡਾ (ਅਸ਼ੋਕ ਲਾਕੜਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਦੀ ਰਿਹਾਈ ਲਈ ਜਥੇਬੰਦੀ ਨੇ ਸੰਘਰਸ਼ ਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਹੈ।

ਜਥੇਬੰਦੀ ਦੀ ਸੂਬਾ ਕਮੇਟੀ ਦੀ ਐਮਰਜੈਂਸੀ ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਕਿ 4 ਜੁਲਾਈ ਨੂੰ ਜਲੰਧਰ ਵਿਖੇ ਇਕੱਠ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੋਠੀ ਵੱਲ ਮਾਰਚ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਹਰਨੇਕ ਸਿੰਘ ਮਹਿਮਾ ਦੀ ਰਿਹਾਈ ਲਈ ਤੇ ਮਾਨਸਾ ਜ਼ਿਲ੍ਹੇ ਦੇ ਪਿੰਡ ਕੁੱਲਰੀਆਂ ਦੇ ਕਿਸਾਨਾਂ ਨੂੰ ਇਨਸਾਫ ਦੇਣ ਲਈ ਮੰਗ ਪੱਤਰ ਦਿੱਤਾ ਜਾਵੇਗਾ। ਉਸ ਤੋਂ ਬਾਅਦ 9 ਜੁਲਾਈ ਨੂੰ ਫਿਰੋਜ਼ਪੁਰ ਵਿਖੇ ਐੱਸ ਐੱਸ ਪੀ ਦਫਤਰ ਦਾ ਘਿਰਾਓ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ ਤੇ ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀਬਾਘਾ ਨੇ ਦੱਸਿਆ ਕਿ ਹਰਨੇਕ ਸਿੰਘ ਮਹਿਮਾ ਨੂੰ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦਾ ਵਿਰੋਧ ਕਰਨ ਬਦਲੇ 9 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਪੁਰਾਣੇ ਕੇਸਾਂ ਵਿੱਚ ਗ੍ਰਿਫ਼ਤਾਰੀ ਦਿਖਾ ਕੇ ਉਦੋਂ ਤੋਂ ਹੀ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ। ਜਥੇਬੰਦੀ ਨੇ 17 ਮਈ ਨੂੰ ਐੱਸ ਐੱਸ ਪੀ ਫਿਰੋਜ਼ਪੁਰ ਦੇ ਦਫਤਰ ਅੱਗੇ ਧਰਨਾ ਲਗਾਇਆ ਤਾਂ ਪੁਲਸ ਪ੍ਰਸ਼ਾਸਨ ਵੱਲੋਂ ਭਰੋਸਾ ਦਿਵਾਇਆ ਗਿਆ ਸੀ ਕਿ ਉਹ ਹਰਨੇਕ ਸਿੰਘ ਮਹਿਮਾ ਦੀ ਰਿਹਾਈ ਲਈ ਪੂਰਾ ਸਹਿਯੋਗ ਕਰਨਗੇ। ਵਾਅਦਾ ਵਫਾ ਨਾ ਹੋਣ 'ਤੇ ਸੂਬਾ ਕਮੇਟੀ ਵੱਲੋਂ 14 ਜੂਨ ਨੂੰ ਐੱਸ ਐੱਸ ਪੀ ਫਿਰੋਜ਼ਪੁਰ ਦੇ ਦਫਤਰ ਦੇ ਘਿਰਾਓ ਦਾ ਐਲਾਨ ਕੀਤਾ ਗਿਆ ਸੀ, ਪ੍ਰੰਤੂ ਉਸ ਤੋਂ ਪਹਿਲਾਂ ਪੁਲਸ ਪ੍ਰਸ਼ਾਸਨ ਵੱਲੋਂ ਵਾਰ-ਵਾਰ ਜਥੇਬੰਦੀ ਤੱਕ ਪਹੁੰਚ ਕੀਤੀ ਗਈ ਤੇ ਇੱਕ ਹਫਤੇ ਦਾ ਸਮਾਂ ਹੋਰ ਮੰਗਿਆ ਗਿਆ, ਜਿਸ ਕਾਰਨ ਅਸੀਂ 14 ਜੂਨ ਵਾਲਾ ਧਰਨਾ ਮੁਲਤਵੀ ਕਰ ਦਿੱਤਾ ਸੀ, ਪ੍ਰੰਤੂ ਪ੍ਰਸ਼ਾਸਨ ਨੇ ਸਹਿਯੋਗ ਕਰਨ ਦੀ ਥਾਂ ਬਿੱਲਕੁਲ ਉਲਟ ਵਤੀਰਾ ਅਪਣਾਇਆ ਹੋਇਆ ਹੈ।

ਪੁਲਸ ਨੇ ਅਦਾਲਤ ਵਿੱਚ ਬਿਆਨ ਦਿੱਤਾ ਹੈ ਕਿ ਹਰਨੇਕ ਸਿੰਘ ਮਹਿਮਾ ਖਿਲਾਫ 12 ਕੇਸ ਪੈਂਡਿੰਗ ਹਨ ਤੇ ਉਹ ਕਈ ਕੇਸਾਂ ਵਿੱਚ ਭਗੌੜਾ ਹੈ, ਪਰ ਇਹ ਕੋਰਾ ਝੂਠ ਹੈ। ਇਸ ਲਈ ਪੁਲਸ ਪ੍ਰਸ਼ਾਸਨ ਵੱਲੋਂ ਵਾਅਦਾ ਖਿਲਾਫੀ ਤੇ ਗਲਤ ਬਿਆਨੀ ਖਿਲਾਫ ਜਥੇਬੰਦੀ ਵੱਲੋਂ ਇਹ ਪ੍ਰੋਗਰਾਮ ਦਿੱਤੇ ਗਏ ਹਨ। ਇਸ ਤੋਂ ਇਲਾਵਾ 01 ਜੁਲਾਈ ਨੂੰ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨ, ਜਨਰਲ ਸਕੱਤਰ ਤੇ ਹੋਰ ਅਹੁਦੇਦਾਰਾਂ ਦੀ ਮੀਟਿੰਗ ਗੁਰਦੁਆਰਾ ਬੀਬੀ ਪ੍ਰਧਾਨ ਕੌਰ ਬਰਨਾਲਾ ਵਿਖੇ ਬੁਲਾ ਲਈ ਗਈ ਹੈ, ਜਿੱਥੇ ਸਾਰੇ ਪ੍ਰੋਗਰਾਮਾਂ ਦੀਆਂ ਤਿਆਰੀਆਂ ਦੀ ਵਿਉਂਤਬੰਦੀ ਕੀਤੀ ਜਾਵੇਗੀ।

# ਬੱਸੀ ਪਠਾਣਾਂ ਦੇ ਪਿੰਡਾਂ 'ਚ ਹੁਣ ਨਹੀਂ ਬਣੇਗੀ ਹੜ੍ਹਾਂ ਵਾਲੀ ਸਥਿਤੀ

**ਬਾਰਿਸ਼ਾਂ ਦੇ ਮੱਦੇਨਜ਼ਰ ਡਰੇਨਾਂ, ਚੋਆਂ ਤੇ ਪਾਣੀ ਦੇ ਸੋਮਿਆਂ ਦੀ ਸਫਾਈ ਮੁਕੰਮਲ**



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਸਬ ਡਵੀਜ਼ਨ ਬੱਸੀ ਪਠਾਣਾਂ ਦੇ ਪਿੰਡਾਂ ਵਿੱਚ ਖਰੜ ਦੇ ਸੀਵਰੇਜ ਦਾ ਪਾਣੀ ਇਕੱਠਾ ਹੋਣ 'ਤੇ ਹੜ੍ਹਾਂ ਵਰਗੀ ਸਥਿਤੀ ਦਾ ਕਾਰਨ ਬਣ ਰਿਹਾ ਸੀ, ਪਰ ਜ਼ਿਲ੍ਹਾ ਪ੍ਰਸ਼ਾਸਨ ਫਤਹਿਗੜ੍ਹ ਸਾਹਿਬ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਐਸ.ਏ.ਐਸ. ਨਗਰ ਦੇ ਸਹਿਯੋਗ ਨਾਲ ਕੀਤੇ ਗਏ ਲਗਾਤਾਰ ਯਤਨਾਂ ਸਦਕਾ ਆਖਰ ਇਸ ਸਮੱਸਿਆ ਤੋਂ ਛੁਟਕਾਰਾ ਮਿਲ ਗਿਆ ਹੈ। ਇਸ ਤੋਂ ਇਲਾਵਾ ਬਰਸਾਤ ਦੇ ਮੌਸਮ ਦੌਰਾਨ ਪਾਣੀ ਦੇ ਨਿਰਵਿਘਨ ਵਹਾਅ ਲਈ ਡਰੇਨਾਂ, ਚੋਆਂ ਤੇ ਹੋਰ ਪਾਣੀ ਦੇ ਸੋਮਿਆਂ ਦੀ ਸਫਾਈ ਮੁਕੰਮਲ ਕਰ ਲਈ ਗਈ ਹੈ। ਇਹ ਪ੍ਰਗਟਾਵਾ ਸ੍ਰੀਮਤੀ ਪ੍ਰਨੀਤ ਸ਼ੇਰਗਿੱਲ ਡਿਪਟੀ ਕਮਿਸ਼ਨਰ, ਫਤਹਿਗੜ੍ਹ ਸਾਹਿਬ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹਾਂ ਤੋਂ ਬਚਾਅ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕੀਤਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖਰੜ ਤੇ ਆਸ-ਪਾਸ ਦੀਆਂ ਕਲੋਨੀਆਂ ਦਾ ਸੀਵਰੇਜ ਦਾ ਪਾਣੀ ਜੈਅੰਤੀ ਦੇਵੀ ਕੀ ਰਾਓ ਵਿੱਚ ਪੈਂਦਾ ਹੈ, ਪਰ ਇੱਥੇ ਅਧੂਰਾ ਸੁਪਰਪਾਸ ਹੋਣ ਕਾਰਨ ਜੈਅੰਤੀ ਦੇਵੀ ਕੀ ਰਾਓ ਦਾ ਪਾਣੀ ਪਿੰਡ ਸੋਤਲ ਨੇੜੇ ਨਿਮਾਣ ਵੱਲ ਵਗਦਾ ਹੈ, ਪਰ ਖੇੜੀ-ਖਰੜ ਲਿੰਕ ਰੋਡ ਕਰਨ ਪਾਣੀ ਦੇ ਵਹਾਅ ਨੂੰ ਰੋਕ ਲਗਦੀ ਸੀ, ਜਿਸ ਕਾਰਨ ਪਾਣੀ ਦਾ ਵਹਾਅ ਪਿਛਾਂਹ ਵੱਲ ਹੋ ਜਾਂਦਾ ਸੀ। ਪਿਛਾਂਹ ਮੁੜਿਆ ਪਾਣੀ ਰੇਲਵੇ ਕਰਾਸਿੰਗ ਰਾਹੀਂ ਪਿੰਡ ਡੂਮਛੇੜੀ ਵਿੱਚ ਜਾਂਦਾ ਸੀ। ਇਸ ਲਈ ਪਿੰਡ ਡੂਮਛੇੜੀ ਤੇ ਬੱਸੀ ਪਠਾਣਾ ਦੇ ਕੁਝ ਹੋਰ ਪਿੰਡਾਂ ਦੇ ਲੋਕਾਂ ਨੇ ਆਰਜ਼ੀ ਬੰਨ੍ਹ ਬਣਾ ਲਿਆ ਸੀ। ਖਰੜ ਦੀਆਂ ਕਲੋਨੀਆਂ ਦੇ ਸੀਵਰੇਜ ਦਾ ਪਾਣੀ ਲਗਾਤਾਰ ਜੈਅੰਤੀ ਦੇਵੀ ਕੀ ਰਾਓ ਵਿੱਚ ਆਉਂਦਾ ਹੈ, ਜਿਸ ਕਾਰਨ ਪਾਣੀ ਦੇ ਇਕੱਠਾ ਹੋਣ 'ਤੇ ਹੜ੍ਹਾਂ ਵਾਲੀ ਸਥਿਤੀ ਬਣ ਜਾਂਦੀ ਸੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮੁਸ਼ਕਲ ਦੇ ਹੱਲ ਲਈ ਸਥਾਨਕ ਸਰਕਾਰਾਂ ਵਿਭਾਗ ਨੇ ਖੇੜੀ-ਖਰੜ ਰੋਡ 'ਤੇ ਪਾਈਪਾਂ ਵਿਛਾ ਦਿੱਤੀਆਂ ਹਨ ਤਾਂ ਜੋ ਪਾਣੀ ਸਹੀ ਦਿਸ਼ਾ ਵਿੱਚ ਵਗੇ। ਇਸ ਤੋਂ ਇਲਾਵਾ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਪਿੰਡ ਸੋਤਲ ਤੋਂ ਨਿਮਾਣ ਵੱਲ ਪਿੰਡ ਬਾਹਮਣਾਂ ਬੱਸੀਆਂ ਨੇੜੇ ਪਾਈਪਾਂ ਵਿਛਾਉਣ ਦਾ ਕੰਮ ਵੀ ਚੱਲ ਰਿਹਾ ਹੈ। ਇਸ ਨਾਲ ਹੁਣ ਪਾਣੀ ਨਿਮਾਣ ਵੱਲ ਵਗਦਾ ਹੈ ਅਤੇ ਬੱਸੀ ਪਠਾਣਾ ਖੇਤਰ ਦੇ ਪਿੰਡਾਂ ਵਿੱਚ ਪਾਣੀ ਇਕੱਠਾ ਹੋਣ 'ਤੇ ਹੜ੍ਹਾਂ ਵਰਗੀ ਸਮੱਸਿਆ ਪੈਦਾ ਨਹੀਂ ਹੋਵੇਗੀ।

ਉਨ੍ਹਾ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਉਨ੍ਹਾ ਕਿਹਾ ਕਿ ਹੜ੍ਹਾਂ ਤੋਂ ਬਚਾਅ ਸਬੰਧੀ ਕੰਮ ਮੁਕੰਮਲ ਕਰ ਲਏ ਗਏ ਹਨ। ਥੋੜ੍ਹਾ ਬਹੁਤ ਜਿਹੜਾ ਕੰਮ ਬਕਾਇਆ ਹੈ, ਉਹ ਜਲਦ ਮੁਕੰਮਲ ਕੀਤਾ ਜਾ ਰਿਹਾ ਹੈ।

## ਇੰਗਲਿਸ਼ ਸਟੂਡੀਓ ਲਗਾਤਾਰ ਲਵਾ ਰਹੀ ਕੈਨੇਡਾ ਦੇ ਸਟੱਡੀ ਵੀਜ਼ੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਸ਼ ਸਟੂਡੀਓ ਸੰਸਥਾ ਬਾਘਾ ਪੁਰਾਣਾ ਵਿੱਚ ਕੋਟਕਪੂਰਾ ਰੋਡ ਉਤੇ ਪੈਟਰੋਲ ਪੰਪ ਦੇ ਸਾਹਮਣੇ ਸਥਿਤ ਹੈ। ਇਹ ਸੰਸਥਾ ਲਗਾਤਾਰ ਵਿਦਿਆਰਥੀਆਂ ਦੇ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਪੜ੍ਹਾਈ ਕਰਨ ਦੇ ਸੁਪਨਿਆਂ ਨੂੰ ਪੂਰਾ ਕਰ ਰਹੀ ਹੈ। ਇਸ ਵਾਰ ਸੰਸਥਾ ਨੇ ਵਿਦਿਆਰਥੀ ਅੰਮ੍ਰਿਤਪਾਲ ਸਿੰਘ ਸਪੁੱਤਰ ਸੁਖਚੈਨ ਸਿੰਘ ਵਾਸੀ ਪਿੰਡ ਫਤਿਹਪੁਰ ਝੁੱਗੀਆਂ (ਮੋਗਾ) ਦਾ ਕੈਨੇਡਾ ਦੀ ਯੋਰਕਵਿਲੇ ਯੂਨੀਵਰਸਿਟੀ ਦਾ ਸਟੱਡੀ ਵੀਜ਼ਾ ਬਹੁਤ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਉਨ੍ਹਾਂ ਨੂੰ ਪਾਸਪੋਰਟ ਸੌਂਪਦੇ ਹੋਏ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਅਰੁੰਧਤੀ ਰਾਏ ਤੇ ਪ੍ਰੋ. ਸ਼ੇਖ ਹੁਸੈਨ 'ਤੇ ਕੇਸ ਮੜ੍ਹਨ ਵਿਰੁੱਧ ਜਥੇਬੰਦੀਆਂ ਪਹਿਲੀ ਨੂੰ ਸਾੜਨਗੀਆਂ ਫ਼ੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ

**ਬਰਨਾਲਾ (ਪੱਤਰ ਪ੍ਰੇਰਕ)**-ਸਥਾਨਕ ਤਰਕਸ਼ੀਲ ਭਵਨ ਵਿੱਚ ਜਮਹੂਰੀ ਅਧਿਕਾਰ ਸਭਾ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੱਦੇ 'ਤੇ ਪੰਜਾਬ ਦੀਆਂ ਤਿੰਨ ਦਰਜਨ ਤੋਂ ਵਧੇਰੇ ਜਨਤਕ ਜਥੇਬੰਦੀਆਂ ਨੇ ਮੀਟਿੰਗ ਕਰਕੇ ਸੱਦਾ ਦਿੱਤਾ ਕਿ ਅਰੁੰਧਤੀ ਰਾਏ ਤੇ ਸ਼ੌਕਤ ਹੁਸੈਨ ਨੂੰ ਨਿਰ-ਅਧਾਰ ਕੇਸ ਵਿੱਚ ਫਸਾਉਣ, ਯੂ ਏ ਪੀ ਏ ਮੜ੍ਹਨ ਖ਼ਿਲਾਫ਼ ਪੰਜਾਬ ਭਰ ਵਿੱਚ ਸਾਰੇ ਜ਼ਿਲ੍ਹਾ/ਤਹਿਸੀਲ ਪੱਧਰ 'ਤੇ 1 ਜੁਲਾਈ ਨੂੰ ਫ਼ੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ।ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਅਰੁੰਧਤੀ ਰਾਏ ਤੇ ਸ਼ੌਕਤ ਹੁਸੈਨ ਨੂੰ ਝੂਠੇ ਕੇਸ ਵਿੱਚ ਫਸਾਉਣ ਦੇ ਯਤਨਾਂ ਨੂੰ ਪਿਛਲ ਮੋੜਾ ਦੇਣ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 21 ਜੁਲਾਈ ਨੂੰ ਸੂਬਾ ਪੱਧਰੀ ਕਨਵੈਨਸ਼ਨ ਤੇ ਮੁਜ਼ਾਹਰਾ ਕੀਤਾ ਜਾਵੇਗਾ।

ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦੇ ਹੋਏ ਪ੍ਰੋ. ਜਗਮੋਹਨ ਸਿੰਘ ਤੇ ਰਾਜਿੰਦਰ ਭਦੌੜ ਨੇ 26 ਜੂਨ 1975 ਨੂੰ ਐਮਰਜੈਂਸੀ ਦੀ ਐਲਾਨੀ ਗਈ ਸੀ, ਪਰ 2014 ਤੋਂ ਅਣਐਲਾਨੀ ਐਮਰਜੈਂਸੀ ਬਦਲਵੇਂ ਰੂਪ ਵਿੱਚ ਦਿਨੋਂ ਦਿਨ ਹੋਰ ਵੀ ਤਿੱਖਾ ਹੋ ਰਿਹਾ ਹੈ, ਦਾ ਦੌਰ ਹੋਰ ਤਿੱਖਾ ਹੋ ਰਿਹਾ ਹੈ, ਜਿਸ ਦੀ ਉਦਾਹਰਣ ਰੋਲਟ ਐਕਟ ਨੂੰ ਮਾਤ ਪਾਉਂਦੇ ਪਹਿਲੀ ਜੁਲਾਈ ਤੋਂ ਲਾਗੂ ਹੋ ਰਹੇ ਤਿੰਨ ਨਵੇਂ ਫ਼ੌਜਦਾਰੀ ਕਾਨੂੰਨ ਤੇ ਕਿਰਤ ਕੋਡ ਹਨ।

ਤਿੰਨ ਦਰਜਨ ਤੋਂ ਵੱਧ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ ਇਸ ਮੀਟਿੰਗ ਵਿੱਚ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਭਾਜਪਾ ਹਕੂਮਤ ਲੋਕਾਂ ਉੱਪਰ ਆਰਥਿਕ ਤੇ ਫਿਰਕੂ ਫਾਸ਼ੀ ਹੱਲਾ ਬੋਲਣ ਲਈ ਆਪਣਾ ਰਾਹ ਮੋਕਲਾ ਕਰਨ ਵਾਸਤੇ ਲੇਖਕਾਂ, ਬੁੱਧੀਜੀਵੀਆਂ, ਸਾਹਿਤਕਾਰਾਂ, ਕਵੀਆਂ, ਰੰਗ ਕਰਮੀਆਂ, ਤਰਕਸ਼ੀਲਾਂ ਤੇ ਜਮਹੂਰੀ ਖ਼ੇਤਰ ਦੇ ਵਿਦਵਾਨਾਂ ਨੂੰ ਆਪਣੇ ਚੋਣਵੇਂ ਹੱਲੇ ਦੀ ਮਾਰ ਹੇਠ ਲਿਆ ਕੇ ਲੋਕਾਂ ਦੀ ਆਵਾਜ਼ ਬਣਨ ਵਾਲੇ ਸੰਵੇਦਨਸ਼ੀਲ ਹਿੱਸਿਆਂ ਨੂੰ ਲੋਕ ਕਾਫ਼ਲੇ ਤੋਂ ਅਲੱਗ ਕਰ ਕੇ ਸੀਖਾਂ ਪਿੱਛੇ ਡੱਕ ਕੇ ਜ਼ੁਬਾਨਬੰਦੀ ਕਰਨ ਲਈ ਰੱਸੇ ਪੈੜੇ ਵੱਟ ਰਹੀ ਹੈ।ਮੀਟਿੰਗ ਨੇ ਸੱਦਾ ਦਿੱਤਾ ਕਿ ਸਮੂਹ ਲੋਕ ਕੱਲੇ ਕੱਲੇ ਮਾਰ ਖਾਣ ਦੀ ਬਜਾਏ ਤੁਰੰਤ ਇਨ੍ਹਾਂ ਬੁੱਧੀਜੀਵੀਆਂ ਦੀ ਪਿੱਠ 'ਤੇ ਖੜਨ, ਕਾਲ਼ੇ ਕਾਨੂੰਨ ਮੋੜ ਕੇ ਜੇਬ ਵਿੱਚ ਪਵਾਉਣ ਲਈ ਵਿਸ਼ਾਲ ਜਨਤਕ ਲਾਮਬੰਦੀ ਕਰਨ, ਨਹੀਂ ਤਾਂ ਭਾਜਪਾ ਹਕੂਮਤ ਵਾਰੋ ਵਾਰੀ ਸਭ ਨੂੰ ਆਪਣੀ ਮਾਰ ਹੇਠ ਲਿਆਏਗੀ।ਅੱਜ ਦੀ ਮੀਟਿੰਗ 'ਚ ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਪੰਜਾਬ ਲੋਕ ਸੱਭਿਆਚਾਰਕ ਮੰਚ, ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ, ਪ੍ਰਗਤਸ਼ੀਲ ਲੇਖਕ ਸੰਘ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ, ਨੌਜਵਾਨ ਭਾਰਤ ਸਭਾ, ਮਜ਼ਦੂਰ ਮੁਕਤੀ ਮੋਰਚਾ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਪੰਜਾਬ ਸਟੂਡੈਂਟਸ ਫੈਡਰੇਸ਼ਨ, ਕਿਰਤੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ ਪੰਜਾਬ, ਬੀਕੇਯੂ ਕਰਾਂਤੀਕਾਰੀ, ਬੀਕੇਯੂ ਏਕਤਾ ਉਗਰਾਹਾਂ, ਬੀਕੇਯੂ ਏਕਤਾ ਡਕੌਂਦਾ ਧਨੇਰ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਪੰਜਾਬ ਕਿਸਾਨ ਯੂਨੀਅਨ, ਪਿੰਡ ਬਚਾਓ ਪੰਜਾਬ ਬਚਾਓ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਟੈਕਨੀਕਲ ਸਰਵਿਸ ਯੂਨੀਅਨ ਭੰਗਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਇਸਤਰੀ ਜਾਗ੍ਰਿਤੀ ਮੰਚ, ਪੰਜਾਬ ਸਟੂਡੈਂਟਸ ਯੂਨੀਅਨ, ਪੀਐੱਸਪੀਸੀਐੱਲ ਫੈਡਰੇਸ਼ਨ ਏਟਕ, ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ, ਡੀ ਟੀ ਐੱਫ, ਨੌਜਵਾਨ ਭਾਰਤ ਸਭਾ, ਪੀ ਐੱਸ ਯੂ ਲਲਕਾਰ, ਕਾਰਖਾਨਾ ਮਜ਼ਦੂਰ ਯੂਨੀਅਨ, ਟੈਕਨੀਕਲ ਹੌਜ਼ਰੀ ਕਾਮਗਾਰ ਯੂਨੀਅਨ (ਸਹਿਮਤੀ ਸਨੇਹਾ), ਪੇਂਡੂ ਮਜ਼ਦੂਰ ਯੂਨੀਅਨ ਮਸ਼ਾਲ (ਸਹਿਮਤੀ ਸਨੇਹਾ), ਪੀਐੱਸਯੂ ਸ਼ਹੀਦ ਰੰਧਾਵਾ, ਖੇਤੀਬਾੜੀ ਕਿਸਾਨ ਵਿਕਾਸ ਫਰੰਟ, ਪੀ ਐੱਸ ਪੀ ਸੀ ਐੱਲ ਪੈਨਸ਼ਨਰਜ਼ ਯੂਨੀਅਨ, ਨੌਜਵਾਨ ਭਾਰਤ ਸਭਾ, ਅਦਾਰਾ ਤਰਕਸ਼, ਵਰਗ ਚੇਤਨਾ ਮੰਚ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਆਈਸਾ, ਬਾਬਾ ਜੀਵਨ ਸਿੰਘ ਸਟੂਡੈਂਟ ਲੀਗ, ਇਨਕਲਾਬੀ ਮਜ਼ਦੂਰ ਕੇਂਦਰ (ਸਹਿਮਤੀ), ਪੇਂਡੂ ਮਜ਼ਦੂਰ ਯੂਨੀਅਨ ਆਦਿ ਜਥੇਬੰਦੀਆਂ ਸ਼ਾਮਲ ਹੋਈਆਂ।ਸ਼ਹੀਦ ਭਗਤ ਵਿਚਾਰ ਮੰਚ (ਆਰ ਸੀ ਐੱਫ ਕਪੂਰਥਲਾ) ਤੇ ਇਨਕਲਾਬੀ ਮਜ਼ਦੂਰ ਕੇਂਦਰ ਨੇ ਸਹਿਮਤੀ ਭੇਜੀ।

## ■ ਜਲੰਧਰ 'ਚ ਸੂਬਾਈ ਕਨਵੈਨਸ਼ਨ ਤੇ ਮੁਜ਼ਾਹਰਾ 21 ਨੂੰ



# ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਦਾ ਸਰਕਾਰੀ ਦਾਅਵਾ ਪੂਰੀ ਤਰ੍ਹਾਂ ਫੇਲ੍ਹ : ਕੇ ਕੇ ਯੂ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਮਾਲੇਰਕੋਟਲਾ ਦੀ ਇੱਕ ਅਹਿਮ ਮੀਟਿੰਗ ਯੂਨੀਅਨ ਦੇ ਸੂਬਾਈ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਤੇ ਜਰਨੈਲ ਸਿੰਘ ਜਹਾਂਗੀਰ ਦੀ ਅਗਵਾਈ ਹੇਠ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਜ਼ਿਲ੍ਹੇ ਭਰ ਵਿੱਚ ਪਾਣੀਆਂ ਦੇ ਮੁੱਦੇ 'ਤੇ ਮੁਹਿੰਮ ਚਲਾਈ ਜਾਵੇਗੀ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਰੁਪਿੰਦਰ ਸਿੰਘ ਚੌਂਦਾ ਤੇ ਮਾਨ ਸਿੰਘ ਸੱਦੋਪੁਰ ਨੇ ਕਿਹਾ ਪਾਣੀਆਂ ਦੇ ਮਾਮਲੇ 'ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਫੇਲ੍ਹ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਕਿ ਹਰ ਖੇਤ ਤੱਕ ਨਹਿਰੀ ਪਾਣੀ ਪੰਹੁਚਾਣ ਦੇ ਸਬੰਧੀ ਝੂਠੇ ਅੰਕੜੇ ਪੇਸ਼ ਕਰਕੇ ਸਰਕਾਰ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰਿਪੇਰੀਅਨ ਸੂਬਾ ਹੋਣ ਦੇ ਬਾਵਜੂਦ ਪੰਜਾਬ ਦਾ ਪਾਣੀ, ਜਿਸ ਢੰਗ ਨਾਲ ਦੂਸਰੇ ਸੂਬਿਆਂ ਨੂੰ ਜਾ ਰਿਹਾ ਹੈ, ਇਸ ਮਾਮਲੇ 'ਤੇ ਅਕਾਲੀਆਂ-ਕਾਂਗਰਸੀਆਂ ਵਾਂਗ ਆਮ ਆਦਮੀ ਪਾਰਟੀ ਵੀ ਗੋਗਲੂਆਂ ਤੋਂ ਮਿੱਟੀ ਹੀ ਝਾੜ ਰਹੀ ਹੈ। ਇਸ ਮੌਕੇ ਆਗੂਆਂ ਨੇ ਐਲਾਨ ਕੀਤਾ ਕਿ ਪੰਜਾਬ ਦੇ ਦਰਿਆਈ ਪਾਣੀਆਂ ਉੱਪਰ ਪੰਜਾਬ ਦੇ ਲੋਕਾਂ ਦੀ ਦਾਅਵੇਦਾਰੀ ਮਜ਼ਬੂਤ ਕਰਨ, ਧਰਤੀ ਹੇਠਲੇ ਪਾਣੀ ਨੂੰ ਸੰਭਾਲ ਕੇ ਪੰਜਾਬ ਨੂੰ ਬੰਜਰ ਹੋਣ ਤੋਂ ਬਚਾਉਣ ਅਤੇ ਹਰੀ ਕ੍ਰਾਂਤੀ ਦੇ ਜ਼ਹਿਰੀਲੇ ਖੇਤੀ ਮਾਡਲ ਦੀ ਥਾਂ ਕਿਸਾਨ ਪੱਖੀ ਕੁਦਰਤ ਪੱਖੀ ਖੇਤੀ ਮਾਡਲ ਨੂੰ ਲਾਗੂ ਕਰਵਾਉਣ ਦੇ ਲਈ ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹੇ ਭਰ 'ਚ ਪਿੰਡ ਪੱਧਰੀ ਮਹਿਮਾ ਚਲਾਏਗੀ ਤੇ ਆਪਣੇ ਜਥੇਬੰਦਕ ਤਾਣੇ ਬਾਣੇ ਨੂੰ ਮਜ਼ਬੂਤ ਕਰਕੇ ਵੱਡਾ ਜਨਤਕ ਸੰਘਰਸ਼ ਉਭਾਰੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਚਮਕੌਰ ਸਿੰਘ ਹਥਨ, ਹਰਜਿੰਦਰ ਸਿੰਘ ਚੌਂਦਾ, ਚੇਤ ਸਿੰਘ ਦਲੇਲਗੜ੍ਹ, ਕੈਪਟਨ ਨਿਰਮਲ ਸਿੰਘ ਰੁੜਕਾ, ਗੁਰਮੇਲ ਸਿੰਘ ਮਦੇਵੀ ਤੇ ਕੁਲਵਿੰਦਰ ਸਿੰਘ ਮਦੇਵੀ ਆਦਿ ਕਿਸਾਨ ਆਗੂ ਹਾਜ਼ਰ ਸਨ।

## ਕਾਤਰਾਂ

### ਮਾਤਾ ਕੁਲਦੀਪ ਕੌਰ ਜੌਹਲ ਨੂੰ ਅੰਤਿਮ ਵਿਦਾਇਗੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਪੰਡੋਰੀ ਵਿਖੇ ਬੀਬੀ ਕੁਲਦੀਪ ਕੌਰ ਜੌਹਲ ਪਤਨੀ ਸਵ: ਜਸਵੰਤ ਸਿੰਘ ਜੌਹਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਦੇ ਅੰਤਿਮ ਸੰਸਕਾਰ ਸਮੇਂ ਇਲਾਕੇ ਦੇ ਲੋਕਾਂ, ਮੋਹਤਬਰਾਂ, ਵੱਖ-ਵੱਖ ਆਗੂਆਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ, ਸਾਬਕਾ ਚੇਅਰਮੈਨ ਅਜੀਤ ਸਿੰਘ ਕੁਤਬਾ, ਜਥੇਦਾਰ ਅਜਮੇਰ ਸਿੰਘ ਮਹਿਲ ਕਲਾਂ ਆਦਿ ਆਗੂਆਂ ਨੇ ਦੁਸ਼ਾਲੇ ਭੇਟ ਕਰਕੇ ਸ਼ਰਧਾਂਜਲੀ ਭੇਟ ਕਰਦਿਆਂ ਜੌਹਲ ਪਰਵਾਰ ਵੱਲੋਂ ਰਾਜਸੀ, ਸਮਾਜ ਸੇਵਾ ਦੇ ਖੇਤਰ ਵਿੱਚ ਪਾਏ ਯੋਗਦਾਨ ਦੀ ਚਰਚਾ ਕੀਤੀ।ਮਾਤਾ ਕੁਲਦੀਪ ਕੌਰ ਜੌਹਲ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਬੇਟੇ ਅਮਨਦੀਪ ਸਿੰਘ ਜੌਹਲ ਕੈਨੇਡੀਅਨ ਨੇ ਵਿਖਾਈ।ਇਸ ਮੌਕੇ ਉੱਘੇ ਕਾਂਗਰਸੀ ਆਗੂ ਸਿਮਰਜੀਤ ਸਿੰਘ ਜੌਹਲ, ਸਾਬਕਾ ਚੇਅਰਮੈਨ ਹਰਵਿੰਦਰ ਜਿੰਦਲ, ਰੂਬਲ ਗਿੱਲ ਕੈਨੇਡਾ, ਗੁਰੀ ਔਲਖ ਆੜ੍ਹਤੀਆ, ਮੰਗਤ ਸਿੰਘ ਸਿੱਧੂ, ਸਰਬਜੀਤ ਸਿੰਘ ਆੜ੍ਹਤੀਆ, ਨੱਥਾ ਸਿੰਘ ਬਾਠ, ਦਵਿੰਦਰ ਸਿੰਘ ਧਨੋਆ, ਨਿੰਦੀ ਪਾਸੀ, ਮਨਜੀਤ ਸਿੰਘ ਮਹਿਲ ਖੁਰਦ, ਮਾ: ਦਰਸ਼ਨ ਸਿੰਘ ਪੰਡੋਰੀ, ਡਾ: ਅਮਰਜੀਤ ਸਿੰਘ ਮਹਿਲ ਕਲਾਂ, ਹਰੀ ਸਿੰਘ ਕਟਹਿਰੀਆ, ਬੱਗਾ ਸਿੰਘ ਮਹਿਲ ਕਲਾਂ, ਲੱਖਾ ਖਿਆਲੀ, ਜਗਦੇਵ ਸਿੰਘ ਪੰਡੋਰੀ, ਇਕਬਾਲ ਸਿੰਘ ਲੋਹਗੜ੍ਹ, ਪ੍ਰਧਾਨ ਜਗਤਾਰ ਸਿੰਘ ਜੌਹਲ, ਨਿਰਮਲ ਸਿੰਘ ਛੀਨੀਵਾਲ ਆਦਿ ਆਗੂ ਹਾਜ਼ਰ ਸਨ।

### ਕੁੱਟਮਾਰ ਦੇ ਦੋਸ਼ 'ਚ ਤਿੰਨ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਦੁਭਾਲੀ ਵਿਖੇ ਹੋਏ ਇੱਕ ਕਥਿਤ ਝਗੜੇ ਦੇ ਮਾਮਲੇ 'ਚ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਇੱਕ ਔਰਤ ਸਮੇਤ ਤਿੰਨ ਵਿਅਕਤੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਹਰਪ੍ਰੀਤ ਸਿੰਘ ਵਾਸੀ ਪਿੰਡ ਖੇੜਾ ਨੇ ਪੁਲਸ ਨੂੰ ਦੱਸਿਆ ਕਿ ਉਸਨੇ ਪਿੰਡ ਦੁਭਾਲੀ ਵਿਖੇ 2 ਕਨਾਲ 4 ਮਰਲੇ ਜ਼ਮੀਨ ਖਰੀਦੀ ਸੀ, ਜਿਸ ਦਾ ਕਬਜ਼ਾ ਉਸ ਨੂੰ ਮਾਲਕਾਂ ਵੱਲੋਂ ਦੇ ਦਿੱਤਾ ਗਿਆ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਬੀਤੇ ਦਿਨ ਉਹ ਜਦੋਂ ਆਪਣੀ ਉਕਤ ਜ਼ਮੀਨ 'ਚ ਗੇੜਾ ਮਾਰਨ ਗਿਆ ਤਾਂ ਪਵਿੱਤਰ ਸਿੰਘ ਉਸ ਦੀ ਜ਼ਮੀਨ ਵਿੱਚ ਚਰੀ ਦਾ ਛਿੱਟਾ ਦੇ ਰਿਹਾ ਸੀ, ਜਿਸ ਨੂੰ ਉਸ ਨੇ ਅਜਿਹਾ ਕਰਨ ਤੋਂ ਰੋਕਿਆ ਤਾਂ ਪਵਿੱਤਰ ਸਿੰਘ ਨੇ ਉਸ ਦੇ ਸਿਰ ਵਿੱਚ ਲੋਹੇ ਦੀ ਰਾਡ ਮਾਰੀ, ਜਦੋਂਕਿ ਸਿਮਰਨਜੀਤ ਕੌਰ ਨੇ ਉਸ ਦੇ ਸੋਟੀਆਂ ਮਾਰੀਆਂ ਅਤੇ ਪ੍ਰੇਮ ਸਿੰਘ ਨੇ ਘਸੁੰਨ ਮੁੱਕਿਆਂ ਨਾਲ ਉਸ ਦੀ ਕੁੱਟਮਾਰ ਕੀਤੀ। ਹਰਪ੍ਰੀਤ ਸਿੰਘ ਦੇ ਬਿਆਨਾਂ 'ਤੇ ਉਕਤ ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕਰਕੇ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਚੇਨ ਖੋਹਣ ਦੇ ਮਾਮਲੇ 'ਚ ਦੋ ਨੌਜਵਾਨ ਕਾਬੂ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਦੀ ਸੀਆਈਏ ਤੇ ਜੇਜੇ ਕਲੋਨੀ ਪੁਲਸ ਚੌਕੀ ਦੀ ਸਾਂਝੀ ਟੀਮ ਨੇ ਕਾਲੀ ਮਾਤਾ ਮੰਦਰ ਦੇ ਬਾਹਰ ਇੱਕ ਔਰਤ ਦੇ ਗਲ ਵਿੱਚੋਂ ਚੇਨ ਖੋਹਣ ਵਾਲੇ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਪੁਲਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ।ਇਹ ਜਾਣਕਾਰੀ ਦਿੰਦਿਆਂ ਸੀ.ਆਈ.ਏ. ਸਿਰਸਾ ਦੇ ਇੰਚਾਰਜ ਇੰਸਪੈਕਟਰ ਧਰਮਵੀਰ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਦੀ ਪਛਾਣ ਗੁਰਤੇਜ ਸਿੰਘ ਉਰਫ ਤੇਜਾ ਨਿਵਾਸੀ ਕਾਲਾਂਵਾਲੀ ਤੇ ਸੰਦੀਪ ਉਰਫ ਦੀਪਕ ਵਾਰਡ ਨੰ. 2 ਕਾਲਾਂਵਾਲੀ ਵਜੋਂ ਹੋਈ ਹੈ। ਪੁਲਸ ਨੇ ਦੋਵਾਂ ਮੁਲਜ਼ਮਾਂ ਕੋਲੋਂ ਖੋਹੀਆਂ ਗਈਆਂ ਸੋਨੇ ਦੀਆਂ ਚੇਨਾਂ ਤੇ ਵਾਰਦਾਤ ਵਿੱਚ ਵਰਤੀ ਗਈ ਗੱਡੀ ਬਰਾਮਦ ਕਰ ਲਈ ਹੈ।ਕਈ ਅਪਰਾਧਿਕ ਘਟਨਾਵਾਂ ਦਾ ਭੇਤ ਸੁਲਝਾਉਣ ਲਈ ਪੁਲਸ ਦੋਵਾਂ ਮੁਲਜ਼ਮਾਂ ਕੋਲੋਂ ਸਖ਼ਤੀ ਨਾਲ ਪੁੱਛਗਿੱਛ ਕਰ ਰਹੀ ਹੈ।ਪੁਲਸ ਦਾ ਕਹਿਣਾ ਹੈ ਕਿ ਇਸ ਦੌਰਾਨ ਕਈ ਅਪਰਾਧਕ ਘਟਨਾਵਾਂ ਦਾ ਭੇਤ ਸੁਲਝਣ ਦੀ ਉਮੀਦ ਹੈ।

# ਪੰਜਾਬ ਸਟੇਟ ਫੂਡ ਕਮਿਸ਼ਨ ਮੈਂਬਰ ਵੱਲੋਂ ਰਾਸ਼ਨ ਡਿਪੂਆਂ ਦੀ ਚੈਕਿੰਗ

## ■ ਲਾਭਪਾਤਰੀ ਨੈਸ਼ਨਲ ਫੂਡ ਸਕਿਓਰਟੀ ਐਕਟ ਅਧੀਨ ਕਰ ਸਕਦੇ ਹਨ ਸ਼ਿਕਾਇਤ : ਧਾਲੀਵਾਲ



**ਮਾਨਸਾ (ਆਤਮਾ ਸਿੰਘ ਪਮਾਰ)**

ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਸ੍ਰੀ ਚੇਤਨ ਪ੍ਰਕਾਸ਼ ਧਾਲੀਵਾਲ ਨੇ ਜ਼ਿਲ੍ਹਾ ਮਾਨਸਾ ਦਾ ਅਚਨਚੇਤ ਦੌਰਾ ਕਰਦਿਆਂ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ।ਉਨ੍ਹਾ ਦੱਸਿਆ ਕਿ ਇਸ ਮੌਕੇ ਰਾਸ਼ਨ ਡਿੱਪੂਆਂ ਦੀ ਚੈਕਿੰਗ ਦੌਰਾਨ ਪਿੰਡ ਰੱਲਾ ਵਿਖੇ ਹੋ ਰਹੀ ਕਣਕ ਦੀ ਵੰਡ ਦੇ ਕੰਮ ਦਾ ਨਰੀਖਣ ਕੀਤਾ ਗਿਆ।ਉਨ੍ਹਾ ਦੱਸਿਆ ਕਿ ਇਸ ਪਿੰਡ ਵਿਖੇ ਪੰਜ ਰਾਸ਼ਨ ਦੇ ਡਿੱਪੂਆਂ ਦੀ ਚੈਕਿੰਗ ਕੀਤੀ ਗਈ। ਰਾਸ਼ਨ ਡਿੱਪੂ ਜਗਦੀਸ਼ ਰਾਏ ਪੀਡੀਐੱਸ ਨੰ. 55, ਮੇਵਾ ਸਿੰਘ ਪੀਡੀਐੱਸ ਨੰ. 492, ਵਿਨੋਦ ਕੁਮਾਰ ਪੀਡੀਐੱਸ ਨੰ. 343 ਵੱਲੋਂ ਦੱਸਿਆ ਗਿਆ ਕਿ ਲਾਭਪਾਤਰੀਆਂ ਦੀ ਕਣਕ ਦੀਆਂ ਪਰਚੀਆਂ ਕੱਟ ਦਿੱਤੀਆਂ ਗਈਆਂ ਹਨ, ਪ੍ਰੰਤੂ ਕਣਕ ਦੇ ਵੰਡ ਦੇ ਕੰਮ ਦੀ ਸ਼ੁਰੂਆਤ ਨਹੀਂ ਕੀਤੀ ਗਈ ਸੀ।

ਸ੍ਰੀ ਚੇਤਨ ਪ੍ਰਕਾਸ਼ ਧਾਲੀਵਾਲ ਵੱਲੋਂ ਡਿੱਪੂ ਹੋਲਡਰਾਂ ਤੇ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਨੂੰ ਹਦਾਇਤ ਕੀਤੀ ਗਈ ਕਿ ਲਾਭਪਾਤਰੀਆਂ ਨੂੰ ਜਲਦ ਤੋਂ ਜਲਦ ਕਣਕ ਦੀ ਵੰਡ ਕਰ ਦਿੱਤੀ ਜਾਵੇ। ਉਨ੍ਹਾ ਦੱਸਿਆ ਕਿ ਇਸ ਪਿੰਡ ਵਿਖੇ ਰਾਸ਼ਨ ਡਿੱਪੂ ਜੀਵਨ ਸਿੰਘ 660059 ਬੰਦ ਪਾਇਆ ਗਿਆ ਤੇ ਇਸ ਡਿੱਪੂ 'ਤੇ ਸ਼ਿਕਾਇਤ ਬਾਕਸ ਅਤੇ ਜਾਗਰੂਕਤਾ ਬੈਨਰ ਵੀ ਮੌਜੂਦ ਨਹੀਂ ਸੀ, ਜਿਸ ਸਬੰਧੀ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੀ ਹਦਾਇਤੀ ਕੀਤੀ ਗਈ।ਇਸ ਉਪਰੰਤ ਡਿੱਪੂ ਹੋਲਡਰ ਗੁਰਮੇਲ ਦਾਸ ਪੀਡੀਐੱਸ ਨੰ. 647 ਵਿਖੇ ਕਣਕ ਦੀ ਵੰਡ ਦੇ ਕੰਮ ਦਾ ਨਰੀਖਣ ਕੀਤਾ ਗਿਆ।ਚੈਕਿੰਗ ਦੌਰਾਨ ਡਿੱਪੂ 'ਤੇ ਸ਼ਿਕਾਇਤ ਬਾਕਸ ਤੇ ਬੈਨਰ ਮੌਜੂਦ ਤਾਂ ਸਨ, ਪ੍ਰੰਤੂ ਡਿੱਪੂ 'ਤੇ ਡਿਸਪਲੇਅ ਨਹੀਂ ਕੀਤੇ ਹੋਏ ਸਨ, ਜਿਸ ਸਬੰਧੀ ਜਲਦ ਤੋਂ ਜਲਦ ਬੈਨਰ ਲਗਾਉਣ ਤੇ ਭਵਿੱਖ ਵਿੱਚ ਬੈਨਰ ਅਤੇ ਸ਼ਿਕਾਇਤ ਬਾਕਸ ਨਾ ਲਗਾਏ ਜਾਣ 'ਤੇ ਕਾਰਵਾਈ ਕਰਨ ਦੀ ਹਦਾਇਤ ਡਿੱਪੂ ਹੋਲਡਰ ਨੂੰ ਕੀਤੀ ਗਈ।ਉਨ੍ਹਾ ਮੌਕੇ 'ਤੇ ਮੌਜੂਦ ਲਾਭਪਾਤਰੀਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਸਕੀਮਾਂ ਸਬੰਧੀ ਸ਼ਿਕਾਇਤ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕੋਲ ਕੀਤੀ ਜਾ ਸਕਦੀ ਹੈ।ਇਸ ਤੋਂ ਇਲਾਵਾ ਹੈਲਪਲਾਈਨ ਨੰਬਰ 98767-64545 ਜਾਂ ਕਮਿਸ਼ਨ ਦੀ ਵੈੱਬਸਾਈਟ 'ਤੇ ਵੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

# ਪੀ ਡੀ ਐੱਫ ਏ ਦਫ਼ਤਰ ਦਾ ਪ੍ਰਧਾਨ ਸਦਰਪੁਰਾ ਨੇ ਰੱਖਿਆ ਨੀਂਹ-ਪੱਥਰ

**ਜਗਰਾਉਂ (ਅਮਿਤ ਖੰਨਾ)**

ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸੰਸਥਾ ਪ੍ਰੋਗਰੈਸਿਵ ਡੇਅਰੀ ਫਾਰਮਰਜ਼ ਐਸੋਸੀਏਸ਼ਨ (ਪੀ.ਡੀ.ਐੱਫ.ਏ.) ਨੇ ਜਗਰਾਉਂ ਨੇੜੇ ਆਪਣਾ ਆਧੁਨਿਕ ਕਿਸਮ ਦਾ ਆਲੀਸ਼ਾਨ ਦਫ਼ਤਰ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਲੁਧਿਆਣਾ-ਫਿਰੋਜ਼ਪੁਰ ਮੁੱਖ ਮਾਰਗ ਸਥਿਤ ਚੌਕੀਮਾਨ ਟੋਲ ਪਲਾਜ਼ੇ ਨੇੜੇ ਬਣਨ ਵਾਲੇ ਪੀਡੀਐੱਫਏ ਦਫ਼ਤਰ ਦਾ ਨੀਂਹ-ਪੱਥਰ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਰੱਖਿਆ। ਇਸ ਸ਼ੁਭ ਮੌਕੇ ਪੀ ਡੀ ਐੱਫ ਏ ਦੇ ਹੋਰ ਅਹੁਦੇਦਾਰ ਤੇ ਕਮੇਟੀ ਮੈਂਬਰ ਵੀ ਹਾਜ਼ਰ ਸਨ। ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਦੱਸਿਆ ਕਿ 1974 'ਚ ਹੋਂਦ ਵਿੱਚ ਆਈ ਪੀ ਡੀ ਐੱਫ ਏ ਦੇ ਮਰਹੂਮ ਕੈਬਨਿਟ ਮੰਤਰੀ ਕੈਪਟਨ ਕੰਵਲਜੀਤ ਸਿੰਘ ਫਾਊਂਡਰ ਮੈਂਬਰ ਸਨ। ਉਨ੍ਹਾਂ ਦੱਸਿਆ ਕਿ ਪੀ ਡੀ ਐੱਫ ਏ ਨੇ 2007 'ਚ ਕੌਮਾਂਤਰੀ ਡੇਅਰੀ ਐਕਸਪੋ ਸ਼ੁਰੂ ਕੀਤਾ ਸੀ, ਜੋ ਲਗਾਤਾਰ ਜਗਰਾਉਂ ਦੀ ਵਿਸ਼ਾਲ ਪਸ਼ੂ ਮੰਡੀ 'ਚ ਲੱਗਦਾ ਆ ਰਿਹਾ ਹੈ। ਇਸ ਡੇਅਰੀ ਤੇ ਖੇਤੀ ਮੇਲੇ 'ਚ ਦੁਨੀਆ ਭਰ ਦੀਆਂ ਤਿੰਨ ਸੌ ਤੋਂ ਵਧੇਰੇ ਕੰਪਨੀਆਂ ਹਿੱਸਾ ਲੈਂਦੀਆਂ ਹਨ। ਇਸ ਤੋਂ ਇਲਾਵਾ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚੋਂ ਵਧੀਆ ਨਸਲ ਦੀਆਂ ਰਿਕਾਰਡ ਦੁੱਧ ਦੇਣ ਵਾਲੀਆਂ ਮੱਝਾਂ ਗਾਂਵਾਂ ਦੇ ਮੁਕਾਬਲੇ ਕਰਵਾ ਕੇ ਲੱਖਾਂ ਰੁਪਏ ਦੇ ਇਨਾਮ ਦਿੱਤੇ ਜਾਂਦੇ ਹਨ। ਡੇਅਰੀ ਧੰਦੇ ਨੂੰ ਪ੍ਰਫੁਲਤ ਕਰਨ 'ਚ ਪੀ ਡੀ ਐੱਫ ਏ ਦਾ ਵੱਡਾ ਤੇ ਵੱਡਮੁੱਲਾ ਯੋਗਦਾਨ ਹੈ। ਭਵਿੱਖ 'ਚ ਵੀ ਇਹ ਸੰਸਥਾ ਡੇਅਰੀ ਤੇ ਖੇਤੀ ਨੂੰ ਹੋਰ ਉਤਸ਼ਾਹਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸਮੇਂ ਦੀ ਲੋੜ ਨੂੰ ਦੇਖਦੇ ਹੋਏ ਪੀ ਡੀ ਐੱਫ ਏ ਨੇ ਇਹ ਦਫ਼ਤਰ ਬਣਾਉਣ ਦਾ ਫ਼ੈਸਲਾ ਲਿਆ ਹੈ। ਪ੍ਰਧਾਨ ਸਦਰਪੁਰਾ ਮੁਤਾਬਕ ਦਫ਼ਤਰ ਤੇ ਕਾਨਫਰੰਸ ਹਾਲ ਅੱਧੇ ਏਕੜ 'ਚ ਬਣੇਗਾ ਅਤੇ ਇਸ ਦੇ ਨਾਲ ਹੀ ਦੂਜੇ ਪੜਾਅ 'ਚ ਆਡੀਟੋਰੀਅਮ ਬਣਾਇਆ ਜਾਵੇਗਾ। ਇਸ ਆਡੀਟੋਰੀਅਮ 'ਚ ਛੇ ਸੌ ਤੋਂ ਵਧੇਰੇ ਲੋਕਾਂ ਦੇ ਬੈਠਣ ਦੀ ਸਮਰੱਥਾ ਹੋਵੇਗੀ। ਅੱਜ ਅਰਦਾਸ ਉਪਰੰਤ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਪੀ ਡੀ ਐੱਫ ਏ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਦੇ ਨਾਲ ਰਾਜਪਾਲ ਸਿੰਘ ਕੁਲਾਰ, ਰਣਜੀਤ ਸਿੰਘ ਲੰਗੇਆਣਾ, ਸੁਖਦੇਵ ਸਿੰਘ ਬਰੌਲੀ, ਪਰਮਿੰਦਰ ਸਿੰਘ ਘੁਡਾਣੀ, ਸੁਖਰਾਜ ਸਿੰਘ ਗੁੜੇ, ਨਿਰਮਲ ਸਿੰਘ ਫੂਲ ਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ।



# ਡੀ ਸੀ ਵੱਲੋਂ ਹੈਲਪ ਡੈਸਕ-ਕਮ-ਸਹਾਇਤਾ ਕੇਂਦਰ ਦਾ ਜਾਇਜ਼ਾ

## ■ ਕੇਂਦਰ ਵਿਖੇ ਮੌਕੇ 'ਤੇ ਹੀ ਸੇਵਾਵਾਂ ਦੇਣਗੇ ਕਰਚਮਾਰੀ : ਡਾ. ਦੁੱਗਲ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਐਂਟਰੀ ਗੇਟ 'ਤੇ ਹੀ ਲੋਕਾਂ ਨੂੰ ਬਿਨਾਂ ਕਿਸੇ ਖਜਲ-ਖੁਆਰੀ ਦੇ ਸੇਵਾਵਾਂ ਦੇਣ ਦੇ ਮੱਦੇਨਜ਼ਰ ਸਥਾਪਤ ਕੀਤੇ ਗਏ ਹੈਲਪ ਡੈਸਕ-ਕਮ-ਸਹਾਇਤਾ ਕੇਂਦਰ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾਂ ਹੈਲਪ ਡੈਸਕ ਵਿਖੇ ਤਾਇਨਾਤ ਕੀਤੇ ਗਏ ਸਟਾਫ ਤੋਂ ਆਉਣ-ਜਾਣ ਵਾਲੇ ਲੋਕਾਂ ਦੀਆਂ ਸਮੱਸਿਆਵਾਂ ਸਬੰਧੀ ਰਿਕਾਰਡ ਦੀ ਪੁੱਛ-ਗਿੱਛ ਕੀਤੀ।ਉਨ੍ਹਾਂ ਸਬੰਧਤ ਸਟਾਫ ਨੂੰ ਹਦਾਇਤ ਕੀਤੀ ਕਿ ਕਿਸੇ ਵੀ ਵਿਅਕਤੀ ਨੂੰ ਖਜਲ-ਖੁਆਰ ਨਾ ਹੋਣ ਦਿੱਤਾ ਜਾਵੇ ਅਤੇ ਰਜਿਸਟਰ ਲਗਾ ਕੇ ਹਰੇਕ ਵਿਅਕਤੀ ਦਾ ਮੁਕੰਮਲ ਰਿਕਾਰਡ ਰੱਖਿਆ ਜਾਵੇ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਖਜਲ-ਖੁਆਰੀ ਤੋਂ ਨਿਜਾਤ ਦਿਵਾਉਣ ਦੇ ਉਦੇਸ਼ ਸਦਕਾ ਵੱਖ-ਵੱਖ ਉਪਰਾਲੇ ਕੀਤੇ ਜਾ ਰਹੇ ਹਨ।ਇਸੇ ਲੜੀ ਤਹਿਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਦਾਖਲੇ ਗੇਟ 'ਤੇ ਹੀ ਹੈਲਪ ਡੈਸਕ-ਕਮ-ਸਹਾਇਤਾ ਕੇਂਦਰ ਸਥਾਪਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਹੈਲਪ ਡੈਸਕ-ਕਮ-ਸਹਾਇਤਾ ਕੇਂਦਰ ਵਿਖੇ ਲੋਕ ਹਿੱਤ ਸੇਵਾਵਾਂ ਦੇਣ ਵਾਲੇ ਹਰੇਕ ਵਿਭਾਗ ਦਾ ਕਰਮਚਾਰੀ ਤਾਇਨਾਤ ਕੀਤਾ ਗਿਆ ਹੈ, ਜੋ ਕਿ ਮੌਕੇ 'ਤੇ ਹੀ ਸਬੰਧਤ ਵਿਅਕਤੀ ਨੂੰ ਸੇਵਾਵਾਂ ਪ੍ਰਦਾਨ ਕਰੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹੈਲਪ ਡੈਸਕ-ਕਮ-ਸਹਾਇਤਾ ਕੇਂਦਰ ਵਿਖੇ ਮੁਕੰਮਲ ਵੇਰਵਾ ਦਰਜ ਕੀਤਾ ਜਾਵੇ ਕਿ ਕਿਸ ਵਿਭਾਗ ਨਾਲ ਉਸ ਦਾ ਕੰਮ ਹੈ, ਉਸ ਦਾ ਕੰਮ ਹੋਇਆ ਜਾਂ ਨਹੀਂ, ਕਿੰਨੇ ਸਮੇਂ ਵਿੱਚ ਹੋਇਆ।ਇਸ ਤੋਂ ਇਲਾਵਾ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਲੋਕਾਂ ਦਾ ਕੰਮ ਪਾਰਦਰਸ਼ੀ ਤਰੀਕੇ ਨਾਲ ਹੋਵੇ।ਉਨ੍ਹਾ ਕਿਹਾ ਕਿ ਵਿਸ਼ੇਸ਼ ਤੌਰ 'ਤੇ ਪੈਨਸ਼ਨ ਨਾਲ ਸਬੰਧਤ ਸੇਵਾਵਾਂ, ਰੋਜ਼ਗਾਰ ਦਫਤਰ, ਸ਼ਗਨ ਸਕੀਮ, ਲਾਭਪਾਤਰੀ, ਆਟਾ-ਦਾਲ/ਰਾਸ਼ਨ ਕਾਰਡ ਆਦਿ ਵਿਭਾਗਾਂ ਦੇ ਕਰਮਚਾਰੀ ਮੌਕੇ 'ਤੇ ਹੀ ਸੇਵਾਵਾਂ ਦੇਣ ਲਈ ਹੈਲਪ ਡੈਸਕ-ਕਮ-ਸਹਾਇਤਾ ਕੇਂਦਰ ਵਿਖੇ ਤਾਇਨਾਤ ਰਹਿਣਗੇ।

# ਸੰਦੌੜ ਅਨਾਜ ਮੰਡੀ 'ਚ ਪਹਿਲੀ ਵਾਰ ਹੋਈ ਮੱਕੀ ਦੀ ਆਮਦ

## ■ ਮਾਰਕੀਟ ਕਮੇਟੀ ਦੀ ਆਮਦਨ 'ਚ 4 ਤੋਂ 5 ਲੱਖ ਤੱਕ ਵਾਧਾ ਹੋਵੇਗਾ : ਚੇਅਰਮੈਨ ਕੁਠਾਲਾ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਕਣਕ ਝੋਨੇ ਦੇ ਫਸਲੀ ਚੱਕਰ ਤੋੜ ਲਈ ਦੂਜੀਆਂ ਫਸਲਾਂ ਵੱਲ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ ਪੰਜਾਬ ਸਰਕਾਰ ਤੇ ਖੇਤੀਬਾੜੀ ਵਿਭਾਗ ਦੇ ਯਤਨਾਂ ਨੂੰ ਸਫ਼ਲਤਾ ਮਿਲਣ ਲੱਗ ਪਈ ਹੈ। ਕਣਕ-ਝੋਨੇ ਦੇ ਫਸਲੀ ਚੱਕਰ 'ਚ ਉਲਝੇ ਹੋਏ ਸੰਦੌੜ ਇਲਾਕੇ ਅੰਦਰ ਇਸ ਵਾਰ ਪਕਾਵੀਂ ਮੱਕੀ ਦੀ ਫਸਲ ਵੱਲ ਕਿਸਾਨਾਂ ਦਾ ਝੁਕਾਅ ਦੇਖਣ ਨੂੰ ਮਿਲਿਆ ਹੈ। ਮਾਰਕਿਟ ਕਮੇਟੀ ਸੰਦੌੜ ਦੇ ਅਧੀਨ ਪੈਂਦੀ ਅਨਾਜ ਮੰਡੀ ਸੰਦੌੜ ਤੇ ਕੁਠਾਲਾ 'ਚ ਮਾਰਕੀਟ ਕਮੇਟੀ ਸੰਦੌੜ ਦੇ ਚੇਅਰਮੈਨ ਕਰਮਜੀਤ ਸਿੰਘ ਕੁਠਾਲਾ ਤੇ ਸਕੱਤਰ ਜਸਜੀਤ ਸਿੰਘ ਰਾਏ ਦੇ ਯਤਨਾ ਸਦਕਾ ਇਸ ਵਾਰ ਮੱਕੀ ਦੀ ਫ਼ਸਲ ਦੇਖਣ ਨੂੰ ਮਿਲੀ ਹੈ, ਜਿਸ ਨਾਲ ਜਿੱਥੇ ਕਿਸਾਨਾਂ ਦੀ ਆਮਦਨ ਵਧਣ ਦੀ ਉਮੀਦ ਹੈ, ਉਥੇ ਹੀ ਮਾਰਕਿਟ ਕਮੇਟੀ ਦੀ ਆਦਮਨ ਵੀ ਵਧ ਗਈ ਹੈ। ਅਨਾਜ ਮੰਡੀ ਸੰਦੌੜ 'ਚ ਪਹਿਲੀ ਵਾਰ 2500 ਕੁਇੰਟਲ ਮੱਕੀ ਦੀ ਫਸਲ ਦੀ ਆਮਦ ਹੋ ਚੁੱਕੀ ਹੈ। ਮਾਰਕਿਟ ਕਮੇਟੀ ਸੰਦੌੜ ਦੇ ਚੇਅਰਮੈਨ ਕਰਮਜੀਤ ਸਿੰਘ ਕੁਠਾਲਾ ਤੇ ਸਕੱਤਰ ਜਸਜੀਤ ਸਿੰਘ ਰਾਏ ਨੇ ਦੱਸਿਆ ਕਿ 2 ਹਜ਼ਾਰ ਕੁਇੰਟਲ ਮੱਕੀ ਦੀ ਖਰੀਦ ਹੋ ਚੁੱਕੀ ਹੈ। ਉਨ੍ਹਾ ਕਿਹਾ ਕਿ ਮੰਡੀ 'ਚ ਅਤੁਲ ਟਰੇਡਰਜ਼ ਮਾਲੇਰਕੋਟਲਾ, ਏ.ਐੱਫ.ਆਈ. ਐਗਰੋ ਪ੍ਰਾਈਵੇਟ ਲਿਮਟਿਡ ਖੰਨਾ ਤੇ ਅਮਨ ਫੀਡ ਮਾਲੇਰਕੋਟਲਾ ਵੱਲੋਂ ਮੱਕੀ ਦੀ ਖਰੀਦ ਕੀਤੀ ਜਾ ਰਹੀ ਹੈ। ਖਰੀਦ ਕਰ ਰਹੀਆਂ ਧਿਰਾਂ ਤੋਂ 3 ਪ੍ਰਤੀਸ਼ਤ ਮਾਰਕੀਟ ਫੀਸ ਵਸੂਲੀ ਜਾ ਰਹੀ ਹੈ, ਜਦਕਿ ਪ੍ਰੋਸੈਸਿੰਗ ਯੂਨਿਟ ਹੋਣ ਕਾਰਨ ਏ.ਐੱਫ.ਆਈ, ਐਗਰੋ ਤੇ ਅਮਨ ਫੀਡ ਮਾਲੇਰਕੋਟਲਾ ਨਾਮੀਂ ਦੋਵੇਂ ਫਰਮਾਂ ਨੂੰ ਮੰਡੀਕਰਨ ਵੱਲੋਂ ਫੀਸ 'ਚ ਛੋਟ ਦਿੱਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਫੀਡ ਮਿੱਲਾਂ ਤੇ ਪ੍ਰੋਸੈਸਿੰਗ ਯੂਨਿਟਾਂ ਨੂੰ ਮੰਡੀਕਰਨ ਵੱਲੋਂ ਛੋਟ ਦਿੱਤੀ ਜਾਂਦੀ ਹੈ। ਅਨਾਜ ਮੰਡੀ ਕੁਠਾਲਾ ਵਿਖੇ ਸਿਰਫ ਮੱਕੀ ਦੀ ਸੁਕਾਈ ਦੀ ਕੀਮਤ ਹੀ ਵਸੂਲੀ ਜਾ ਰਹੀ ਹੈ। ਹੁਣ ਤੱਕ ਖਰੀਦੀ ਗਈ ਮੱਕੀ ਦੀ ਫਸਲ ਤੋਂ 96 ਹਜ਼ਾਰ ਰੁਪਏ ਦੀ ਆਮਦਨ ਮਾਰਕੀਟ ਕਮੇਟੀ ਨੂੰ ਪ੍ਰਾਪਤ ਹੋਈ ਹੈ। ਉਨ੍ਹਾਂ ਦੱਸਿਆ ਕਿ ਚੰਗੇ ਭਾਅ 'ਤੇ ਮੱਕੀ ਦੀ ਫਸਲ ਖਰੀਦੀ ਜਾ ਰਹੀ ਹੈ ਤੇ ਉਮੀਦ ਹੈ ਕਿ ਪਹਿਲੇ ਸਾਲ 4 ਤੋਂ 5 ਲੱਖ ਰੁਪਏ ਤੱਕ ਦੀ ਆਮਦਨ ਮਾਰਕੀਟ ਕਮੇਟੀ ਨੂੰ ਹੋਣ ਦੀ ਸੰਭਾਵਨਾ ਹੈ।

# ਵਿਦਿਆਰਥੀ ਸ਼ਖਸੀਅਤ ਉਸਾਰੀ ਸਮਰ ਕੈਂਪ ਦੀ ਸ਼ਾਨਦਾਰ ਸਮਾਪਤੀ

## ■ ਦਸਵੀਂ 'ਚੋਂ ਮੈਰਿਟ 'ਚ ਆਉਣ ਵਾਲੇ ਵਿਦਿਆਰਥੀ ਕੀਤੇ ਸਨਮਾਨਤ



**ਕੋਟਕਪੂਰਾ (ਰਛਪਾਲ ਭੁੱਲਰ)**

ਸੋਹੰ ਸਪੋਰਟਸ ਐਂਡ ਕਲਚਰਲ ਸੋਸਾਇਟੀ (ਰਜਿ:) ਕੋਟਕਪੂਰਾ ਤੇ ਬਾਬਾ ਸਾਹਿਬ ਐਜੂਕੇਸ਼ਨਲ ਸੋਸਾਇਟੀ ਕੋਟਕਪੂਰਾ ਵੱਲੋਂ ਤਿੰਨ ਰੋਜ਼ਾ ਵਿਦਿਆਰਥੀ ਸ਼ਖਸੀਅਤ ਉਸਾਰੀ ਸਮਰ ਕੈਂਪ 2024 ਸ੍ਰੀ ਗੁਰੂ ਰਵਿਦਾਸ ਮੰਦਰ ਹਾਲ ਵਿਖੇ 25 ਜੂਨ ਤੋਂ 27 ਜੂਨ ਤੱਕ ਲਾਇਆ ਗਿਆ, ਜਿਸ ਵਿੱਚ 50 ਤੋਂ 60 ਵਿਦਿਆਰਥੀਆਂ ਨੇ ਹਿੱਸਾ ਲਿਆ।ਸਮਰ ਕੈਂਪ ਦੇ ਪਹਿਲੇ ਦਿਨ ਮਾਸਟਰ ਧਰਮਪਾਲ ਨੇ ਬੱਚਿਆਂ ਨੂੰ ਪੰਜਾਬੀ ਸੁੰਦਰ ਲਿਖਾਈ ਦੇ ਸਕਿਲ ਸਿਖਾਏ, ਦੂਜੇ ਦਿਨ ਮਾਸਟਰ ਹੁਕਮ ਚੰਦ ਨੇ ਬੱਚਿਆਂ ਨੂੰ ਨੈਤਿਕ ਕਦਰਾਂ-ਕੀਮਤਾਂ ਸਬੰਧੀ ਦੱਸਿਆ।ਮੈਡਮ ਗੁਰਵਿੰਦਰ ਕੌਰ ਨੇ ਮਹਾਤਮਾ ਜੋਤੀ ਰਾਓ ਫੂਲੇ ਤੇ ਮਾਤਾ ਸਵਿੱਤਰੀ ਬਾਈ ਫੂਲੇ ਬਾਰੇ ਜਾਣਕਾਰੀ ਦਿੱਤੀ।ਸੰਦੀਪ ਭੰਡਾਰੀ ਨੇ ਡਾ. ਭੀਮ ਰਾਓ ਅੰਬੇਡਕਰ ਜੀ ਬਾਰੇ ਬੱਚਿਆਂ ਨੂੰ ਦੱਸਿਆ।ਸੁਸਾਇਟੀ ਦੇ ਪ੍ਰਧਾਨ ਰਾਜ ਕੁਮਾਰ ਕੋਚਰ ਨੇ ਬੱਚਿਆਂ ਨੂੰ ਯੋਗਾ ਤੇ ਫਨੀ ਗੇਮਾਂ ਕਰਵਾਈਆਂ।ਸਮਰ ਕੈਂਪ ਦੇ ਤੀਜੇ ਦਿਨ ਵਿਦਿਆਰਥੀਆਂ ਦੇ ਸੁੰਦਰ ਲਿਖਾਈ ਦੇ ਮੁਕਾਬਲੇ ਕਰਵਾਏ ਗਏ, ਇੱਕ ਲਿਖਤੀ ਪੇਪਰ ਲਿਆ ਗਿਆ, ਜਿਸ ਦੇ ਅਧਾਰ 'ਤੇ ਬੱਚਿਆਂ ਦੀ ਤਿੰਨ ਟੀਮਾਂ ਵਿੱਚ ਚੋਣ ਕੀਤੀ ਗਈ ਤੇ ਇਨ੍ਹਾਂ ਤਿੰਨ ਟੀਮਾਂ ਵਿੱਚ ਲਾਈਵ ਮੁਕਾਬਲਾ ਕਰਵਾਇਆ ਗਿਆ।ਸਮਰ ਕੈਂਪ ਵਿੱਚ ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ।ਸਮਰ ਕੈਂਪ ਦੇ ਤੀਜੇ ਦਿਨ ਦਸਵੀਂ ਜਮਾਤ ਮਾਰਚ 2024 'ਚੋਂ ਕੋਟਕਪੂਰਾ ਬਲਾਕ 'ਚੋਂ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਦਾ ਵੀ ਸਰਟੀਫਿਕੇਟ, ਸਨਮਾਨ ਚਿੰਨ੍ਹ ਤੇ ਸਟੇਸ਼ਨਰੀ ਦੇ ਕੇ ਸਨਮਾਨ ਕੀਤਾ ਗਿਆ।ਵੱਖ ਵੱਖ ਸ਼ਖ਼ਸੀਅਤਾਂ ਨੇ ਸੰਬੋਧਤ ਕਰਦਿਆਂ ਸੁਸਾਇਟੀ ਵੱਲੋਂ ਸਹਿਯੋਗੀ ਸਾਥੀਆਂ ਜਿਵੇਂ ਕਿ ਦਰਸ਼ਨ ਸਿੰਘ, ਮਨੋਹਰ ਲਾਲ, ਸੁਰਿੰਦਰ ਕੁਮਾਰ ਕੋਸ਼ੀ, ਬਲਜੀਤ ਸਿੰਘ ਖੀਵਾ, ਨੰਬਰਦਾਰ ਸੁਖਵਿੰਦਰ ਸਿੰਘ ਪੱਪੂ, ਲੈਕ. ਵਰਿੰਦਰ ਕਟਾਰੀਆ, ਰਵੀ ਅਰੋੜਾ, ਰਵਿੰਦਰ ਕੁਮਾਰ, ਡਾ. ਰਮਨ ਕੁਮਾਰ, ਮੋਹਨ ਲਾਲ ਕਟਾਰੀਆ ਆਦਿ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਇਸ ਤੋਂ ਇਲਾਵਾ ਸੋਸਾਇਟੀ ਦੇ ਹੋਰ ਮੈਂਬਰਾਂ ਮਨਮੋਹਨ ਕ੍ਰਿਸ਼ਨ, ਰਾਮ ਬਹਾਦੁਰ, ਬਾਲ ਕ੍ਰਿਸ਼ਨ, ਅਵਤਾਰ ਕ੍ਰਿਸ਼ਨ ਆਦਿ ਨੇ ਇਸ ਸਮਰ ਕੈਂਪ ਵਿੱਚ ਵੱਡਮੁੱਲਾ ਯੋਗਦਾਨ ਪਾਇਆ।ਸਮਰ ਕੈਂਪ ਵਿੱਚ ਵੱਡੀ ਗਿਣਤੀ 'ਚ ਵਿਦਿਆਰਥੀਆਂ ਦੇ ਮਾਪਿਆਂ ਤੇ ਹੋਰ ਦਰਸ਼ਕਾਂ ਨੇ ਹਿੱਸਾ ਲਿਆ।

# ਕੇਜਰੀਵਾਲ ਨਾਲ ਸਿਆਸੀ ਬਦਲਾਖੋਰੀ ਵਰਤ ਰਹੀ ਹੈ ਭਾਜਪਾ ਸਰਕਾਰ : ਹੈਪੀ ਗਰਗ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-'ਆਪ' ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਮੰਗਲਵਾਰ ਰਾਤ ਨੂੰ ਸੀਬੀਆਈ ਵੱਲੋਂ ਕੀਤੀ ਗਈ ਗ੍ਰਿਫ਼ਤਾਰੀ 'ਤੇ ਆਮ ਆਦਮੀ ਪਾਰਟੀ ਦੇ ਬਲਾਕ ਸ਼ਹਿਰੀ ਪ੍ਰਧਾਨ ਐਡਵੋਕੇਟ ਹੈਪੀ ਗਰਗ ਨੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਹ ਭਾਜਪਾ ਸਰਕਾਰ ਦਾ ਗੈਰ-ਜਮਹੂਰੀ ਤੇ ਗੈਰ-ਸੰਵਿਧਾਨਕ ਕਦਮ ਹੈ।ਉਨ੍ਹਾ ਕਿਹਾ ਕਿ ਭਾਜਪਾ ਸਿਆਸੀ ਬਦਲਾਖੋਰੀ ਤਹਿਤ ਆਮ ਆਦਮੀ ਪਾਰਟੀ ਖ਼ਿਲਾਫ਼ ਕੰਮ ਕਰ ਰਹੀ ਹੈ। ਭਾਜਪਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸੇ ਵੀ ਤਰੀਕੇ ਨਾਲ ਆਮ ਆਦਮੀ ਪਾਰਟੀ ਨੂੰ ਖ਼ਤਮ ਕਰਨਾ ਚਾਹੁੰਦੇ ਹਨ।ਇਸ ਲਈ ਮੋਦੀ ਸਰਕਾਰ ਅਰਵਿੰਦ ਕੇਜਰੀਵਾਲ ਤੇ 'ਆਪ' ਆਗੂਆਂ ਖ਼ਿਲਾਫ਼ ਦੇਸ਼ ਦੀਆਂ ਜਾਂਚ ਏਜੰਸੀਆਂ ਦੀ ਗ਼ਲਤ ਵਰਤੋਂ ਕਰ ਰਹੀ ਹੈ।

ਉਨ੍ਹਾ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਹੇਠਲੀ ਅਦਾਲਤ ਤੋਂ ਜ਼ਮਾਨਤ ਮਿਲਣ ਤੋਂ ਬਾਅਦ, ਜਿਸ ਤਰ੍ਹਾਂ ਈ ਡੀ ਨੇ ਫ਼ੌਰੀ ਤੌਰ 'ਤੇ ਫ਼ੈਸਲੇ ਦੀ ਕਾਪੀ ਨਾ ਮਿਲਣ 'ਤੇ ਹਾਈ ਕੋਰਟ ਤੱਕ ਪਹੁੰਚ ਕੀਤੀ ਹੈ, ਉਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਇਹ ਸਭ ਕੁਝ ਪ੍ਰਧਾਨ ਮੰਤਰੀ ਮੋਦੀ ਤੇ ਭਾਜਪਾ ਦੇ ਇਸ਼ਾਰੇ 'ਤੇ ਹੋ ਰਿਹਾ ਹੈ।ਉਨ੍ਹਾ ਕਿਹਾ ਕਿ ਇਸ ਮਾਮਲੇ ਦੇ ਮੁੱਖ ਮੁਲਜ਼ਮ ਰਾਘਵ ਰੈਡੀ ਤੇ ਸ਼ਰਦਚੰਦਰ ਰੈਡੀ ਨਾਲ ਭਾਜਪਾ ਦੇ ਸਬੰਧ ਹਨ।ਉਨ੍ਹਾਂ ਨੇ ਚੋਣ ਬਾਂਡ ਰਾਹੀਂ ਭਾਜਪਾ ਨੂੰ 60 ਕਰੋੜ ਰੁਪਏ ਦੇ ਚੋਣ ਫੰਡ ਦਿੱਤੇ ਹਨ।ਉਨ੍ਹਾਂ ਕਿਹਾ ਕਿ ਭਾਜਪਾ ਨੂੰ ਫੰਡ ਦੇਣ ਵਾਲੇ ਵਿਅਕਤੀ ਦੇ ਬਿਆਨ ਦੇ ਆਧਾਰ 'ਤੇ ਈ ਡੀ ਨੇ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਹੈ।ਉਨ੍ਹਾਂ ਨੇ ਰਾਘਵ ਰੈਡੀ ਦੇ ਪਿਤਾ ਨੂੰ ਲੋਕ ਸਭਾ ਟਿਕਟ ਵੀ ਦਿੱਤੀ ਹੈ।ਇਸ ਤੋਂ ਉਨ੍ਹਾਂ ਦੇ ਇਰਾਦੇ ਸਾਫ਼ ਦਿਖਾਈ ਦਿੰਦੇ ਹਨ।

ਉਨ੍ਹਾ ਕਿਹਾ ਕਿ ਭਾਜਪਾ ਕੁਝ ਵੀ ਕਰ ਲਵੇ, ਪਰ ਸਾਨੂੰ ਪੂਰਾ ਭਰੋਸਾ ਹੈ ਕਿ ਸਾਨੂੰ ਅਦਾਲਤ ਤੋਂ ਨਿਆਂ ਜ਼ਰੂਰ ਮਿਲੇਗਾ।ਜਲਦੀ ਹੀ ਅਰਵਿੰਦ ਕੇਜਰੀਵਾਲ ਇਸ ਮਾਮਲੇ 'ਚ ਬੇਕਸੂਰ ਸਾਬਿਤ ਹੋ ਜਾਣਗੇ ਅਤੇ ਉਨ੍ਹਾਂ ਨੂੰ ਜ਼ਮਾਨਤ ਮਿਲ ਜਾਵੇਗੀ ਤੇ ਭਾਜਪਾ ਦੀ ਸਾਜ਼ਿਸ਼ ਲੋਕਾਂ ਸਾਹਮਣੇ ਆ ਜਾਵੇਗੀ।

# ਅਕਾਸ਼ਦੀਪ ਸਿੰਘ ਵੱਲੋਂ ਸੰਪਾਦਤ ਕਿਤਾਬ 'ਛੰਦਸਿੰਮ੍ਰਿਤ' ਲੋਕ ਅਰਪਣ



**ਮਾਨਸਾ (ਆਤਮਾ ਸਿੰਘ ਪਮਾਰ)**-ਅਕਾਸ਼ਦੀਪ ਸਿੰਘ ਵੱਲੋਂ ਸੰਪਾਦਤ ਕਿਤਾਬ 'ਛੰਦਸਿੰਮ੍ਰਿਤ' ਸਥਾਨਕ ਜ਼ਿਲ੍ਹਾ ਭਾਸ਼ਾ ਦਫ਼ਤਰ ਵਿਖੇ ਲੋਕ ਅਰਪਣ ਕੀਤੀ ਗਈ।ਇਸ ਕਿਤਾਬ ਵਿੱਚ ਲੱਖਾ ਸਿੰਘ ਅੱਕਾਂਵਾਲੀ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਨੂੰ ਛੰਦਬੱਧ ਕੀਤਾ ਹੈ।ਸਮਾਰੋਹ ਦੌਰਾਨ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਕਹਾਣੀਕਾਰ ਦਰਸ਼ਨ ਜੋਗਾ, ਗੁਰਮੇਲ ਕੌਰ ਜੋਸ਼ੀ, ਮਿੱਠੂ ਸਿੰਘ ਅੱਕਾਂਵਾਲੀ ਤੇ ਪਰਮਜੀਤ ਭੋਗਲ ਤੋਂ ਇਲਾਵਾ ਕੁਲਦੀਪ ਚੌਹਾਨ, ਹਰਦੀਪ ਜਟਾਣਾ, ਭੁਪਿੰਦਰ ਫੌਜੀ, ਅਮਰੀਕ ਭੀਖੀ ਨੇ ਕਿਤਾਬ 'ਛੰਦਸਿੰਮ੍ਰਿਤ' ਬਾਰੇ ਸੰਖੇਪ ਚਰਚਾ ਵੀ ਕੀਤੀ ਗਈ।ਜ਼ਿਲ੍ਹਾ ਭਾਸ਼ਾ ਅਫ਼ਸਰ ਤੇਜਿੰਦਰ ਕੌਰ ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਕਿਹਾ।ਮੰਚ ਸੰਚਾਲਨ ਜਗਜੀਵਨ ਆਲੀਕੇ ਵੱਲੋਂ ਕੀਤਾ ਗਿਆ।ਇਸ ਮੌਕੇ ਮਿੱਠੂ ਸਿੰਘ ਤੇ ਬਲਦੇਵ ਸਿੰਘ ਨੇ ਕਿਤਾਬ ਵਿੱਚੋਂ ਕੁਝ ਛੰਦ ਵੀ ਸੁਣਾਏ।ਕਿਤਾਬ ਦੇ ਸੰਪਾਦਕ ਅਕਾਸ਼ਦੀਪ ਸਿੰਘ ਨੇ ਦੱਸਿਆ ਕਿ ਇਹ ਕਿਤਾਬ ਸਾਡੇ ਰਵਾਇਤੀ ਸਾਹਿਤ ਨੂੰ ਸਾਂਭਣ ਦਾ ਯਤਨ ਹੈ ਅਤੇ ਮੈਂ ਇਸ ਦਾ ਮਾਧਿਅਮ ਬਣਿਆ ਹਾਂ।ਸਮਾਗਮ ਵਿੱਚ ਬਿੱਟੂ ਮਾਨਸਾ, ਪ੍ਰੋ. ਸੁਪਨਦੀਪ ਕੌਰ, ਪ੍ਰੋ. ਸੀਮਾ ਜਿੰਦਲ, ਕੁਲਜੀਤ ਸਿੰਘ, ਬੂਟਾ ਸਿੰਘ ਤੋਂ ਇਲਾਵਾ ਅਕਾਸ਼ਦੀਪ ਸਿੰਘ ਦਾ ਸਮੁੱਚਾ ਪਰਵਾਰ ਵੀ ਸ਼ਾਮਲ ਸੀ।

# ਵਿਕਾਸ ਮਿਸ਼ਨ ਨੇ ਏ ਡੀ ਸੀ ਨੂੰ ਸ਼ਹਿਰੀ ਮਾਮਲਿਆਂ ਬਾਰੇ ਦਿੱਤਾ ਮੰਗ ਪੱਤਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਇੱਕ ਉੱਚ ਪੱਧਰੀ ਵਫ਼ਦ ਨੇ ਮਿਸ਼ਨ ਮੁਖੀ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਏ.ਡੀ.ਸੀ. ਸੰਜੀਵ ਸ਼ਰਮਾ ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ।ਵਫ਼ਦ ਵਿੱਚ ਮਿਸ਼ਨ ਦੇ ਚੇਅਰਮੈਨ ਨਿਰੰਜਣ ਸਿੰਘ ਰੱਖਰਾ ਸਮੇਤ ਪ੍ਰਦੀਪ ਧੂੜੀਆ, ਡਾ: ਸੁਰਿੰਦਰ ਗਿਰਧਰ, ਚੌ: ਬਲਬੀਰ ਸਿੰਘ, ਡਾ: ਸੰਜੀਵ ਮਿੱਢਾ, ਰਾਜੇਸ਼ ਗਿਰਧਰ, ਓ. ਪੀ. ਖਿੱਚੀ, ਬਲਜੀਤ ਸਿੰਘ, ਮਨੋਹਰ ਲਾਲ ਹਕਲਾ ਤੇ ਨਰਿੰਦਰ ਕਾਕਾ ਆਦਿ ਸ਼ਾਮਲ ਸਨ।ਮਿਸ਼ਨ ਵੱਲੋਂ ਡਿਪਟੀ ਕਮਿਸ਼ਨਰ ਨਾਲ ਸਥਾਨਕ ਕੋਟਕਪੂਰਾ ਰੋਡ ਤੇ ਫਿਰੋਜ਼ਪੁਰ ਰੋਡ 'ਤੇ ਬਣੇ ਯਾਦਗਾਰੀ ਗੇਟਾਂ ਦੀ ਖਸਤਾ ਹਾਲਤ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ।ਮਿਸ਼ਨ ਵੱਲੋਂ ਕਿਹਾ ਗਿਆ ਕਿ ਜੇਕਰ ਇਨ੍ਹਾਂ ਗੇਟਾਂ ਦੀ ਸਮੇਂ ਸਿਰ ਦੇਖ ਭਾਲ ਤੇ ਮੁਰੰਮਤ ਆਦਿ ਨਾ ਕੀਤੀ ਗਈ ਤਾਂ ਕਿਸੇ ਵੇਲੇ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ।ਇਸੇ ਤਰ੍ਹਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਬਣੇ ਡਾਕਟਰ ਅੰਬੇਡਕਰ ਪਾਰਕ ਦੀ ਦੁਰਦਸ਼ਾ ਤੇ ਕਈ ਮਹੀਨਿਆਂ ਤੋਂ ਟੁੱਟੇ ਹੋਏ ਗੇਟ ਬਾਰੇ ਵੀ ਮਾਮਲਾ ਡੀ. ਸੀ. ਦੇ ਧਿਆਨ ਵਿੱਚ ਲਿਆਂਦਾ।ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਇਸ ਪਾਰਕ ਦੀ ਦੇਖ-ਭਾਲ ਦਾ ਜ਼ਿੰਮਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਨਿੱਜੀ ਯੂਨੀਵਰਸਿਟੀ ਨੂੰ ਦਿੱਤਾ ਗਿਆ ਹੈ।ਉਸ ਯੂਨੀਵਰਸਿਟੀ ਨੇ ਪਾਰਕ ਵਿੱਚ ਆਪਣੇ ਨਾਮ ਦੇ ਤਾਂ ਤਿੰਨ ਬੋਰਡ ਲਗਾਏ ਹੋਏ ਹਨ, ਪ੍ਰੰਤੂ ਡਾਕਟਰ ਅੰਬੇਡਕਰ ਦੇ ਨਾਮ ਨੂੰ ਦਰਸਾਉਂਦਾ ਇੱਕ ਵੀ ਬੋਰਡ ਨਹੀਂ ਲਗਾਇਆ।ਇਸੇ ਤਰ੍ਹਾਂ ਸਥਾਨਕ ਮਲੋਟ ਰੋਡ ਸਥਿਤ ਮੇਨ ਬੱਸ ਸਟੈਂਡ ਦੇ ਸਾਹਮਣੇ ਡਾਕਟਰ ਅੰਬੇਡਕਰ ਚੌਕ ਬਣਾਉਣ ਤੇ ਉੱਥੇ ਡਿਸਪਲੇ ਬੋਰਡ ਲਗਾਉਣ ਦੀ ਮੰਗ ਵੀ ਕੀਤੀ ਗਈ।ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਸ਼ਹਿਰ ਅੰਦਰ ਹਜ਼ਾਰਾਂ ਦੀ ਗਿਣਤੀ ਵਿੱਚ ਚੱਲ ਰਹੇ ਆਟੋ ਤੇ ਈ-ਰਿਕਸ਼ਾ ਚਾਲਕਾਂ ਵੱਲੋਂ ਸ਼ਰੇਆਮ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਏ ਜਾਣ ਦਾ ਮਾਮਲਾ ਵੀ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆ ਕੇ ਢੁੱਕਵੀਂ ਕਾਰਵਾਈ ਦੀ ਮੰਗ ਕੀਤੀ ਗਈ।ਇਸੇ ਤਰ੍ਹਾਂ ਸ਼ਹਿਰ ਦੇ ਰੈੱਡ ਕਰਾਸ ਭਵਨ ਦੇ ਨਜ਼ਦੀਕ ਬਣੀਆਂ ਰੈੱਡ ਕਰਾਸ ਦੀਆਂ ਦੁਕਾਨਾਂ ਦੇ ਕਿਰਾਏਦਾਰਾਂ ਵੱਲੋਂ ਆਮ ਲੋਕਾਂ ਦੇ ਵਰਤਣ ਲਈ ਬਣਾਏ ਗਏ ਫੁੱਟਪਾਥ ਤੇ ਵਰਾਂਡਿਆਂ ਉਪਰ ਨਜਾਇਜ਼ ਕਬਜ਼ਾ ਧਾਰਕਾਂ ਵਿਰੁੱਧ ਕਾਰਵਾਈ ਦੀ ਮੰਗ ਵੀ ਮਿਸ਼ਨ ਵੱਲੋਂ ਕੀਤੀ ਗਈ।ਵਿਦਿਆਰਥੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਡੀ.ਏ.ਵੀ. ਸਕੂਲ ਨੇੜਲੇ ਫਾਟਕ ਕੋਲ ਪੁਲਸ ਦਾ ਪੱਕਾ ਪ੍ਰਬੰਧ ਕੀਤੇ ਜਾਣ ਦੀ ਮੰਗ ਕੀਤੀ ਗਈ ਤਾਂ ਜੋ ਇੱਥੋਂ ਟ੍ਰੈਫਿਕ ਸੁਚਾਰੂ ਢੰਗ ਨਾਲ ਨਿਕਲ ਸਕੇ।ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਬਣੇ ਮੁਕਤੇ-ਮਿਨਾਰ ਪਾਰਕ ਵਿੱਚ ਕੁਝ ਨਸ਼ੇੜੀਆਂ ਨੂੰ ਇਸ ਜਗ੍ਹਾ 'ਤੇ ਨਸ਼ੇ ਦੀ ਵਰਤੋਂ ਕਰਨ ਤੋਂ ਰੋਕਣ ਸਬੰਧੀ ਢੁੱਕਵੇਂ ਕਦਮ ਉਠਾਏ ਜਾਣ।ਇਸ ਤੋਂ ਇਲਾਵਾ ਮਿਸ਼ਨ ਵੱਲੋਂ ਬਾਵਾ ਕਲੋਨੀ ਦੀ ਇੱਕ ਨੰਬਰ ਗਲੀ ਦੇ ਨੀਵੇਂ ਹਿੱਸੇ ਤੇ ਸੀਵਰੇਜ ਓਵਰਫਲੋ ਦਾ ਮਾਮਲਾ ਵੀ ਏ.ਡੀ.ਸੀ. ਦੇ ਧਿਆਨ ਵਿੱਚ ਲਿਆਂਦਾ ਗਿਆ ਅਤੇ ਉਕਤ ਮੰਗਾਂ ਬਾਰੇ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ।ਬੇਹੱਦ ਹਮਦਰਦੀ ਪੂਰਨ ਤੇ ਸਦਭਾਵਨਾ ਭਰੇ ਮਾਹੌਲ ਵਿੱਚ ਹੋਈ ਇਸ ਮੁਲਾਕਾਤ ਦੌਰਾਨ ਸ੍ਰੀ ਸ਼ਰਮਾ ਨੇ ਮਿਸ਼ਨ ਦੀ ਗੱਲਬਾਤ ਨੂੰ ਬੜੀ ਗੰਭੀਰਤਾ ਨਾਲ ਸੁਣਿਆ ਤੇ ਇਸ ਸਬੰਧੀ ਢੁੱਕਵੀਂ ਕਾਰਵਾਈ ਕਰਨ ਦਾ ਵਿਸ਼ਵਾਸ ਦਿਵਾਇਆ ਅਤੇ ਮੌਕੇ ਉਪਰ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਕੇ ਪੰਦਰਾਂ ਦਿਨ ਅੰਦਰ ਐਕਸ਼ਨ ਟੇਕਨ ਰਿਪੋਰਟ ਦੇਣ ਲਈ ਕਿਹਾ।

# ਐੱਫ ਸੀ ਆਈ ਵਰਕਰਾਂ ਵੱਲੋਂ ਟਰੱਸਟ ਨੂੰ ਸਹਿਯੋਗ ਦੇਣ ਦਾ ਐਲਾਨ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਵਿਤਰੀ ਬਾਈ ਫੂਲੇ ਤੇ ਬਾਬਾ ਭੀਮ ਰਾਓ ਅੰਬੇਡਕਰ ਸਿੱਖਿਆ ਟਰੱਸਟ (ਰਜਿ:) ਪੰਜਾਬ ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਧੂਰੀ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦਿਨੀਂ ਐੱਫ ਸੀ ਆਈ ਦੇ ਵੱਡੀ ਗਿਣਤੀ ਵਿੱਚ ਵਰਕਰਾਂ ਵੱਲੋਂ ਟਰੱਸਟ ਦੀ ਕਾਰਗੁਜ਼ਾਰੀ ਦੀ ਹਮਾਇਤ ਕਰਦਿਆਂ ਟਰੱਸਟ ਦਾ ਸਹਿਯੋਗ ਕਰਨ ਦਾ ਐਲਾਨ ਕੀਤਾ ਅਤੇ ਲੋੜਵੰਦ ਲੋਕਾਂ ਲਈ ਯੋਗ ਸਹਾਇਤਾ ਕਰਨ ਦਾ ਵੀ ਭਰੋਸਾ ਦਿਵਾਇਆ ਗਿਆ।ਇਸ ਤੋਂ ਇਲਾਵਾ ਸਾਰੇ ਵਰਕਰਾਂ ਵੱਲੋਂ ਸਰਬਸੰਮਤੀ ਨਾਲ ਵਰਕਰਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰਨ ਵਾਸਤੇ ਇੱਕ ਕਮੇਟੀ ਦਾ ਗਠਨ ਕੀਤਾ ਗਿਆ।ਇਸ ਦੌਰਾਨ ਸ: ਸਰਵਨ ਸਿੰਘ ਮੱਤਾ ਨੂੰ ਪ੍ਰਧਾਨ ਤੇ ਸ: ਮੱਘਰ ਸਿੰਘ ਭਦੌੜ ਨੂੰ ਮੀਤ ਪ੍ਰਧਾਨ ਤੇ ਮੰਦਰ ਸਿੰਘ ਪਿੰਡ ਕੁਹਾਰ ਵਾਲਾ ਨੂੰ ਜਨ: ਸਕੱਤਰ ਬਣਾਇਆ ਗਿਆ ਅਤੇ ਨਛੱਤਰ ਸਿੰਘ ਪਿੰਡ ਜੀਦਾ ਖ਼ਜ਼ਾਨਚੀ ਚੁਣਿਆ ਗਿਆ। ਇਨ੍ਹਾਂ ਇਲਾਵਾ ਕੌਰ ਸਿੰਘ ਪਿੱਪਲੀ, ਬੂਟਾ ਸਿੰਘ ਨਹੀਆਂ ਵਾਲਾ ਵਗੈਰਾ ਨੂੰ ਸਰਬਸੰਮਤੀ ਨਾਲ ਮੈਂਬਰ ਚੁਣਿਆ ਗਿਆ।ਇਸ ਤੋਂ ਬਾਅਦ ਕਮੇਟੀ ਵਿੱਚ ਚੁਣੇ ਗਏ ਸਾਰੇ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਗਈ ਅਤੇ ਕਮੇਟੀ ਵੱਲੋਂ ਅੱਗੇ ਵਾਸਤੇ ਬਿਨਾਂ ਭੇਦ ਭਾਵ ਤੋਂ ਸੇਵਾ ਕਰਨ ਤੇ ਉਕਤ ਟਰੱਸਟ ਦੇ ਦਿਸ਼ਾ ਨਿਰਦੇਸ਼ਾਂ ਅਤੇ ਕਾਨੂੰਨ ਅਨੁਸਾਰ ਕਮੇਟੀ ਦੀਆਂ ਸੇਵਾਵਾਂ ਨਿਭਾਉਣ ਦਾ ਵਿਸ਼ਵਾਸ ਦਿਵਾਇਆ ਗਿਆ।

# ਸਕੱਤਰ ਵੱਲੋਂ ਐੱਸ ਟੀ ਐਫ ਨੂੰ ਨਸ਼ਿਆਂ ਦੇ ਵੱਡੇ ਤਸਕਰਾਂ ਖਿਲਾਫ਼ ਕਾਰਵਾਈ ਹੋਰ ਤੇਜ਼ ਕਰਨ ਦੇ ਨਿਰਦੇਸ਼

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਨਸ਼ਿਆਂ ਦੀ ਅਲਾਮਤ ਨੂੰ ਠੱਲ੍ਹ ਪਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜਾਰੀ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ।ਨਾਰਕੋ ਕੋਆਰਡੀਨੇਸ਼ਨ ਸੈਂਟਰ (ਐਨ-ਕੌਰਡ) ਦੀ ਸੂਬਾ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਸਕੱਤਰ ਵਰਮਾ ਨੇ ਪੰਜਾਬ ਪੁਲਸ ਦੀ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਨੂੰ ਵੱਡੇ ਪੱਧਰ 'ਤੇ ਨਸ਼ਿਆ ਦਾ ਵਪਾਰ ਕਰਨ ਵਾਲੇ ਨਸ਼ਾ ਤਸਕਰਾਂ ਤੇ ਪੈਨੀ ਨਜ਼ਰ ਰੱਖਣ ਅਤੇ ਉਨ੍ਹਾਂ ਵੱਲੋਂ ਕੀਤੇ ਅਪਰਾਧਾਂ ਲਈ ਸਖ਼ਤ ਸਜ਼ਾ ਯਕੀਨੀ ਬਣਾਉਣ ਵਾਸਤੇ ਕਿਹਾ । ਉਨ੍ਹਾਂ ਕਿਹਾ ਕਿ ਆਦਤਨ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਇਸ ਐਕਟ ਦੀਆਂ ਸਖ਼ਤ ਧਾਰਾਵਾਂ ਬਾਰੇ ਪ੍ਰਚਾਰ ਕਰਨਾ ਸਮੇਂ ਦੀ ਲੋੜ ਹੈ। ਵਰਮਾ ਨੇ ਜਾਂਚ ਅਧਿਕਾਰੀਆਂ/ਜ਼ਿਲ੍ਹਾ ਅਟਾਰਨੀ ਅਫ਼ਸਰਾਂ ਨੂੰ ਪ੍ਰਭਾਵੀ ਸਿਖਲਾਈ ਦੇਣ ਦੀ ਵਕਾਲਤ ਕੀਤੀ ਤਾਂ ਜੋ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਤੋਂ ਸਖ਼ਤ ਸਜ਼ਾ ਯਕੀਨੀ ਬਣਾਈ ਜਾ ਸਕੇ।ਮੁੱਖ ਸਕੱਤਰ ਨੇ ਕਿਹਾ ਕਿ ਅਧਿਕਾਰੀ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕਰਨ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ। ਵਰਮਾ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਨੂੰ ਆਮ ਲੋਕਾਂ ਦੇ ਸਹਿਯੋਗ ਨਾਲ ਲੋਕ ਲਹਿਰ ਬਣਾਇਆ ਜਾਵੇ। ਸਬੰਧਤ ਵਿਭਾਗਾਂ ਅਤੇ ਕੇਂਦਰੀ ਤੇ ਸੂਬਾਈ ਏਜੰਸੀਆਂ ਦਰਮਿਆਨ ਬਿਹਤਰ ਤਾਲਮੇਲ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਵਿਸਥਾਰਤ ਐਸ.ਓ.ਪੀ. ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ।ਨਸ਼ਾਖੋਰੀ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਦੀ ਸੰਧਿਆ ਮੌਕੇ ਨਸ਼ਿਆਂ ਵਿਰੁੱਧ ਜੰਗ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਮੁੱਖ ਸਕੱਤਰ ਨੇ ਇਹ ਵੀ ਕਿਹਾ ਕਿ ਜਾਂਚ ਕਾਰਵਾਈ ਦੌਰਾਨ ਸਬੰਧਤ ਅਧਿਕਾਰੀ ਆਪਣੇ ਕੋਲ ਐਸ.ਓ.ਪੀ. ਦੀ ਚੈਕ ਲਿਸਟ ਰੱਖਣ ਅਤੇ ਰਿਪੋਰਟ ਨੂੰ ਅੰਤਿਮ ਰੂਪ ਦੇਣ ਸਮੇਂ ਚੁੱਕੇ ਗਏ ਸਾਰੇ ਕਦਮਾਂ ਨੂੰ ਨਿਸ਼ਾਨ ਲਗਾ ਕੇ ਉਜਾਗਰ ਕਰਨ। ਉਨ੍ਹਾਂ ਕਿਹਾ ਕਿ ਵਾਰ-ਵਾਰ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕੈਮਿਸਟਾਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਉਂਦਿਆਂ ਉਨ੍ਹਾਂ ਦੇ ਲਾਇਸੈਂਸ ਰੱਦ ਕੀਤੇ ਜਾਣ। ਉਨ੍ਹਾਂ ਅੱਗੇ ਦੱਸਿਆ ਕਿ ਲਗਭਗ 30,000 ਰਿਟੇਲ ਸੇਲ ਅਤੇ ਹੋਲਸੇਲ ਕੈਮਿਸਟਾਂ ਵਿੱਚੋਂ ਸਿਰਫ 134 ਹੋਲਸੇਲ ਕੈਮਿਸਟਾਂ ਅਤੇ 463 ਰਿਟੇਲ ਸੇਲ ਕੈਮਿਸਟਾਂ ਨੂੰ ਪਾਬੰਦੀਸ਼ੁਦਾ ਦਵਾਈਆਂ ਰੱਖਣ ਅਤੇ ਵੇਚਣ ਦੀ ਇਜਾਜ਼ਤ ਦਿੱਤੀ ਗਈ ਹੈ। ਵਰਮਾ ਨੇ ਕਿਹਾ ਕਿ ਸਕੂਲਾਂ ਕਾਲਜਾਂ ਵਿੱਚ ਖੇਡ ਗਤੀਵਿਧੀਆਂ ਨੂੰ ਪ੍ਰਫੁੱਲਤ ਕਰਨ ਦੇ ਨਾਲ-ਨਾਲ ਵੱਡੇ ਪੱਧਰ 'ਤੇ ਜਾਗਰੂਕਤਾ ਗਤੀਵਿਧੀਆਂ ਸ਼ੁਰੂ ਕੀਤੀਆਂ ਜਾਣ। ਵਰਮਾ ਨੇ ਕਰ ਵਿਭਾਗ ਨੂੰ ਪਾਬੰਦੀਸ਼ੁਦਾ ਵਸਤੂਆਂ ਲਿਆਉਣ-ਲਿਜਾਣ ਵਾਲੇ ਟਰੱਕਾਂ ਦੀ ਆਵਾਜਾਈ ਨੂੰ ਨਿਯਮਤ ਕਰਨ ਲਈ ਜੀ.ਐਸ.ਟੀ.ਆਈ.ਐਨ. ਅਤੇ ਈ ਵੇਅ ਬਿੱਲਾਂ ਦੀ ਪੜਤਾਲ ਕਰਨ ਦੇ ਨਿਰਦੇਸ਼ ਵੀ ਦਿੱਤੇ।

ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਪੱਧਰ ਤੇ ਸਾਰੀਆਂ ਏਜੰਸ਼ੀਆਂ ਵਿਚਕਾਰ ਬਿਹਤਰ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਨਿਯਮਤ ਤੌਰ 'ਤੇ ਜ਼ਿਲ੍ਹਾ ਪੱਧਰੀ ਐਨ-ਕੌਰਡ ਮੀਟਿੰਗਾਂ ਹੋਣੀਆਂ ਚਾਹੀਦੀਆਂ ਹਨ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਵਿਸ਼ੇਸ਼ ਮੁੱਖ ਸਕੱਤਰ ਰੈਵੈਨਿਊ ਕੇ.ਏ.ਪੀ. ਸਿਨਹਾ, ਵਧੀਕ ਮੁੱਖ ਸਕੱਤਰ ਆਬਕਾਰੀ ਤੇ ਕਰ ਵਿਕਾਸ ਪ੍ਰਤਾਪ, ਡੀ ਜੀ ਪੀ ਗੌਰਵ ਯਾਦਵ, ਗ੍ਰਹਿ ਸਕੱਤਰ ਗੁਰਕਿਰਤ ਕ੍ਰਿਪਾਲ ਸਿੰਘ, ਵਿਸ਼ੇਸ਼ ਡੀ ਜੀ ਪੀ ਸਪੈਸ਼ਲ ਟਾਸਕ ਫੋਰਸ ਕੁਲਦੀਪ ਸਿੰਘ, ਸਕੱਤਰ ਸਿਹਤ ਅਜੋਏ ਸ਼ਰਮਾ, ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਨੈ ਬੁਬਲਾਨੀ, ਗ੍ਰਹਿ ਸਕੱਤਰ ਜਸਵਿੰਦਰ ਕੌਰ, ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਸ਼ੇਨਾ ਅੱਗਰਵਾਲ, ਡਾਇਰੈਕਟਰ ਐਸ.ਸੀ.ਈ.ਆਰ.ਟੀ ਅਤੇ ਡਾਇਰੈਕਟਰ ਐਲੀਮੈਂਟਰੀ ਐਜੂਕੇਸ਼ਨ ਅਮਨਿੰਦਰ ਕੌਰ ਬਰਾੜ, ਵਿਸ਼ੇਸ਼ ਸਕੱਤਰ ਗ੍ਰਹਿ ਅਮਨਦੀਪ ਕੌਰ, ਜ਼ੋਨਲ ਡਾਇਰੈਕਟਰ ਐਨ ਸੀ ਬੀ ਚੰਡੀਗੜ੍ਹ ਅਮਨਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਕੇਂਦਰੀ ਏਜੰਸੀਆਂ ਦੇ ਨੁਮਾਇੰਦੇ ਹਾਜ਼ਰ ਸਨ।

# ਚੱਕ ਬਾਹਮਣੀਆਂ ਦੇ ਟੋਲ ਦਾ ਧਰਨਾ ਛੱਬੀਵੇਂ ਦਿਨ ਵੀ ਜਾਰੀ



**ਸ਼ਾਹਕੋਟ (ਗਿਆਨ ਸੈਦਪੁਰੀ)**-ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ),ਭਾਰਤੀ ਕਿਸਾਨ ਯੂਨੀਅਨ (ਤੋਤੇਵਾਲ), ਟਰੱਕ ਯੂਨੀਅਨ ਧਰਮਕੋਟ ਅਤੇ ਸ਼ਾਹਕੋਟ ਵੱਲੋਂ ਚੱਕ ਬਾਹਮਣੀਆਂ ਦੇ ਟੋਲ ਪਲਾਜ਼ਾ ਉੱਪਰ ਲਗਾਇਆ ਸਾਂਝਾ ਧਰਨਾ ਵੀਰਵਾਰ ਛੱਬੀਵੇਂ ਦਿਨ ਵੀ ਜਾਰੀ ਰਿਹਾ। ਧਰਨੇ ਨੂੰ ਸੰਬੋਧਨ ਕਰਦਿਆਂ ਬੀ.ਕੇ.ਯੂ ਏਕਤਾ (ਉਗਰਾਹਾਂ) ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਮੋਹਨ ਸਿੰਘ ਬੱਲ ਤੇ ਸਕੱਤਰ ਗੁਰਚਰਨ ਸਿੰਘ ਚਾਹਲ, ਬੀ.ਕੇ.ਯੂ (ਤੋਤੇਵਾਲ) ਦੇ ਸੂਬਾ ਪ੍ਰਧਾਨ ਸੁੱਖ ਗਿੱਲ ਅਤੇ ਟਰੱਕ ਯੂਨੀਅਨ ਧਰਮਕੋਟ ਦੇ ਪ੍ਰਧਾਨ ਸਤਵੀਰ ਸਿੰਘ ਸੱਤੀ ਅਤੇ ਟਰੱਕ ਯੂਨੀਅਨ ਸ਼ਾਹਕੋਟ ਵੱਲੋਂ ਬਲਵਿੰਦਰ ਸਿੰਘ ਨੇ ਕਿਹਾ ਕਿ ਧਰਨੇ ਵਿਚ ਰੋਜ਼ਾਨਾ ਹੀ ਅਨੇਕਾਂ ਕਿਸਾਨਾਂ, ਮਜ਼ਦੂਰਾਂ ਅਤੇ ਡਰਾਈਵਰਾਂ ਦੀ ਸ਼ਮੂਲੀਅਤ ਤੋਂ ਇਲਾਵਾ ਅਨੇਕਾਂ ਇਨਸਾਫ ਪਸੰਦ ਲੋਕਾਂ ਦੀ ਸ਼ਮੂਲੀਅਤ ਉਨ੍ਹਾਂ ਦੇ ਸੰਘਰਸ਼ ਨੂੰ ਬਹੁਤ ਵੱਡਾ ਬਲ ਪ੍ਰਦਾਨ ਕਰ ਰਹੀ ਹੈ। ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਫਾਜਿਲਵਾਲ, ਜਸਪਾਲ ਸਿੰਘ ਸੰਢਾਵਾਲ, ਮਨਜੀਤ ਸਿੰਘ ਸਾਬੀ, ਗੁਰਦੇਵ ਸਿੰਘ ਮਲਸੀਆਂ, ਲਖਵਿੰਦਰ ਸਿੰਘ, ਰਾਜਪਾਲ ਸਿੰਘ, ਚਮਕੌਰ ਸਿੰਘ, ਰਣਯੋਧ ਸਿੰਘ,ਮਹਿਲ ਸਿੰਘ,ਤਲਵਿੰਦਰ ਗਿੱਲ, ਡਾ. ਸਰਤਾਜ, ਲਾਡੀ, ਕਿੱਕਰ ਸਿੰਘ, ਮਲਕੀਤ ਸਿੰਘ, ਹਜ਼ੂਰਾ ਸਿੰਘ, ਗੁਰਬਖਸ਼ ਸਿੰਘ, ਤਜਿੰਦਰ ਸਿੰਘ, ਦਲਜੀਤ ਸਿੰਘ, ਲਾਡੀ, ਲਖਵਿੰਦਰ ਸਿੰਘ ਅਤੇ ਰਣਜੀਤ ਸਿੰਘ ਨੇ ਧਰਨੇ ਨੂੰ ਸੰਬੋਧਨ ਕੀਤਾ।

# ਜਨਤਕ ਜਥੇਬੰਦੀਆਂ ਪਹਿਲੀ ਜੁਲਾਈ ਨੂੰ ਯੂ ਏ ਪੀ ਏ ਤੇ ਤਿੰਨ ਫੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜਨਗੀਆਂ

**ਸ਼ਾਹਕੋਟ (ਗਿਆਨ ਸੈਦਪੁਰੀ)**-ਜਮਹੂਰੀ ਅਧਿਕਾਰ ਸਭਾ ਪੰਜਾਬ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਦੇ ਸੱਦੇ 'ਤੇ ਸਭਾ ਦੀ ਇਕਾਈ ਜ਼ਿਲ੍ਹਾ ਜਲੰਧਰ ਅਤੇ ਸੁਸਾਇਟੀ ਦੀ ਇਕਾਈ ਜ਼ੋਨ ਜਲੰਧਰ ਜ਼ਿਲ੍ਹੇ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਦੇ ਸਹਿਯੋਗ ਨਾਲ 1 ਜੁਲਾਈ ਨੂੰ ਡੀ.ਸੀ ਦਫਤਰ ਜਲੰਧਰ ਅੱਗੇ ਯੂ.ਏ.ਪੀ.ਏ ਸਮੇਤ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜਨਗੀਆਂ। ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਜਗਜੀਤ ਸਿੰਘ ਚੀਮਾ ਤੇ ਸਕੱਤਰ ਮੰਗਤ ਰਾਏ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਦੀ ਇਕਾਈ ਜ਼ੋਨ ਜਲੰਧਰ ਦੇ ਮੁਖੀ ਟਿੱਬਾ ਨੇ ਜਾਰੀ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਭਾਜਪਾ ਦੀ ਕੇਂਦਰੀ ਹਕੂਮਤ ਪਿਛਲੇ 10 ਸਾਲਾਂ ਤੋਂ ਯੂ.ਏ.ਪੀ.ਏ ਕਾਨੂੰਨ ਦੀ ਦੁਰਵਰਤੋਂ ਕਰਦੀ ਆ ਰਹੀ ਹੈ। ਮੋਦੀ ਸਰਕਾਰ ਨੇ ਤੀਜੀ ਵਾਰ ਸੱਤਾ ਸੰਭਾਲਦਿਆਂ ਹੀ ਉੱਘੀ ਲੇਖਕਾ, ਚਿੰਤਕ ਤੇ ਸਮਾਜਿਕ ਕਾਰਕੁੰਨ ਅਰੁੰਧਤੀ ਰਾਏ ਅਤੇ ਪ੍ਰੋ. ਸ਼ੇਖ ਸ਼ੌਕਤ ਹੁਸੈਨ ਉੱਪਰ ਯੂ.ਏ.ਪੀ.ਏ ਤਹਿਤ ਮੁਕੱਦਮਾ ਦਰਜ ਕਰਕੇ ਅਤੇ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ ਨੂੰ 1 ਜੁਲਾਈ ਤੋਂ ਲਾਗੂ ਕਰਨ ਦਾ ਐਲਾਨ ਕਰਕੇ ਆਪਣੇ ਭੈੜੇ ਮਨਸੂਬਿਆਂ ਨੂੰ ਉਜਾਗਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਨਤਕ ਜਥੇਬੰਦੀਆਂ ਦਾ ਸਾਂਝਾ ਬੜਾ ਉਸਾਰ ਕੇ ਸਾਂਝਾ ਸੰਘਰਸ਼ ਹੀ ਭਾਜਪਾ ਹਕੂਮਤ ਦੀ ਅਣਐਲਾਨੀ ਐਮਰਜੈਂਸੀ ਤੇ ਤਾਨਾਸ਼ਾਹੀ ਨੂੰ ਰੋਕ ਸਕਦਾ ਹੈ। ਸਭਾ ਤੇ ਸੁਸਾਇਟੀ ਦੀ ਪਹਿਲ ਕਦਮੀ 'ਤੇ ਜਨਤਕ ਜਥੇਬੰਦੀਆਂ ਵੱਲੋਂ 1 ਜੁਲਾਈ ਦਾ ਉਕਤ ਸੰਘਰਸ਼ ਪ੍ਰੋਗਰਾਮ ਉਲੀਕਿਆ ਗਿਆ ਹੈ। ਉਨ੍ਹਾਂ ਜ਼ਿਲ੍ਹੇ ਦੀਆਂ ਸਮੂਹ ਜਨਤਕ ਜਥੇਬੰਦੀਆਂ, ਇਨਸਾਫ ਪਸੰਦ ਤੇ ਧਰਮ ਨਿਰਪੱਖ ਸ਼ਕਤੀਆਂ ਨੂੰ ਅਪੀਲ ਕੀਤੀ ਕਿ ਉਹ 1 ਜੁਲਾਈ ਨੂੰ 10 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਵੱਡੀ ਗਿਣਤੀ ਵਿਚ ਪੁੱਜਣ ਤਾਂ ਕਿ ਇਕੱਠੇ ਹੋ ਕੇ ਹਾਲ ਤੋਂ ਡੀ.ਸੀ ਦਫਤਰ ਤੱਕ ਮੁਜ਼ਾਹਰਾ ਕਰਕੇ ਉਕਤ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾ ਸਕਣ।

# ਸਿੱਖਿਆ ਵਿਭਾਗ ਦੇ ਕੱਚੇ ਮੁਲਾਜ਼ਮਾਂ ਵੱਲੋਂ ਸਿੱਖਿਆ ਮੰਤਰੀ ਹਰਜੋਤ ਬੈਂਸ ਨੂੰ ਸਵਾਲ



**ਜਲੰਧਰ (ਰਾਜੇਸ਼ ਥਾਪਾ)**- ਭਗਵੰਤ ਮਾਨ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਦੀਆ ਮੰਗਾਂ ਮੰਨਣ ਦੇ ਬਾਵਜੂਦ ਲਾਗੂ ਨਾ ਹੋਣ ਤੇ ਮੁਲਾਜ਼ਮਾਂ ਦਾ ਸਰਕਾਰ ਖਿਲਾਫ ਰੋਸ ਵਧਦਾ ਜਾ ਰਿਹਾ ਹੈ। ਬੀਤੇ ਕੱਲ੍ਹ ਜਲੰਧਰ ਵਿਖੇ ਪਾਰਟੀ ਦੀ ਮੀਟਿੰਗ ਉਪਰੰਤ ਦਫਤਰੀ ਕਰਮਚਾਰੀਆ ਦੇ ਵਫਦ ਵੱਲੋਂ ਸਰਕਾਰ ਦੇ ਮੰਤਰੀਆਂ 'ਤੇ ਸਵਾਲਾਂ ਦੀ ਝੜੀ ਲਗਾ ਦਿੱਤੀ ਸੀ ਅਤੇ ਦੇਰ ਸ਼ਾਮ ਵਫਦ ਵੱਲੋਂ ਸਿੱਖਿਆ ਮੰਤਰੀ ਹਰਜੋਤ ਬੈਂਸ ਨੂੰ ਸਵਾਲ ਕੀਤੇ ਕਿ ਮੁੱਖ ਮੰਤਰੀ ਅਤੇ ਕੈਬਨਿਟ ਸਬ ਕਮੇਟੀ ਵੱਲੋਂ ਮੰਗਾਂ ਮੰਨਣ ਦੇ ਬਾਵਜੂਦ ਕਿਉਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ। ਸਿੱਖਿਆ ਵਿਭਾਗ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਕਿਉਂ ਕੈਂਚੀ ਚਲਾ ਰਿਹਾ ਹੈ, ਮੁਲਾਜ਼ਮਾਂ ਦਾ 1-4-2023 ਤੋਂ ਪਾਸ ਹੋਇਆ ਸਲਾਨਾ ਵਾਧਾ ਵੀ ਨਹੀ ਦਿੱਤਾ ਜਾ ਰਿਹਾ। ਪ੍ਰੈਸ ਬਿਆਨ ਜ਼ਾਰੀ ਕਰਦੇ ਹੋਏ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਸ਼ੋਭਿਤ ਭਗਤ, ਰਾਕੇਸ਼ ਕੁਮਾਰ, ਪੰਕਜ, ਸੋਹਨ ਲਾਲ ਨੇ ਕਿਹਾ ਕਿ ਮੁੱਖ ਮੰਤਰੀ ਦੇ ਫੈਸਲੇ ਤੋਂ ਬਾਅਦ ਕੈਬਨਿਟ ਸਬ ਕਮੇਟੀ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਤਨਖਾਹ ਕਟੌਤੀ ਦੂਰ ਕਰਨ ਦੇ ਫੈਸਲੇ ਲੈ ਕੇ 3 ਵਾਰ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਪਰ ਸੂਬੇ ਦੀ ਅਫਸਰਸ਼ਾਹੀ ਨੇ ਮੁਲਾਜ਼ਮਾਂ ਦੇ ਮਸਲਿਆਂ 'ਤੇ ਕੋਈ ਕਾਰਵਾਈ ਨਹੀ ਕੀਤੀ। ਆਗੂਆ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਰੈਗੂਲਰ ਤਾਂ ਕੀ ਕਰਨਾ ਸੀ ਉਲਟਾ ਬਿਨਾਂ ਕਿਸੇ ਪੱਤਰ ਦੇ ਮੁਲਾਜ਼ਮਾਂ ਦੀ 5000 ਰੁਪਏ ਪ੍ਰਤੀ ਮਹੀਨਾ ਤਨਖਾਹ 'ਤੇ ਕੁਹਾੜਾ ਚਲਾ ਦਿੱਤਾ ਗਿਆ ਹੈ ਅਤੇ ਅੱਜ ਤੱਕ ਤਨਖਾਹ ਕਟੌਤੀ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ। ਆਗੂਆ ਕਿਹਾ ਕਿ ਸਰਕਾਰ ਵੱਲੋਂ ਮੁਲਾਜ਼ਮਾਂ ਦੀਆ ਮੰਗਾਂ 'ਤੇ ਕੋਈ ਕਾਰਵਾਈ ਨਾ ਹੋਣ ਕਰਕੇ ਰੋਸ ਹੈ। ਆਗੂਆਂ ਕਿਹਾ ਕਿ ਦਫਤਰੀ ਮੁਲਾਜ਼ਮ ਸਰਕਾਰ ਅਤੇ ਆਪ ਪਾਰਟੀ ਦੀ ਹਰ ਮੀਟਿੰਗ ਵਿਚ ਪਹੁੰਚ ਕੇ ਸਵਾਲ ਕਰਨਗੇ ਅਤੇ ਮੁਲਾਜ਼ਮ ਆਪਣਾ ਰੋਸ ਜ਼ਾਹਰ ਕਰਨ ਲਈ ਜਲੰਧਰ ਜ਼ਿਮਨੀ ਚੋਣ ਦੌਰਾਨ 3 ਜੁਲਾਈ ਨੂੰ ਬਜ਼ਾਰਾਂ ਵਿਚ ਸਰਕਾਰ ਦੀਆ ਮੁਲਾਜ਼ਮ ਵਿਰੋਧੀ ਨੀਤੀਆਂ ਨੂੰ ਉਜਾਗਰ ਕਰਨਗੇ।

# ਪੀ ਸੀ ਐੱਮ ਐੱਸ ਡੀ ਕਾਲਜ ਵੱਲੋਂ ਹੈਂਡਜ਼ ਆਨ ਟਰੇਨਿੰਗ : ਐਡਵਾਂਸ ਐੱਮ ਐੱਸ-ਐਕਸਲ 'ਤੇ ਵਰਕਸ਼ਾਪ





**ਜਲੰਧਰ (ਇਕਬਾਲ ਸਿੰਘ ਉੱਭੀ)**- ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਦੇ ਪੀ ਜੀ ਡਿਪਾਰਟਮੈਂਟ ਆਫ ਕਾਮਰਸ ਐਂਡ ਮੈਨੇਜਮੈਂਟ ਦੇ ਸਹਿਯੋਗ ਨਾਲ ਪੀ ਜੀ ਡਿਪਾਰਟਮੈਂਟ ਆਫ ਆਈਟੀ ਐਂਡ ਕੰਪਿਊਟਰ ਸਾਇੰਸ ਨੇ ਹੈਂਡਸ-ਆਨ ਟਰੇਨਿੰਗ: ਐਡਵਾਂਸਡ ਐਮਐਸ-ਐਕਸਲ ਉੱਤੇ 4-ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ। ਵਰਕਸ਼ਾਪ, ਸੋਲਿਊਸ਼ਨ (ਇੱਕ ਆਈ ਟੀ ਕੰਪਨੀ) ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ। ਵਰਕਸ਼ਾਪ ਵਿੱਚ ਸ਼ਿਵਾਨੀ ਸ਼ਰਮਾ ਅਤੇ ਦੀਕਸ਼ਾ ਰਾਣਾ ਰਿਸੋਰਸ ਪਰਸਨ ਵਜੋਂ ਸ਼ਾਮਲ ਹੋਏ। ਦੋਵਾਂ ਟ੍ਰੇਨਰਾਂ ਨੇ ਉੱਨਤ ਤਕਨੀਕਾਂ 'ਤੇ ਡੂੰਘਾਈ ਨਾਲ ਸਿਖਲਾਈ ਦਿੱਤੀ। ਸਮਾਗਮ ਦੀ ਸ਼ੁਰੂਆਤ ਆਈ.ਟੀ ਵਿਭਾਗ ਦੀ ਮੁਖੀ ਸ਼ਿਵਾਨੀ ਸ਼ਰਮਾ ਦੇ ਸੁਆਗਤੀ ਭਾਸ਼ਣ ਨਾਲ ਹੋਈ। ਪ੍ਰੋਗਰਾਮ ਦਾ ਉਦੇਸ਼ ਨੌਕਰੀ ਦੇ ਹੁਨਰ ਨੂੰ ਵਧਾਉਣ ਲਈ ਵਿਹਾਰਕ ਅਨੁਭਵ ਦੀ ਪੇਸ਼ਕਸ਼ ਕਰਦੇ ਹੋਏ ਨਿਯਮਤ ਪਾਠਕ੍ਰਮ ਤੋਂ ਅੱਗੇ ਵਧਾਉਣਾ ਹੈ। ਵਰਕਸ਼ਾਪ ਦੀ ਸਮਾਪਤੀ 'ਤੇ ਡਾ. ਲਵਲੀ ਸ਼ਰਮਾ ਨੇ ਸਰੋਤ ਵਿਅਕਤੀਆਂ ਦੇ ਯਤਨਾਂ ਨੂੰ ਵਧਾਈ ਦਿੱਤੀ ਅਤੇ ਪ੍ਰਸ਼ੰਸਾ ਕੀਤੀ, ਵਿਦਿਆਰਥੀਆਂ ਨੂੰ ਭਵਿੱਖ ਦੇ ਲਾਭ ਲਈ ਹੋਰ ਤਕਨੀਕੀ ਵਰਕਸ਼ਾਪਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਵਰਕਸ਼ਾਪ ਦਾ ਆਯੋਜਨ ਡੀਨ ਡਾ. ਲਵਲੀ ਸ਼ਰਮਾ ਦੇ ਨਾਲ ਈਵੈਂਟ ਆਰਗੇਨਾਈਜ਼ਰਾਂ ਗਗਨਪ੍ਰੀਤ ਕੌਰ, ਜਸਪ੍ਰੀਤ ਕੌਰ, ਸ਼ਾਲਿਨੀ, ਸਿਮਰਨ, ਦੀਕਸ਼ਾ, ਦੀਨਾਕਸ਼ੀ ਅਤੇ ਸ਼੍ਰੀਮਤੀ ਰੋਹਿਨੀ ਦੁਆਰਾ ਕੀਤਾ ਗਿਆ। ਇਸ ਮੌਕੇ ਪ੍ਰਧਾਨ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਅਤੇ ਯੋਗ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਇਸ ਵਿੱਚ ਸ਼ਾਮਲ ਵਿਭਾਗਾਂ ਦੇ ਸਮਰਪਤ ਯਤਨਾਂ ਦੀ ਸ਼ਲਾਘਾ ਕੀਤੀ।

# ਵਾਤਾਵਰਣ ਪ੍ਰਤੀ ਅਣਗਹਿਲੀ ਕਾਰਨ ਸੈਲਾ ਇਲਾਕੇ 'ਚ ਫੈਲ ਰਿਹਾ ਕੈਂਸਰ : ਧੀਮਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਪਿੰਡ ਲਕਸੀਹਾਂ ਦੇ ਨਜ਼ਦੀਕ ਖੜੌਂਦੀ ਵਾਧਾ ਸੜਕ ਉਤੇ ਖਿਲਰੀ ਮਿੱਲ ਦੀ ਸੁਆਹ ਨੇ ਸੜਕ ਨੂੰ ਜ਼ਹਿਰੀ ਧੂੜਭਰੀ ਬਣਾਉਣ ਪ੍ਰਤੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਜੁੰਮੇਵਾਰ ਅਧਿਕਾਰੀਆਂ ਅਤੇ ਜ਼ਿਲ੍ਹਾ ਸਿਹਤ ਅਫਸਰ ਅਤੇ ਪੀ ਡਬਲਯੂ ਡੀ,ਬੀ ਐਂਡ ਆਰ ਵਿਭਾਗ ਵਲੋਂ ਚੁੱਪੀ ਸਾਧਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸੜਕ ਵਿਚ ਸੁਆਹ ਖਿਲਰਨ ਦਾ ਅਸਲੀ ਕਾਰਨ ਸੜਕ ਦੇ ਕਿਨਾਰੇ ਪਲਾਟ ਵਿਚ ਸੁਆਹ ਦੀ ਭਰਤੀ ਪਾਈ ਜਾ ਰਹੀ ਸੀ ਤੇ ਉਸ ਦਾ ਕੁਝ ਹਿੱਸਾ ਸੜਕ ਵਿਚ ਖਿਲਰ ਗਿਆ ਤੇ ਜਦੋਂ ਉਥੋਂ ਗੱਡੀਆਂ ਲੰਘਦੀਆਂ ਸਨ ਤਾਂ ਉਹ ਜ਼ਹਿਰੀਲੀ ਧੂੜ ਪੈਦਾ ਕਰਦੀਆਂ ਸਨ ਤੇ ਉਸ ਨਾਲ ਲੋਕਾਂ ਅਤੇ ਵਾਤਾਵਰਣ ਵਿਚ ਉਸ ਧੂੜ ਦੇ ਵਿਸ਼ੈਲੇ ਕਣ ਸਾਰਿਆਂ ਦੀ ਸਿਹਤ ਵਿਗਾੜਨਗੇ।ਧੀਮਾਨ ਨੇ ਦੱਸਿਆ ਕਿ ਮਾਲਵਾ ਇਨ੍ਹਾਂ ਗਲਤੀਆਂ ਕਰਕੇ ਹੀ ਕੈਂਸਰ ਦਾ ਘਰ ਬਣਿਆ ਪਿਆ ਹੈ ਤੇ ਸਰਕਾਰਾਂ ਜਾਣਬੁੱਝ ਕੇ ਧਿਆਨ ਨਹੀਂ ਦੇ ਰਹੀਆਂ।ਉਨ੍ਹਾਂ ਕਿਹਾ ਕਿ ਲੋਕਾਂ ਦੇ ਘਰ ਉਜੜਨ ਤੋਂ ਪਹਿਲਾਂ ਕੈਂਸਰ, ਦਮਾ ਫੈਲਣ ਦੇ ਹਰ ਕਾਰਨਾਂ ਨੂੰ ਪੂਰੀ ਗੰਭੀਰਤਾ ਨਾਲ ਲੱਭ ਕੇ ਰੋਕਣਾ ਪਵੇਗਾ। ਜੇਕਰ ਇਹ ਗਲਤੀਆਂ ਵਾਰ ਵਾਰ ਦੁਹਰਾਈਆਂ ਜਾਂਦੀਆਂ ਰਹੀਆਂ ਤਾਂ ਦੁਆਬਾ ਵੀ ਪੂਰੀ ਤਰ੍ਹਾਂ ਕੈਂਸਰ ਦਾ ਘਰ ਬਣ ਜਾਵੇਗਾ। ਧੀਮਾਨ ਨੇ ਕਿਹਾ ਕਿ ਪੰਜਾਬ ਵਿਚ ਇੰਡਸਟ੍ਰੀਜ਼ ਲੱਗਣ ਤਾਂ ਕਿ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ।ਪਰ ਇਹ ਨਹੀਂ ਸਰਕਾਰਾਂ ਨੂੰ ਹੋਣ ਦੇਣਾ ਚਾਹੀਦਾ ਕਿ ਇੰਡਸਟ੍ਰੀਅਲ ਵੇਸਟ ਮਟੀਰੀਅਲ ਲੋਕਾਂ ਦੇ ਘਰਾਂ ਵਿਚ ਭਰਤੀ ਪਾਉਣ ਜਾਂ ਫਿਰ ਛੱਪੜਾਂ ਵਿਚ ਭਰਤੀ ਪਾਉਣ ਲਈ ਵਰਤਿਆ ਜਾਵੇ।ਉਨ੍ਹਾਂ ਦੱਸਿਆ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਅਤੇ ਡਿਪਟੀ ਕਮਿਸ਼ਨਰ ਨੂੰ ਬੇਨਤੀ ਕਰਨ ਉਤੇ ਵੀ ਇਹ ਕੰਮ ਨਹੀਂ ਰੋਕ ਰਿਹਾ ਤੇ ਮਿੱਲ ਵਾਲੇ ਬਿਨਾਂ ਕਿਸੇ ਰੋਕ ਟੋਕ ਪਿੰਡਾਂ ਵਿਚ ਜ਼ਹਿਰੀਲੀ ਸੁਆਹ ਸੁੱਟ ਕੇ ਸਾਰੀ ਧਰਤੀ, ਹਵਾ ਅਤੇ ਪਾਣੀ ਨੂੰ ਪੂਰੀ ਤਰ੍ਹਾਂ ਅਯੋਗ ਬਣਾਉਣ ਵਿਚ ਲੱਗੇ ਹੋਏ ਹਨ।ਅਜਿਹਾ ਕਰਨਾ ਕਲੀਨ ਏਅਰ ਐਕਟ 1981, ਮੂਲ ਸੰਵਿਧਾਨਕ ਅਧਿਕਾਰਾਂ ਦੀ ਧਾਰਾ 21 (ਰਾਇਟ ਟੂ ਲਿਵ) ਦੀ ਸਰਕਾਰ ਦੇ ਸਾਹਮਣੇ ਉਲੰਘਣਾ ਕੀਤੀ ਜਾ ਰਹੀ ਹੈ।ਇਲਾਕੇ ਦੇ ਵਿਧਾਇਕ ਕਸਮ ਤਾਂ ਸੰਵਿਧਾਨ ਦੀ ਖਾਂਦੇ ਹਨ ਪਰ ਗੈਰ ਸੰਵਿਧਾਨਕ ਕੰਮਾਂ ਨੂੰ ਅੰਦਰ ਖਾਤੇ ਹੱਲਾਸ਼ੇਰੀ ਵੀ ਦੇ ਰਹੇ ਹਨ।ਇਸ ਸਬੰਧ ਵਿਚ ਮੁੜ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦਿੱਲੀ ਨੂੰ ਮੇਲ ਕਰਕੇ ਸ਼ਿਕਾਇਤ ਦਰਜ ਕਰਵਾਈ, ਅਗਰ ਫਿਰ ਵੀ ਇਹ ਗੋਰਖ ਧੰਦਾ ਨਹੀਂ ਰੁਕਿਆ ਤਾਂ ਟ੍ਰਿਬਿਊਨਲ ਵਿਚ ਪਟੀਸ਼ਨ ਪਾਈ ਜਾਵੇਗੀ ਤੇ ਦੁਆਬੇ ਵਿਚ ਇਹ ਜ਼ਹਿਰ ਨਹੀਂ ਫੈਲਣ ਦਿਤੀ ਜਾਵੇਗੀ।ਉਨ੍ਹਾਂ ਲੋਕਾਂ ਨੂੰ ਅਤੇ ਕਿਸਾਨ ਯੂਨੀਅਨਾਂ ਦੇ ਲੀਡਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਮਿੱਲ ਵਲੋਂ ਪਿੰਡਾਂ ਵਿਚ ਖਿਲਾਰੀ ਜਾ ਰਹੀ ਸੁਆਹ ਨੂੰ ਰੋਕਣ ਲਈ ਅੱਗੇ ਆਉਣ।

# ਸਾਨੂੰ ਆਪਣੇ ਅਲੂਮਨੀ ਮੈਂਬਰਾਂ 'ਤੇ ਮਾਣ ਹੈ : ਪ੍ਰਿੰ. ਜਗਰੂਪ ਸਿੰਘ



**ਜਲੰਧਰ (ਸ਼ੈਲੀ ਐਲਬਰਟ)** -: ਮੇਹਰਚੰਦ ਪੋਲੀਟੈਕਨਿਕ ਨੇ 1954 ਵਿੱਚ ਅਪਣੀ ਸਥਾਪਨਾ ਉਪਰੰਤ ਇਹਨਾਂ ਸੱਤਰ ਸਾਲਾਂ ਵਿੱਚ 36000 ਇੰਜੀਨੀਅਰ ਪੈਦਾ ਕੀਤੇ ਹਨ।ਇਸ ਦੇ ਵਿਦਿਆਰਥੀ ਹਿੰਦੋਸਤਾਨ ਹੀ ਨਹੀਂ ਵਿਦੇਸ਼ਾਂ ਵਿੱਚ ਵੀ ਆਪਣੇ ਸਕਿੱਲ ਅਤੇ ਤਜਰਬੇ ਨਾਲ ਆਪਣੇ ਮਾਣਮੱਤੇ ਕਾਲਜ ਦਾ ਨਾਂਅ ਰੌਸ਼ਨ ਕਰ ਰਹੇ ਹਨ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਨਵੰਬਰ 2024 ਵਿਚ ਕਾਲਜ ਵਿਖੇ ਪਲੈਟੀਨਮ ਜੁਬਲੀ ਮਨਾਈ ਜਾ ਰਹੀ ਹੈ, ਜਿਸ ਵਿੱਚ ਸੱਤਰ ਪੁਰਾਣੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸੇ ਹੀ ਸਿਲਸਿਲੇ ਵਿਚ ਕਾਲਜ ਵਲੋਂ ਲੜੀਵਾਰ ਆਪਣੇ ਅਲੂਮਨੀ ਮੈਂਬਰਾਂ ਨਾਲ ਰੂਬਰੂ ਕਰਵਾਇਆ ਜਾ ਰਿਹਾ ਹੈ। । ਕੇ ਐਲ ਕਪੂਰ ਨੇ 1961 ਵਿੱਚ ਮੇਹਰਚੰਦ ਪੋਲੀਟੈਕਨਿਕ ਤੋਂ ਸਿਵਲ ਦਾ ਡਿਪਲੋਮਾ ਕੀਤਾ ਤੇ ਸਟੇਟ ਵਿਚ ਮੈਰਿਟ ਪੋਜ਼ੀਸ਼ਨ ਹਾਸਿਲ ਕੀਤੀ।ਏ.ਐਮ.ਆਈ.ਈ ਕਰਨ ਉਪਰੰਤ 1968 ਵਿੱਚ ਇਰੀਗੇਸ਼ਨ ਵਿਭਾਗ ਵਿੱਚ ਐਸ.ਡੀ.ਓ ਭਰਤੀ ਹੋਏ। 1982 ਵਿੱਚ ਐਕਸੀਐਨ ਬਣੇ , 1988 ਵਿੱਚ ਐਸ.ਈ।ਸਰਵਿਸ ਦੌਰਾਨ ਉਹਨਾਂ ਦੀਆਂ ਅਨੇਕਾਂ ਪ੍ਰਾਪਤੀਆਂ ਰਹੀਆਂਜਿਨ੍ਹਾਂ ਵਿੱਚ ਇਕ ਆਨੰਦਪੁਰ ਸਾਹਿਬ ਹਾਈਡਲ ਪਾਵਰ ਪ੍ਰੋਜੈਕਟ ਸੀ, ਜੋ ਉਨ੍ਹਾਂ ਦੀ ਦੇਖ-ਰੇਖ ਵਿੱਚ ਬਣਿਆ। ਕੁਲਵਿੰਦਰ ਬਾਘਾ ਨੇ 2014 ਵਿਚ ਮੇਹਰਚੰਦ ਪੋਲੀਟੈਕਨਿਕ ਤੋਂ ਸਿਵਲ ਦਾ ਡਿਪਲੋਮਾ ਕੀਤਾ । ਕਾਲਜ ਵਿਖੇ ਪੜ੍ਹਦਿਆਂ ਹੀ ਉਨ੍ਹਾਂ ਵਿੱਚ ਸਮਾਜ ਸੇਵਾ ਪ੍ਰਤੀ ਖਿੱਚ ਸੀ। ਕਈ ਵਾਰ ਖ਼ੂਨਦਾਨ ਵੀ ਕੀਤਾ। ਡਿਪਲੋਮੇ ਤੋਂ ਬਾਅਦ ਬੀ.ਟੈਕ ਤੇ ਐਮ.ਟੈਕ ਕੀਤੀ। ਯੂਥ ਬੱਲਡ ਡੋਨਰ ਸੰਸਥਾ ਬਣਾ ਕੇ ਕਈ ਖ਼ੂਨਦਾਨ ਕੈਂਪ ਲਗਾਏ ਤੇ ਸੈਂਕੜੇ ਲੋਕਾਂ ਦੀ ਜਾਨ ਬਚਾਈ। ਬੋਲੀਨਾ ਦੋਆਬਾ ਪਿੰਡ ਦੇ ਸੱਭ ਤੋਂ ਘੱਟ ਉਮਰ ਦੇ ਸਰਪੰਚ ਬਣੇ।ਸਕਿੱਲ ਸੈਂਟਰ ਚਲਾਇਆ। ਪਾਣੀ ਤੋਂ ਬਚਾਅ ਲਈ ਵਾਤਾਵਰਣ ਦੀ ਸੰਭਾਲ ਲਈ ਕੰਮ ਕੀਤਾ।ਸੰਤ ਸੀਚੇਵਾਲ ਨਾਲ ਮਿਲ ਕੇ ਪਿੰਡ ਵਿਖੇ ਪਾਣੀ ਦੇ ਨਿਕਾਸ ਲਈ ਪ੍ਰੋਜੈਕਟ ਬਣਾਇਆ।ਸਟੇਟ ਤੇ ਨੈਸ਼ਨਲ ਐਵਾਰਡ ਹਾਸਿਲ ਕੀਤੇ।ਬੇਹਤਰੀਨ ਸਰਪੰਚ ਦਾ ਐਵਾਰਡ ਮਿਲਿਆ। ਪੀ.ਐਲ ਸ਼ਰਮਾ ਨੇ 1965 ਵਿੱਚ ਮੇਹਰਚੰਦ ਪੋਲੀਟੈਕਨਿਕ ਤੋਂ ਸਿਵਲ ਦਾ ਡਿਪਲੋਮਾ ਕੀਤਾ ਤੇ ਭਾਰਤੀ ਡਿਫੈਂਸ ਅਸਟੇਟ ਸਰਵਿਸਿਜ਼ ਵਿੱਚ ਭਰਤੀ ਹੋ ਗਏ। ਆਰਮੀ ਵਿੱਚ ਐਸ.ਡੀ.ਓ ਬਣੇ।ਰਿਟਾਇਰਮੈਂਟ ਉਪਰੰਤ ਲਵਲੀ ਆਟੋਜ਼ ਵਿੱਚ ਸਫਲਤਾ ਪੂਰਵਕ ਮੈਨੇਜਰ ਦੇ ਤੌਰ 'ਤੇ 20 ਸਾਲ ਸੇਵਾਵਾਂ ਦਿੱਤੀਆਂ।ਮੇਹਰਚੰਦ ਪੋਲੀਟੈਕਨਿਕ ਨੂੰ ਹਮੇਸ਼ਾ ਆਪਣੀ ਕਰਮਭੂਮੀ ਮੰਨਦੇ ਹਨ ਤੇ ਸੇਵਾ ਕਰਨ ਲਈ ਤਤੱਪਰ ਰਹਿੰਦੇ ਹਨ । ਐਮ.ਪੀ ਸਿੰਘ ਨੇ 1985 ਵਿਚ ਮੇਹਰਚੰਦ ਪੋਲੀਟੈਕਨਿਕ ਤੋਂ ਇਲੈਕਟਰਾਨਿਕਸ ਦਾ ਡਿਪਲੋਮਾ ਕੀਤਾ ਤੇ ਗੋਲਡ ਮੈਡਲ ਹਾਸਿਲ ਕੀਤਾ।ਉਹ ਤਕਨੀਕੀ ਸਿੱਖਿਆ ਵਿਭਾਗ ਵਿੱਚ ਲੈਕਚਰਾਰ ਦੇ ਤੌਰ 'ਤੇ ਭਰਤੀ ਹੋਏ ਤੇ ਆਪਣੀ ਕਾਬਲੀਅਤ, ਇਮਾਨਦਾਰੀ , ਲਗਨ ਤੇ ਮੇਹਨਤ ਸਦਕਾ ਪ੍ਰਿੰਸੀਪਲ ਦੇ ਅਹੁਦੇ 'ਤੇ ਪਹੁਚੇ। ਉਹਨਾਂ 15 ਸਾਲ ਸਤਗੁਰੂ ਰਾਮ ਸਿੰਘ ਸਰਕਾਰੀ ਪੋਲੀਟੈਕਨਿਕ ਲੁਧਿਆਣਾ ਵਿਖੇ ਬਤੌਰ ਪ੍ਰਿੰਸੀਪਲ ਕੰਮ ਕੀਤਾ। ਵਿਦਿਆਰਥੀਆਂ ਵਿੱਚ ਹਮੇਸ਼ਾ ਹਰਮਨ ਪਿਆਰੇ ਰਹੇ ਤੇ ਸਟਾਫ ਲਈ ਰੋਲ ਮਾਡਲ।ਮੇਹਰਚੰਦ ਪੋਲੀਟੈਕਨਿਕ ਨੂੰ ਉਹਨਾਂ 'ਤੇ ਮਾਣ ਹੈ।

# ਬੇਲਾ ਕਾਲਜ ਵੱਲੋਂ ਛਿਮਾਹੀ ਨਿਊਜ਼ਲੈਟਰ ਰਿਲੀਜ਼



**ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੌਬੀ )**- ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵੱਲੋਂ ਛਿਮਾਹੀ ਨਿਊਜ਼ ਲੈਟਰ ਰਿਲੀਜ਼ ਕੀਤਾ ਗਿਆ। ਇਹ ਨਿਊਜ਼ ਲੈਟਰ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਸਕੱਤਰ ਜਗਵਿੰਦਰ ਸਿੰਘ ਪੰਮੀ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ, ਕੈਪਟਨ ਐਮ.ਪੀ. ਸਿੰਘ ਚੇਅਰਮੈਨ ਫਾਰਮੇਸੀ ਕਮੇਟੀ, ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਅਤੇ ਫਾਰਮੇਸੀ ਕਾਲਜ ਦੇ ਪ੍ਰਿੰਸੀਪਲ ਡਾ. ਸ਼ੈਲੇਸ਼ ਸ਼ਰਮਾ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ। ਪ੍ਰਧਾਨ ਸੰਗਤ ਸਿੰਘ ਲੌਂਗੀਆ ਨੇ ਕਿਹਾ ਕਿ ਇਹ ਛਿਮਾਹੀ ਪੱਤ੍ਰਿਕਾ ਕਾਲਜ ਦੇ ਇੱਕ ਸਮੈਸਟਰ ਵੱਖੋ-ਵੱਖਰੇ ਵਿਭਾਗਾਂ ਅਤੇ ਵਿਦਿਆਰਥੀਆਂ ਦੇ ਕਾਰਗੁਜ਼ਾਰੀ ਨੂੰ ਸਲਾਹੁਣ ਦਾ ਕਾਰਗਾਰ ਤਰੀਕਾ ਹੈ। ਜਗਵਿੰਦਰ ਸਿੰਘ ਪੰਮੀ ਨੇ ਸਾਰੇ ਸਟਾਫ ਨੂੰ ਨਿਊਜ਼ ਲੈਟਰ ਰਿਲੀਜ਼ ਹੋਣ ਅਤੇ ਇਸ ਵਿੱਚ ਸ਼ਾਮਿਲ ਸੰਸਥਾ ਦੀਆਂ ਸਾਰੀਆਂ ਪ੍ਰਾਪਤੀਆਂ ਲਈ ਸਭ ਨੂੰ ਵਧਾਈ ਦਿੱਤੀ।ਸੁਖਵਿੰਦਰ ਸਿੰਘ ਵਿਸਕੀ ਨੇ ਕਿਹਾ ਕਿ ਅਕਾਦਮਿਕ, ਖੇਡਾਂ, ਸਹਿ-ਵਿੱਦਿਅਕ ਗਤੀਵਿਧੀਆਂ, ਅਧਿਆਪਨ ਅਮਲੇ ਦੀਆਂ ਪ੍ਰਾਪਤੀਆਂ ਨੂੰ ਇਸ ਕ੍ਰਮਬੱਧ ਤਰੀਕੇ ਨਾਲ ਛਾਪਣ ਅਤੇ ਪ੍ਰਕਾਸ਼ਿਤ ਕਰਨ ਦਾ ਨਿਊਜ਼ ਲੈਟਰ ਵਧੀਆ ਉਪਰਾਲਾ ਹੈ। ਕੈਪਟਨ ਐਮ.ਪੀ. ਸਿੰਘ ਨੇ ਇਸ ਦੀ ਰਿਲੀਜ਼ਿੰਗ ਦੀ ਸਭ ਨੂੰ ਵਧਾਈ ਦਿੱਤੀ ਅਤੇ ਹੋਰ ਬਿਹਤਰੀਨ ਕਾਰਗੁਜ਼ਾਰੀ ਲਈ ਹੱਲਾਸ਼ੇਰੀ ਦਿੱਤੀ । ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਵਿਸਥਾਰਪੂਰਵਕ ਇਸ ਵਿੱਚ ਸ਼ਾਮਿਲ ਪ੍ਰਾਪਤੀਆਂ, ਗਤੀਵਿਧੀਆਂ ਅਤੇ ਕਾਰਜਾਂ ਤੇ ਚਰਚਾ ਕੀਤੀ । ਡਾ. ਮਮਤਾ ਅਰੋੜਾ ਨੇ ਬਤੌਰ ਆਈ.ਕਿਊ.ਏ.ਸੀ. ਕੋਆਰਡੀਨੇਟਰ ਇਸ ਨਿਊਜ਼ ਲੈਟਰ ਦੇ ਰਿਲੀਜ਼ ਸਮਾਰੋਹ ਵਿੱਚ ਪਹੁੰਚੇ ਕਮੇਟੀ ਅਹੁਦੇਦਾਰਾਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ ।

# ਜਲ ਸਪਲਾਈ ਇੰਪਲਾਈਜ਼ ਯੂਨੀਅਨ ਵੱਲੋਂ 5 ਜੁਲਾਈ ਨੂੰ ਜਲੰਧਰ 'ਚ ਝੰਡਾ ਮਾਰਚ : ਕੌਂਡਲ

**ਕਾਲਾ ਸੰਘਿਆਂ (ਮਨਜੀਤ ਮਾਨ)**-ਜਲ ਸਪਲਾਈ ਸੈਨੀਟੇਸ਼ਨ ਮਸਟਰੋਲ ਇੰਪਲਾਈਜ਼ ਯੂਨੀਅਨ ਪੰਜਾਬ ਵਲੋਂ ਵੀਰਵਾਰ ਸੂਬਾ ਸਕੱਤਰ ਸੰਜੀਵ ਕੌਂਡਲ ਵਲੋਂ ਯੂਨੀਅਨ ਦਾ ਮੰਗ



ਪੱਤਰ ਡਿਪਟੀ ਕਮਿਸ਼ਨਰ ਜਲੰਧਰ ਨੂੰ ਦਿੱਤਾ ਗਿਆ। ਇਸ ਮੌਕੇ ਸੂਬਾ ਸਕੱਤਰ ਸੰਜੀਵ ਕੌਂਡਲ ਨੇ ਦੱਸਿਆ ਕਿ ਯੂਨੀਅਨ ਵਲੋਂ ਸੂਬਾ ਪ੍ਰਧਾਨ ਸੁਖਨੰਦਨ ਸਿੰਘ ਮਹੇਨੀਆ ਦੀ ਪ੍ਰਧਾਨਗੀ ਵਿੱਚ ਫੈਸਲਾ ਕੀਤਾ ਗਿਆ ਕਿ ਯੂਨੀਅਨ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਯੂਨੀਅਨ ਵਲੋਂ ਇਕ ਮੰਗ ਪੱਤਰ ਪ੍ਰਸ਼ਾਸਨ ਜਲੰਧਰ ਨੂੰ ਦਿੱਤਾ ਸੀ, ਜਿਸ ਵਿੱਚ 26 ਜੂਨ ਤੱਕ ਜੇਕਰ ਯੂਨੀਅਨ ਦੀ ਮੀਟਿੰਗ ਮੁੱਖ ਮੰਤਰੀ ਨਾਲ ਨਾ ਕਾਰਵਾਈ ਤਾਂ ਯੂਨੀਅਨ ਵੱਲੋਂ ਮੁੱਖ ਮੰਤਰੀ ਦਾ ਜਲੰਧਰ ਜ਼ਿਮਨੀ ਚੋਣ ਵਿਚ ਹਰ ਜਗ੍ਹਾ ਵਿਰੋਧ ਕੀਤਾ ਜਾਵੇਗਾ ਅਤੇ ਯੂਨੀਅਨ ਵਲੋਂ ਸੂਬਾ ਪ੍ਰਧਾਨ ਸੁਖਨੰਦਨ ਸਿੰਘ ਮਹੇਨੀਆ ਦੀ ਪ੍ਰਧਾਨਗੀ ਵਿੱਚ ਫੈਸਲਾ ਕੀਤਾ ਕਿ ਜੇਕਰ ਪ੍ਰਚਾਰ ਵਿੱਚ ਵਿਰੋਧ ਦੇ ਬਾਵਜੂਦ ਯੂਨੀਅਨ ਦੀ ਮੀਟਿੰਗ ਮੁੱਖ ਮੰਤਰੀ ਨਾਲ ਨਾ ਕਾਰਵਾਈ ਤਾਂ ਯੂਨੀਅਨ ਵੱਲੋਂ 5 ਜੁਲਾਈ ਨੂੰ ਜਲੰਧਰ ਵਿੱਚ ਸੂਬਾ ਪੱਧਰੀ ਝੰਡਾ ਮਾਰਚ ਕਰਕੇ ਸਰਕਾਰ ਦਾ ਮੁਲਾਜ਼ਮ ਵਿਰੋਧੀ ਚੇਹਰਾ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ। ਇਸ ਮੌਕੇ ਕੌਂਡਲ ਨੇ ਦੱਸਿਆ ਕਿ ਇਨ੍ਹਾਂ ਮੰਗਾਂ ਨੂੰ ਹੱਲ ਕਰਨ ਲਈ ਯੂਨੀਅਨ ਵਲੋਂ ਕਈ ਵਾਰ ਮਹਿਕਮੇ ਦੇ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨਾਲ ਮੀਟਿੰਗ ਕੀਤੀ ਪਰ ਕੋਈ ਹੱਲ ਨਹੀਂ ਹੋਇਆ। ਯੂਨੀਅਨ ਦੀਆਂ ਮੁੱਖ ਮੰਗਾਂ ਜਿਸ ਵਿੱਚ ਮਹਿਕਮੇ ਵਿਚ ਕੰਮ ਕਰਦੇ ਇਨਲਿਸਟਮੈਂਟ ਕਾਮਿਆਂ ਨੂੰ ਰੈਗੂਲਰ ਕਰਨਾ, ਰੈਗੂਲਰ ਫੀਲਡ ਮੁਲਾਜ਼ਮਾਂ ਦੀ 2011 ਦੀ ਪੈ ਪੈਰਿਟੀ ਨੂੰ ਦੂਰ ਕਰਨਾ, ਦਰਜਾ ਤਿੰਨ ਤੇ ਚਾਰ ਮੁਲਾਜ਼ਮਾਂ ਨੂੰ ਬਿਨਾਂ ਟੈਸਟ ਤੱਰਕੀ ਦੇਣਾ, ਡਿਪਲੋਮਾ ਪਾਸ ਮੁਲਾਜ਼ਮਾਂ ਨੂੰ 15% ਕੋਟਾ ਵਿੱਚ ਜੂਨੀਅਰ ਇੰਜੀਨੀਅਰ ਤੱਰਕੀ ਦੇਣਾ ਅਤੇ ਰੈਗੂਲਰ ਫੀਲਡ ਸਟਾਫ ਨੂੰ ਕੋਈ ਵੀ ਹਫਤਾਵਾਰੀ ਜਾਂ ਤਿਉਹਾਰੀ ਛੁੱਟੀ ਨਾ ਮਿਲਣ 'ਤੇ ਉਨ੍ਹਾਂ ਛੁੱਟੀਆਂ ਦਾ ਲਾਭ ਦਿੱਤਾ ਜਾਵੇ। ਇਸ ਮੌਕੇ ਰਾਮ ਲਾਲ, ਰਾਜਨ ਕੁਮਾਰ, ਨਰਿੰਦਰ ਸਿੰਘ, ਜਸਵੰਤ ਸਿੰਘ ਆਦਿ ਮੈਂਬਰ ਸ਼ਾਮਲ ਹੋਏ।

# ਪੁਲਸ ਨੇ ਨਾਕਾ ਲਗਾ ਕੇ ਵਾਹਨਾਂ ਦੀ ਕੀਤੀ ਚੈਕਿੰਗ, ਕੱਟੇ ਚਲਾਨ

**ਫਿਲੌਰ (ਨਿਰਮਲ)**- ਡੀ ਐਸ ਪੀ (ਜਲੰਧਰ) ਦੀ ਵਿਸ਼ੇਸ਼ ਟੀਮ ਨੇ ਅੱਜ ਫਿਲੌਰ ਵਿਖੇ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਕੀਤੀ। ਲਖਵੀਰ ਸਿੰਘ ਡੀ ਐਸ ਪੀ ਨੇ ਦੱਸਿਆ ਕਿ ਵੱਖ-ਵੱਖ ਤਰ੍ਹਾਂ ਦੇ ਵਾਹਨਾਂ ਦੀ ਚੈਕਿੰਗ ਕੀਤੀ ਅਤੇ ਬਗੈਰ ਕਾਗਜ਼ ਪੱਤਰਾਂ ਵਾਲੇ ਵਾਹਨਾਂ ਦੇ ਚਲਾਨ ਕੱਟੇ, ਕਈ ਵਾਹਨਾਂ ਨੂੰ ਥਾਣੇ ਵਿੱਚ ਬੰਦ ਵੀ ਕੀਤਾ। ਇਸ ਮੌਕੇ ਥਾਣੇਦਾਰ ਸੁਭਾਸ਼, ਅਮਰੀਕ ਸਿੰਘ ਅਤੇ ਮੈਡਮ ਅਮਨਦੀਪ ਕੌਰ ਨੇ ਦੱਸਿਆ ਕਿ ਕੁਝ ਵਾਹਨ ਚਾਲਕਾਂ ਜਿਨ੍ਹਾਂ ਕੋਲ ਕੁਝ ਪੇਪਰ ਘੱਟ ਸਨ, ਚੇਤਾਵਨੀ ਦੇ ਕੇ ਛੱਡ ਦਿੱਤਾ ਗਿਆ।



# ਆਇਰਲੈਂਡ ਦੇ ਰਾਜਦੂਤ ਨੇ ਪੰਜਾਬ ਵਿਧਾਨ ਸਭਾ ਸਪੀਕਰ ਨਾਲ ਕੀਤੀ ਮੁਲਾਕਾਤ



**ਚੰਡੀਗੜ੍ਹ, (ਗੁਰਜੀਤ ਬਿੱਲਾ)**- ਭਾਰਤ ਵਿੱਚ ਆਇਰਲੈਂਡ ਦੇ ਰਾਜਦੂਤ ਕੇਵਿਨ ਕੈਲੀ ਨੇ ਆਪਣੇ ਤਿੰਨ ਸੀਨੀਅਰ ਸਾਥੀਆਂ ਸਮੇਤ ਵੀਰਵਾਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਕੀਤੀ।ਪੰਜਾਬ ਵਿਧਾਨ ਸਭਾ ਵਿੱਚ ਹੋਈ ਮੁਲਾਕਾਤ ਦੌਰਾਨ ਦੋਵਾਂ ਆਗੂਆਂ ਨੇ ਭਾਰਤ ਅਤੇ ਆਇਰਲੈਂਡ ਦਰਮਿਆਨ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਸੰਧਵਾਂ ਨੇ ਪੰਜਾਬ ਅਤੇ ਆਇਰਲੈਂਡ ਦਰਮਿਆਨ ਖੇਤੀਬਾੜੀ, ਇੰਡਸਟਰੀ, ਤਕਨਾਲੋਜੀ ਅਤੇ ਹੋਰਨਾਂ ਖੇਤਰਾਂ ਵਿੱਚ ਠੋਸ ਸਹਿਯੋਗ 'ਤੇ ਜ਼ੋਰ ਦਿੱਤਾ।ਦੋਵਾਂ ਆਗੂਆਂ ਨੇ ਆਪਸੀ ਵਿਚਾਰ-ਵਟਾਂਦਰੇ ਮਗਰੋਂ ਕਿਹਾ ਕਿ ਦੋਵੇਂ ਦੇਸ਼ ਵੱਖ-ਵੱਖ ਖੇਤਰਾਂ 'ਚ ਗਿਆਨ ਅਤੇ ਤਕਨਾਲੋਜੀ ਦੇ ਆਪਸੀ ਆਦਾਨ-ਪ੍ਰਦਾਨ ਤੋਂ ਲਾਭ ਉਠਾ ਸਕਦੇ ਹਨ।ਸੰਧਵਾਂ ਨੇ ਕੇਵਿਨ ਕੈਲੀ ਨੂੰ ਆਇਰਲੈਂਡ ਦੀਆਂ ਕੰਪਨੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਹਿੱਤ ਪ੍ਰੇਰਿਤ ਕਰਨ ਲਈ ਵੀ ਕਿਹਾ।ਮੀਟਿੰਗ ਦੌਰਾਨ ਕੇਵਿਨ ਕੈਲੀ ਨੇ ਆਇਰਲੈਂਡ ਅਤੇ ਭਾਰਤ ਦੋਵਾਂ ਦੇਸ਼ਾਂ ਦੇ ਇਤਿਹਾਸਕ ਸਬੰਧਾਂ ਨੂੰ ਯਾਦ ਕੀਤਾ। ਉਨ੍ਹਾਂ ਨੇ ਪੰਜਾਬੀਆਂ ਦੇ ਮਿਹਨਤ ਕਰਨ ਵਾਲੇ ਜਜ਼ਬੇ ਦੀ ਵੀ ਸ਼ਲਾਘਾ ਕੀਤੀ। ਕੇਵਿਨ ਕੈਲੀ ਨੇ ਦੱਸਿਆ ਕਿ ਆਇਰਲੈਂਡ, ਭਾਰਤ ਨਾਲ ਮਜ਼ਬੂਤ ਦੁਵੱਲੇ ਸਹਿਯੋਗ ਨੂੰ ਲਗਾਤਾਰ ਹੋਰ ਅੱਗੇ ਵਧਾਉਂਦਾ ਆ ਰਿਹਾ ਹੈ, ਜਿਸ ਨਾਲ ਦੋਵਾਂ ਦੇਸ਼ਾਂ ਦੇ ਆਪਸੀ ਸਬੰਧ ਹੋਰ ਮਜ਼ਬੂਤ ਹੋਣਗੇ।ਭਾਰਤ ਵਿੱਚ ਆਇਰਲੈਂਡ ਦੇ ਰਾਜਦੂਤ ਕੇਵਿਨ ਕੈਲੀ ਨਾਲ ਰੇਮੰਡ ਮੁਲੇਨ ਡਿਪਟੀ ਅੰਬੈਸਡਰ, ਪੀਡਰ ਓ'ਹੁਬੇਨ ਕੌਂਸਲਰ, ਸੈਕਿੰਡ ਸੈਕਟਰੀ ਅਤੇ ਕੈਰਬਰੇ ਓ ਫੀਅਰਘਾਲ, ਵੀਜ਼ਾ ਦਫਤਰ ਦੇ ਮੁਖੀ ਵੀ ਮੌਜੂਦ ਸਨ।

# ਸੇਂਟ ਸੋਲਜਰ ਇੰਸਟੀਚਿਊਟ ਦੀ ਵਿਦਿਆਰਥਣ ਦੀਕਸ਼ਾ ਲੱਖਾ ਨੂੰ ਕੈਨੇਡਾ ਦਾ ਮਿਲਿਆ ਵੀਜ਼ਾ



**ਜਲੰਧਰ (ਇਕਬਾਲ ਸਿੰਘ ਉੱਭੀ)** : ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ ਦੀ ਦੀਕਸ਼ਾ ਲੱਖਾ ਪੁੱਤਰੀ ਰਾਜਕੁਮਾਰ ਵਾਸੀ ਜਲੰਧਰ ਨੇ ਆਪਣਾ ਕੈਨੇਡਾ ਦਾ ਸਟੂਡੈਂਟ ਵੀਜ਼ਾ ਸਫਲਤਾਪੂਰਵਕ ਪ੍ਰਾਪਤ ਕਰ ਲਿਆ ਹੈ। ਉਹ 2+2 ਕ੍ਰੈਡਿਟ ਟ੍ਰਾਂਸਫਰ ਪ੍ਰੋਗਰਾਮ, ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼, ਜਲੰਧਰ ਅਤੇ ਯੂਨੀਵਰਸਿਟੀ ਆਫ ਫਰੇਜ਼ਰ ਵੈਲੀ, ਐਬਟਸਫੋਰਡ, ਬੀ.ਸੀ., ਕੈਨੇਡਾ ਵਿਚਕਾਰ ਹੋਏ ਸਮਝੌਤੇ ਵਿੱਚ ਸ਼ਾਮਲ ਹੋਵੇਗੀ। ਦੀਕਸ਼ਾ ਨੇ ਆਪਣਾ ਬੀ ਸੀ ਏ ਪ੍ਰੋਗਰਾਮ ਸੇਂਟ ਸੋਲਜਰ ਇੰਸਟੀਚਿਊਟ ਆਫ ਬਿਜ਼ਨਸ ਮੈਨੇਜਮੈਂਟ ਐਂਡ ਐਗਰੀਕਲਚਰ ਤੋਂ ਸ਼ੁਰੂ ਕੀਤਾ ਅਤੇ ਕਾਲਜ ਵਿੱਚ 2 ਸਾਲ ਪੂਰੇ ਕਰਨ ਤੋਂ ਬਾਅਦ ਹੁਣ 2024 ਦੇ ਪਤਝੜ ਦੇ ਦਾਖਲੇ ਲਈ ਫਰੇਜ਼ਰ ਵੈਲੀ ਯੂਨੀਵਰਸਿਟੀ ਵਿੱਚ ਬੀ ਸੀ ਆਈ ਐਸ ਪ੍ਰੋਗਰਾਮ ਜਾਰੀ ਰੱਖੇਗੀ। ਸੇਂਟ ਸੋਲਜਰ ਗਰੁੱਪ 2018 ਤੋਂ ਕੈਨੇਡੀਅਨ ਯੂਨੀਵਰਸਿਟੀਆਂ ਨਾਲ ਇਸ ਸਫਲ ਕ੍ਰੈਡਿਟ ਟ੍ਰਾਂਸਫਰ ਪ੍ਰੋਗਰਾਮ ਨੂੰ ਚਲਾ ਰਿਹਾ ਹੈ, ਜੋ 100% ਟ੍ਰਾਂਸਫਰ ਰਿਕਾਰਡ ਕਾਇਮ ਰੱਖਦਾ ਹੈ। ਚੇਅਰਮੈਨ ਅਨਿਲ ਚੋਪੜਾ ਅਤੇ ਵਾਇਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਦੀਕਸ਼ਾ ਨੂੰ ਉਸ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਨੇ ਦੀਕਸ਼ਾ ਨੂੰ ਮੋਮੈਂਟੋ ਦੇ ਕੇ ਉਸ ਦੀ ਸ਼ਲਾਘਾ ਕੀਤੀ ਅਤੇ ਵਧਾਈ ਦਿੱਤੀ ਅਤੇ ਟਿੱਪਣੀ ਕੀਤੀ ਕਿ ਇਹ ਮੀਲ ਪੱਥਰ ਆਪਣੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਸਿੱਖਿਆ ਦੇ ਮੌਕੇ ਪ੍ਰਦਾਨ ਕਰਨ ਲਈ ਸੰਸਥਾ ਦੀ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ। 2+2 ਕ੍ਰੈਡਿਟ ਟ੍ਰਾਂਸਫਰ ਪ੍ਰੋਗਰਾਮ ਨਾ ਸਿਰਫ ਅਕਾਦਮਿਕ ਤਜਰਬਿਆਂ ਨੂੰ ਵਧਾਉਂਦਾ ਹੈ ਬਲਕਿ ਵਿਸ਼ਵਵਿਆਪੀ ਕੈਰੀਅਰ ਦੇ ਰਸਤੇ ਵੀ ਖੋਲ੍ਹਦਾ ਹੈ। ਇਸ ਤੋਂ ਇਲਾਵਾ, ਸੇਂਟ ਸੋਲਜਰ ਇੰਸਟੀਚਿਊਟ ਆਫ ਬਿਜ਼ਨਸ ਮੈਨੇਜਮੈਂਟ ਐਂਡ ਐਗਰੀਕਲਚਰ ਆਪਣੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਕਾਦਮਿਕ ਅਤੇ ਪੇਸ਼ੇਵਰ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਮਰਥਨ ਕਰਨਾ ਜਾਰੀ ਰੱਖੇਗਾ, ਜੋ ਉੱਤਮਤਾ ਅਤੇ ਵਿਸ਼ਵ ਸਾਂਝੇਦਾਰੀ ਪ੍ਰਤੀ ਆਪਣੇ ਸਮਰਪਣ ਨੂੰ ਦਰਸਾਉਂਦਾ ਹੈ।

# ਬੈਂਸ ਪੰਜਾਬ ਦੀ ਸੁੱਤੀ ਹੋਈ ਸਰਕਾਰ ਨੂੰ ਜਗਾਉਣ-ਬੇਰੀ

**ਜਲੰਧਰ -(ਇਕਬਾਲ ਸਿੰਘ ਉਭੀ)**- ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਦੇ ਪ੍ਰਧਾਨ ਅਤੇ ਸਾਬਕਾ ਵਿਧਾਇਕ ਰਜਿੰਦਰ ਬੇਰੀ ਨੇ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਕਾਂਗਰਸ ਪਾਰਟੀ ਦੀ ਉਮੀਦਵਾਰ ਉੱਪਰ ਇਲਜ਼ਾਮ ਲਗਾਉਣ ਤੋਂ ਪਹਿਲਾਂ ਮੰਤਰੀ ਹਰਜੋਤ ਬੈਂਸ ਪੰਜਾਬ ਦੀ ਸੁੱਤੀ ਹੋਈ ਸਰਕਾਰ ਨੂੰ ਜਗਾਉਣ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੂੰ ਪਤਾ ਹੈ ਕਿ ਜਲੰਧਰ ਸਮਾਰਟ ਸਿਟੀ ਦੇ ਫੰਡਾਂ ਵਿਚ ਘੁਟਾਲੇ ਹੋਏ ਹਨ ਤਾਂ ਫਿਰ ਪੰਜਾਬ ਸਰਕਾਰ ਪਿਛਲੇ ਢਾਈ ਸਰਕਾਰ ਤੋਂ ਕਿਉਂ ਸੁੱਤੀ ਪਈ ਹੈ ।ਉਸ ਦੀ ਜਾਂਚ ਕਰੋ, ਜੇਕਰ ਪਿਛਲੀ ਕਾਂਗਰਸ ਦੀ ਸਰਕਾਰ ਵਿਚ ਘੁਟਾਲੇ ਹੋਏ ਹਨ ਤਾਂ ਆਮ ਆਦਮੀ ਪਾਰਟੀ 2023 ਦੀ ਲੋਕ ਸਭਾ ਦੀ ਉਪ ਚੋਣ ਵਿਚ ਕਾਂਗਰਸ ਦੇ ਸਾਬਕਾ ਵਿਧਾਇਕ ਨੂੰ ਆਪਣਾ ਉਮੀਦਵਾਰ ਕਿਉਂ ਬਣਾਇਆ ਸੀ । ਆਮ ਆਦਮੀ ਪਾਰਟੀ ਦਾ ਜੋ ਨਕਲੀ ਚਿਹਰਾ ਸੀ ਉਹ ਹੁਣ ਲੋਕਾਂ ਸਾਹਮਣੇ ਆ ਚੁੱਕਿਆ ਹੈ ਹੁਣ ਆਮ ਆਦਮੀ ਪਾਰਟੀ ਦਾ ਉਮੀਦਵਾਰ ਪਿਛਲੇ ਮਹੀਨੇ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿਚ ਬੁਰੀ ਤਰ੍ਹਾਂ ਨਾਲ ਕਾਂਗਰਸ ਪਾਰਟੀ ਦੇ ਉਮੀਦਵਾਰ ਕੋਲੋਂ ਹਾਰਿਆ ਹੈ ।ਆਮ ਆਦਮੀ ਪਾਰਟੀ ਨੇ ਸਾਰੀ ਸਰਕਾਰ ਜਲੰਧਰ ਵਿਖੇ ਬਿਠਾ ਦਿੱਤੀ ਹੈ, ਜੇਕਰ ਪਾਰਟੀ ਨੂੰ ਆਪਣੇ ਕੀਤੇ ਹੋਏ ਕੰਮਾਂ ਉੱਪਰ ਭਰੋਸਾ ਹੈ ਤਾਂ ਆਪਣੇ ਕਿਸੇ ਪੁਰਾਣੇ ਲੀਡਰ ਜਾਂ ਵਲੰਟੀਅਰ ਨੂੰ ਮੈਦਾਨ ਵਿਚ ਕਿਉਂ ਨਹੀਂ ਉਤਾਰਦੀ। ਬੇਰੀ ਨੇ ਕਿਹਾ ਕਿ ਪਿਛਲੇ ਸਾਲ ਤੋਂ ਹੁਣ ਤਕ ਜਲੰਧਰ ਵਿਚ ਇਹ ਤੀਸਰੀ ਚੋਣ ਹੋਣ ਜਾ ਰਹੀ ਹੈ, ਹਰਜੋਤ ਬੈਂਸ ਦੱਸਣ ਕੀ ਤੁਹਾਡੀ ਪਾਰਟੀ ਨੇ ਆਪਣੇ ਕਿਹੜੇ ਪੁਰਾਣੇ ਲੀਡਰ ਜਾਂ ਵਲੰਟੀਅਰ ਨੂੰ ਟਿਕਟ ਦਿੱਤੀ । 2023 ਦੀਆਂ ਲੋਕ ਸਭਾ ਦੀਆਂ ਉਪ ਚੋਣਾਂ ਵਿਚ ਸਾਬਕਾ ਕਾਂਗਰਸ ਦੇ ਵਿਧਾਇਕ ਨੂੰ ਟਿਕਟ ਦਿੱਤੀ , 2024 ਦੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਅਕਾਲੀ ਦਲ ਦੇ ਸਾਬਕਾ ਵਿਧਾਇਕ ਨੂੰ ਟਿਕਟ ਦਿੱਤੀ ਅਤੇ ਹੁਣ 2024 ਦੀ ਜਲੰਧਰ ਵੈਸਟ ਦੀ ਉਪ ਚੋਣ ਵਿਚ ਭਾਜਪਾ ਦੇ ਲੀਡਰ ਨੂੰ ਟਿਕਟ ਦੇ ਦਿੱਤੀ ਹੈ ।ਹੁਣ ਜਨਤਾ ਇਹ ਸਭ ਜਾਣਦੀ ਹੈ ਅਤੇ ਇਹ ਜਨਤਾ ਦਲ ਬਦਲੂਆਂ ਨੂੰ ਬਿਲਕੁਲ ਮੂੰਹ ਨਹੀ ਲਾਵੇਗੀ ।ਬਿਆਨਬਾਜੀ ਛੱਡੋ ਸਰਕਾਰ ਤੁਹਾਡੀ ਹੈ ਜੇਕਰ ਕੋਈ ਘੁਟਾਲਾ ਹੋਇਆ ਹੈ ਤਾਂ ਉਸਦੀ ਜਾਂਚ ਕਰਵਾਓ ।

# ਰਿਆਤ ਬਾਹਰਾ 'ਵਰਸਿਟੀ ਨਿਊਟ੍ਰੀਜੈਨੇਟਿਕਸ ਤੇ ਕੈਂਸਰ ਬਾਇਓਲੋਜੀ 'ਚ ਕਰੇਗੀ ਨਵੇਂ ਕੋਰਸਾਂ ਦੀ ਸ਼ੁਰੂਆਤ




**ਕੁਰਾਲੀ (ਮੋਹਨ ਅਗਰਵਾਲ)**: ਰਿਆਤ ਬਾਹਰਾ ਯੂਨੀਵਰਸਿਟੀ ਨੇ ਇੰਸਟੀਚਿਊਟ ਆਫ਼ ਨਿਊਟ੍ਰੀਜੇਨੇਟਿਕਸ ਐਂਡ ਨਿਊਟ੍ਰੀਜੇਨੋਮਿਕਸ ਰਿਸਰਚ ਨਾਲ ਸਾਂਝੇਦਾਰੀ ਕਰਕੇ ਭਾਰਤ ਦੇ ਪਹਿਲੇ ਵਿਆਪਕ ਨਿਊਟ੍ਰੀਜੈਨੇਟਿਕਸ ਪ੍ਰੋਗਰਾਮ ਸ਼ੁਰੂ ਕਰਨ ਦੀ ਘੋਸ਼ਣਾ ਕੀਤੀ ਹੈ। ਇਸ ਪਹਿਲਕਦਮੀ ਦਾ ਉਦੇਸ਼ ਨਿਊਟ੍ਰੀਜੇਨੇਟਿਕਸ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਖੇਤਰ ਵਿੱਚ ਅਤਿ-ਆਧੁਨਿਕ ਸਿੱਖਿਆ ਅਤੇ ਖੋਜ ਦੇ ਮੌਕਿਆਂ ਦੀ ਪੇਸ਼ਕਸ਼ ਕਰਨਾ ਹੈ, ਜੋ ਪੋਸ਼ਣ ਅਤੇ ਜੈਨੇਟਿਕਸ ਵਿਚਕਾਰ ਸਬੰਧਾਂ ਦੀ ਪੜਚੋਲ ਕਰਦਾ ਹੈ।ਆਰਬੀਯੂ ਨੇ ਉੱਤਰੀ ਭਾਰਤ ਵਿੱਚ ਇੱਕ ਵਿਆਪਕ ਕੈਂਸਰ ਬਾਇਓਲੋਜੀ ਪ੍ਰੋਗਰਾਮ ਸ਼ੁਰੂ ਕਰਨ ਦਾ ਵੀ ਫੈਸਲਾ ਕੀਤਾ ਹੈ। ਇਹ ਪਹਿਲੀ ਵਾਰ ਹੈ ਜਦੋਂ ਖੇਤਰ ਵਿੱਚ ਬੀ ਐਸ ਸੀ, ਐਮ ਐਸ ਸੀ, ਅਤੇ ਪੀਐਚਡੀ ਕੋਰਸਾਂ ਸਮੇਤ ਅਜਿਹਾ ਵਿਆਪਕ ਪਾਠਕ੍ਰਮ ਪੇਸ਼ ਕੀਤਾ ਜਾ ਰਿਹਾ ਹੈ।ਆਰਬੀਯੂ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਇੱਥੇ ਇਹ ਐਲਾਨ ਕਰਦਿਆਂ ਕਿਹਾ ਕਿ ਨਿਊਟ੍ਰੀਜੈਨੇਟਿਕਸ ਪ੍ਰੋਗਰਾਮ ਵਿੱਚ ਅਕਾਦਮਿਕ ਅਤੇ ਪੇਸ਼ੇਵਰ ਇੱਛਾਵਾਂ ਦੇ ਵੱਖ-ਵੱਖ ਪੱਧਰਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਕੋਰਸਾਂ ਦੀ ਇੱਕ ਸ਼੍ਰੇਣੀ ਸ਼ਾਮਲ ਹੈ ਅਤੇ ਇਸ ਵਿੱਚ ਬੀ.ਐਸ.ਸੀ., ਐਮ.ਐਸ.ਸੀ., ਪੀ.ਐਚ.ਡੀ. , ਡਿਪਲੋਮਾ ਅਤੇ ਸਰਟੀਫਿਕੇਟ ਕੋਰਸ ਸ਼ਾਮਲ ਹਨ।ਉਨ੍ਹਾਂ ਅੱਗੇ ਕਿਹਾ ਕਿ ਇੰਸਟੀਚਿਊਟ ਆਫ਼ ਨਿਊਟ੍ਰੀਜੇਨੇਟਿਕਸ ਐਂਡ ਨਿਊਟ੍ਰੀਜੇਨੋਮਿਕਸ ਰਿਸਰਚ ਦੇ ਨਾਲ ਸਹਿਯੋਗ ਪ੍ਰੋਗਰਾਮ ਵਿੱਚ ਮੁਹਾਰਤ ਅਤੇ ਸਰੋਤਾਂ ਦਾ ਭੰਡਾਰ ਲਿਆਉਂਦਾ ਹੈ।ਇੰਸਟੀਚਿਊਟ ਆਫ਼ ਨਿਊਟ੍ਰੀਜੇਨੇਟਿਕਸ ਐਂਡ ਨਿਊਟ੍ਰੀਜੇਨੋਮਿਕਸ ਰਿਸਰਚ ਪੋਸ਼ਣ ਸੰਬੰਧੀ ਜੀਨੋਮਿਕਸ ਅਤੇ ਵਿਅਕਤੀਗਤ ਪੋਸ਼ਣ ਵਿੱਚ ਆਪਣੀ ਖੋਜ ਲਈ ਮਸ਼ਹੂਰ ਹੈ।ਇਹ ਭਾਈਵਾਲੀ ਇਹ ਯਕੀਨੀ ਬਣਾਉਂਦੀ ਹੈ ਕਿ ਵਿਦਿਆਰਥੀ ਨਵੀਨਤਮ ਵਿਗਿਆਨਕ ਤਰੱਕੀ ਅਤੇ ਉਦਯੋਗ ਦੇ ਮਿਆਰਾਂ ਨਾਲ ਮੇਲ ਖਾਂਦੀ ਸਿੱਖਿਆ ਅਤੇ ਸਿਖਲਾਈ ਪ੍ਰਾਪਤ ਕਰਨ।ਬਾਹਰਾ ਨੇ ਕਿਹਾ ਕਿ ਇੱਕ ਵੱਡੀ ਪਹਿਲਕਦਮੀ ਵਿੱਚ ਆਰਬੀਯੂ ਨੇ ਉੱਤਰੀ ਭਾਰਤ ਵਿੱਚ ਇੱਕ ਵਿਆਪਕ ਕੈਂਸਰ ਬਾਇਓਲੋਜੀ ਪ੍ਰੋਗਰਾਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।ਇਸ ਪਹਿਲਕਦਮੀ ਦਾ ਉਦੇਸ਼ ਡਾਕਟਰੀ ਸਿੱਖਿਆ ਅਤੇ ਖੋਜ ਵਿੱਚ ਕ੍ਰਾਂਤੀ ਲਿਆਉਣਾ ਹੈ ਅਤੇ ਉੱਤਰੀ ਭਾਰਤ ਨੂੰ ਕੈਂਸਰ ਅਧਿਐਨ ਵਿੱਚ ਇੱਕ ਨੇਤਾ ਵਜੋਂ ਸਥਾਨ ਦੇਣਾ ਹੈ।ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਕਿਹਾ ਕਿ ਇਹ ਕੋਰਸ ਮਾਹਿਰਾਂ ਦੁਆਰਾ ਵਿਆਪਕ ਗਿਆਨ ਅਤੇ ਵਿਹਾਰਕ ਹੁਨਰ ਪ੍ਰਦਾਨ ਕਰਨ, ਉੱਨਤ ਪ੍ਰਯੋਗਸ਼ਾਲਾਵਾਂ ਅਤੇ ਖੋਜ ਕੇਂਦਰਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ ਤਿਆਰ ਕੀਤੇ ਗਏ ਹਨ ਅਤੇ ਗ੍ਰੈਜੂਏਟ ਅਕਾਦਮੀਆ, ਖੋਜ, ਸਿਹਤ ਸੰਭਾਲ ਅਤੇ ਬਾਇਓਟੈਕਨਾਲੋਜੀ ਉਦਯੋਗ ਵਿੱਚ ਕਰੀਅਰ ਲਈ ਚੰਗੀ ਤਰ੍ਹਾਂ ਲੈਸ ਹੋਣਗੇ।ਇਸ ਮੌਕੇ ਡਾ: ਪੁਲਕੇਸ਼ ਪੁਰਕੈਤ ਹੈੱਡ ਟ੍ਰਾਂਸਲੇਸ਼ਨਲ ਹੈਲਥ ਸਾਇੰਸਿਜ਼ ਨੇ ਕਿਹਾ ਕਿ ਕੈਂਸਰ ਬਾਇਓਲੋਜੀ ਪ੍ਰੋਗਰਾਮ, ਜੋ ਕਿ ਇੰਸਟੀਚਿਊਟ ਆਫ਼ ਟ੍ਰਾਂਸਲੇਸ਼ਨਲ ਹੈਲਥ ਸਾਇੰਸਿਜ਼ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ, ਜੋ ਕਿ ਅੰਡਰਗਰੈਜੂਏਟ, ਪੋਸਟ ਗ੍ਰੈਜੂਏਟ, ਅਤੇ ਡਾਕਟੋਰਲ ਵਿਦਿਆਰਥੀਆਂ ਨੂੰ ਹੁੰਨਰਮੰਦ ਕਰਨ ਲਈ ਤਿਆਰ ਕੀਤਾ ਗਿਆ ਹੈ।

# ਭੈਰੋਮਾਜਰਾ ਵਾਲੇ ਬਾਬਾ ਅਮਰ ਸਿੰਘ ਦਾ ਦੇਹਾਂਤ





**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਗੁਰਦੁਆਰਾ ਸ੍ਰੀ ਦਸਮੇਸ਼ਗੜ੍ਹ ਸਾਹਿਬ ਭੈਰੋਮਾਜਰਾ ਦੇ ਮੌਜੂਦਾ ਮਹਾਂਪੁਰਸ਼ ਬਾਬਾ ਅਮਰ ਸਿੰਘ ਬੀਤੇ ਦਿਨੀਂ ਪੰਜ ਭੂਤਕ ਸਰੀਰ ਤਿਆਗ ਕੇ ਸੱਚਖੰਡ ਪਿਆਨਾ ਕਰ ਗਏ ਸਨ, ਦਾ ਅੰਤਿਮ ਸੰਸਕਾਰ ਅੱਜ ਦੁਪਹਿਰ ਸਮੇਂ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਹੀ ਲੰਗਰ ਹਾਲ ਨੇੜੇ ਕਰ ਦਿੱਤਾ ਗਿਆ ਹੈ । ਇਸ ਤੋਂ ਪਹਿਲਾਂ ਸਵੇਰ ਸਮੇਂ ਮਹਾਂਪੁਰਸ਼ਾਂ ਦੇ ਸਰੀਰ ਨੂੰ ਸੰਗਤਾਂ ਦੇ ਦਰਸ਼ਨਾਂ ਲਈ ਰੱਖਿਆ ਗਿਆ । ਉਨ੍ਹਾਂ ਦੀ ਇਸ ਸੋਗਮਈ ਖਬਰ ਨਾਲ ਇਲਾਕੇ ਭਰ ਵਿੱਚ ਸੋਗ ਦੀ ਲਹਿਰ ਦੌੜ ਗਈ। ਸਸਕਾਰ ਕਰਨ ਜਾਂਦੇ ਸਮੇਂ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਦਾ ਭੀੜ ਵਿੱਚ ਕਿਸੇ ਨੇ ਜੇਬ ਵਿਚੋਂ ਪਰਸ ਚੋਰੀ ਕਰ ਲਿਆ ਹੈ । ਵਿਧਾਇਕ ਦੇ ਪੀ ਏ ਜਗਤਾਰ ਸਿੰਘ ਨੇ ਦੱਸਿਆ ਕਿ ਪਰਸ ਵਿੱਚ ਵਿਧਾਇਕ ਸਾਹਿਬ ਦੇ ਜ਼ਰੂਰੀ ਕਾਗਜ਼ਾਤ ਤੋਂ ਇਲਾਵਾ 2 ਹਜ਼ਾਰ ਰੁਪਏ ਵੀ ਸਨ ਜੋ ਕੋਈ ਚੋਰੀ ਕਰਕੇ ਲੈ ਗਿਆ ਹੈ ।ਸਸਕਾਰ ਸਮੇਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਪੁਲਸ ਅਧਿਕਾਰੀ ਪਰਮਜੀਤ ਸਿੰਘ ਗਿੱਲ, ਬਾਬਾ ਭੁਪਿੰਦਰ ਸਿੰਘ ਸੰਗਤਪੁਰਾ, ਬਾਬਾ ਸੁਰਜਨ ਸਿੰਘ ਫੂਲ, ਬਾਬਾ ਕੁਲਜੀਤ ਸਿੰਘ ਸਿਸਵਾਂ, ਬਾਬਾ ਪਰਮਜੀਤ ਸਿੰਘ ਹੰਸਾਲੀ ਵਾਲੇ, ਬਾਬਾ ਗੁਰਪ੍ਰੀਤ ਸਿੰਘ ਚੰਡੀਗੜ੍ਹ, ਬਾਬਾ ਸੁਖਪਾਲ ਸਿੰਘ, ਗੁਰਮੁਖ ਸਿੰਘ ਸਮੇਤ ਪੰਚ- ਸਰਪੰਚ ਤੇ ਸਿਆਸੀ ਆਗੂਆਂ, ਧਾਰਮਿਕ ਆਗੂਆਂ ਸਮੇਤ ਸੈਂਕੜੇ ਹੀ ਸੰਗਤਾਂ ਹਾਜ਼ਰ ਸਨ ।ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਬਾਬਾ ਕਰਤਾਰ ਸਿੰਘ ਮਹਾਰਾਜ ਚੈਰੀਟੇਬਲ ਟਰੱਸਟ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸੰਤ ਬਾਬਾ ਅਮਰ ਸਿੰਘ ਪਿਛਲੇ ਕਈ ਦਿਨਾਂ ਤੋਂ ਬਿਮਾਰ ਚਲੇ ਆ ਰਹੇ ਸਨ। ਉਨ੍ਹਾਂ ਦਾ ਇਲਾਜ ਮੁਹਾਲੀ ਦੇ ਇੱਕ ਵੱਡੇ ਹਸਪਤਾਲ ਵਿਚ ਚੱਲ ਰਿਹਾ ਸੀ।

# ਸਵੈ ਰੁਜ਼ਗਾਰ ਲੋਨ ਕੈਂਪ ਲਗਾਇਆ

**ਨਵਾਂਸ਼ਹਿਰ, (ਮਨੋਜ ਲਾਡੀ)**-ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਦੀ ਅਗਵਾਈ ਹੇਠ ਐਸ.ਸੀ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਜ਼ਿਲਾ ਰੋਜ਼ਗਾਰ ਉਤਪਤੀ ਅਤੇ ਹੁਨਰ ਸਿਖਲਾਈ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਵੈ ਰੋਜ਼ਗਾਰ ਲੋਨ ਕੈਂਪ ਲਗਵਾਇਆ ਗਿਆ। ਇਸ ਕੈਂਪ ਵਿੱਚ ਅਨੁਸੂਚਿਤ ਜਾਤੀ ਦੇ ਸਿਲਾਈ ਕਢਾਈ, ਬਿਊਟੀ ਪਾਰਲਰ, ਸਲੂਨ, ਮੋਬਾਈਲ ਰਿਪੇਅਰ, ਡੇਅਰੀ ਫਾਰਮਿੰਗ, ਵੈਲਡਰ, ਕਾਰਪੈਂਟਰ ਆਦਿ ਕਿੱਤਿਆਂ ਵਿੱਚ ਸਵੈ ਰੋਜ਼ਗਾਰ ਸ਼ੁਰੂ ਕਰਨ ਦੇ 65 ਚਾਹਵਾਨ ਉਮੀਦਵਾਰਾਂ ਵੱਲੋਂ ਆਪਣੇ ਦਸਤਾਵੇਜ਼ ਜਮ੍ਹਾਂ ਕਰਵਾਏ ਗਏ, ਜਿਨ੍ਹਾਂ ਵਿੱਚੋਂ 20 ਉਮੀਦਵਾਰਾਂ ਦੀਆਂ ਅਰਜ਼ੀਆਂ ਲੋਨ ਪ੍ਰੋਸੈਸ ਲਈ ਸਹੀ ਪਾਈਆਂ ਗਈਆਂ ਅਤੇ ਇਨ੍ਹਾਂ ਅਰਜ਼ੀਆਂ ਨੂੰ ਸਬਸਿਡੀ ਬੇਸਡ ਲੋਨ ਲਈ ਅੱਗੇ ਪ੍ਰੋਸੈਸ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਵੀ ਲਗਾਇਆ ਗਿਆ ਜਿਸ ਵਿੱਚ ਸੱਤਿਆ ਮਾਈਕਰੋ ਫਾਈਨਾਂਸ ਕੈਪੀਟਲ ਕੰਪਨੀ ਵੱਲੋਂ 24 ਉਮੀਦਵਾਰਾਂ ਦਾ ਇੰਟਰਵੀਊ ਲਿਆ ਗਿਆ ਜਿਸ ਵਿੱਚੋਂ 12 ਉਮੀਦਵਾਰਾਂ ਨੂੰ ਨੌਕਰੀ ਲਈ ਸ਼ਾਰਟਲਿਸਟ ਕੀਤਾ ਗਿਆ ਹੈ। ਇਸ ਕੈਂਪ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਵੱਲੋ ਸ਼ਮੂਲੀਅਤ ਕਰਕੇ ਪ੍ਰਾਰਥੀਆਂ ਅਤੇ ਪਲੇਸਮੈਂਟ ਕੰਪਨੀ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਸਿਖਲਾਈ ਅਫਸਰ ਸੰਜੀਵ ਕੁਮਾਰ ਨਾਲ ਬਿਊਰੋ ਦਾ ਸਮੂਹ ਸਟਾਫ, ਐਸ.ਸੀ ਕਾਰਪੋਰੇਸ਼ਨ ਵੱਲੋਂ ਅਵਤਾਰ ਸਿੰਘ ਅਤੇ ਸੁਰਿੰਦਰ ਕੁਮਾਰ ਸਮੇਤ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਸ਼ੰਮੀ ਠਾਕੁਰ, ਸੁਮਿਤ ਸ਼ਰਮਾ ਅਤੇ ਰਾਜ ਕੁਮਾਰ ਮੌਜੂਦ ਸਨ।

# ਸਰਕਾਰ ਪੇਂਡੂ ਮਜ਼ਦੂਰਾਂ ਦੇ ਸੰਘਰਸ਼ ਨੂੰ ਅਣਗੌਲਿਆ ਨਾ ਕਰੇ : ਐਡਵੋਕੇਟ ਰਣਜੀਤ ਕੁਮਾਰ





**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**-ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਪੇਂਡੂ ਮਜ਼ਦੂਰਾਂ ਦਾ ਸਥਾਨਕ ਐੱਸ ਐੱਸ ਪੀ ਦਫ਼ਤਰ ਅੱਗੇ ਅਣਮਿੱਥੇ ਸਮੇਂ ਲਈ ਲਗਾਇਆ ਮੋਰਚਾ ਬਿਨਾਂ ਬਿਜਲੀ ਪੱਖੇ ਤੋਂ 44 ਡਿਗਰੀ ਸੈਲਸੀਅਸ ਤੋਂ ਵੱਧ ਧਰਤੀ ਤੇ ਅਸਮਾਨ ਚੋਂ ਅੱਗ ਵਰ੍ਹਾਉਂਦੇ ਤਾਪਮਾਨ ਵਿੱਚ ਅਤੇ ਪ੍ਰਸ਼ਾਸਨ ਦੇ ਕਠੋਰ ਤੇ ਦਲਿਤ ਵਿਰੋਧੀ ਰਵੱਈਏ ਦੇ ਬਾਵਜੂਦ ਵੀ ਉਨ੍ਹਾਂ ਦੇ ਹੌਸਲੇ ਬੁਲੰਦ ਰਹੇ।ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਨੇ ਸੰਬੋਧਨ ਕੀਤਾ। ਉਨਾਂ ਕਿਹਾ ਕਿ ਸਰਕਾਰ ਜਾਣਬੁੱਝ ਕੇ ਮਜ਼ਦੂਰਾਂ ਦੇ ਸ਼ਾਂਤਮਈ ਅੰਦੋਲਨ ਵਿਚ ਦਖਲਅੰਦਾਜ਼ੀ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਮਜ਼ਦੂਰਾਂ ਦੇ ਅੰਦੋਲਨ ਨੂੰ ਅਣਗੌਲਿਆਂ ਨਾ ਕਰੇ। ਉਨ੍ਹਾਂ ਦੁਹਰਾਇਆ ਕਿ ਅਣਮਿੱਥੇ ਸਮੇਂ ਲਈ ਮੋਰਚਾ ਓਨਾ ਚਿਰ ਜਾਰੀ ਰਹੇਗਾ, ਜਿੰਨਾ ਚਿਰ ਜੇਲ੍ਹ ਵਿੱਚ ਬੰਦ 3 ਦਲਿਤ ਮਜ਼ਦੂਰ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਨਹੀਂ ਕੀਤਾ ਜਾਂਦਾ ਅਤੇ ਐੱਮ ਐੱਲ ਏ ਟਾਂਡਾ ਅਤੇ ਉਸ ਦੇ ਹਮਾਇਤੀਆਂ ਖਿਲਾਫ਼ ਐੱਸ ਸੀ ਐੱਸ ਟੀ ਐਕਟ ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਕਾਰਵਾਈ ਨਹੀਂ ਕੀਤੀ ਜਾਂਦੀ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਭਰਮ ਪਾਲਣਾ ਛੱਡ ਕੇ ਇਤਿਹਾਸ ਦੀ ਕੰਧ ਉੱਪਰ ਲਿਖਿਆ ਪੜ੍ਹ ਲਵੇ। ਤੁਹਾਡੇ ਦੁਬਾਉਣ ਨਾਲ ਦਲਿਤ ਮਜ਼ਦੂਰਾਂ ਦੀ ਪ੍ਰੋਵੈਸ਼ਨਲ ਗੌਰਮੈਂਟ ਦੀਆਂ ਜ਼ਮੀਨਾਂ ਤੋਂ ਨਜਾਇਜ਼ ਕਬਜ਼ੇ ਹਟਾ ਕੇ ਦਲਿਤਾਂ ਨੂੰ ਮਾਲਕੀ ਹੱਕ ਦੇਣ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ ਅਤੇ ਲੋੜਵੰਦ ਪਰਵਾਰਾਂ ਨੂੰ ਰਿਹਾਇਸ਼ੀ ਪਲਾਟ ਅਲਾਟ ਕਰਨ, ਦਿਹਾੜੀ ਵਿੱਚ ਵਾਧਾ ਕਰਨ ਅਤੇ ਬਕਾਏ ਘਰੇਲੂ ਬਿਜਲੀ ਬਿੱਲ ਮੁਆਫ਼ੀ ਲਈ ਉੱਠਣ ਵਾਲੀ ਹੱਕ ਆਵਾਜ਼ ਹੱਕ ਦੱਬਣੀ ਨਹੀਂ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਹਰਮੇਸ਼ ਢੇਸੀ ਅਤੇ ਸੰਤੋਖ ਸਿੰਘ ਸੰਧੂ ਤੋਂ ਇਲਾਵਾ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਰਾਜ ਕੁਮਾਰ ਪੰਡੋਰੀ, ਹੰਸ ਰਾਜ ਪੱਬਵਾਂ, ਗੁਰਪ੍ਰੀਤ ਸਿੰਘ ਚੀਦਾ, ਜੀ ਐੱਸ ਅਟਵਾਲ ਅਤੇ ਮੇਜਰ ਸਿੰਘ ਆਦਿ ਨੇ ਸੰਬੋਧਨ ਕੀਤਾ।

# ਆਪ ਦੇ ਉਮੀਦਵਾਰ ਮਹਿੰਦਰ ਭਗਤ ਦੇ ਨਵੇਂ ਚੋਣਾਵੀ ਦਫ਼ਤਰ ਦਾ ਕੀਤਾ ਉਦਘਾਟਨ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** - ਪੰਜਾਬ ਦੀ ਚਰਚਿਤ ਸੀਟ ਜਲੰਧਰ ਪੱਛਮੀ ਹਲਕੇ ਦੀ 10 ਜੁਲਾਈ ਨੂੰ ਹੋ ਰਹੀ ਉਪ ਚੋਣ ਲਈ ਆਮ ਆਦਮੀ ਪਾਰਟੀ ਦੀ ਸਰਗਰਮੀ ਨੂੰ ਅੱਜ ਉਦੋਂ ਹੋਰ ਬਲ ਮਿਲਿਆ ਜਦੋਂ ਸ਼ਹਿਰ ਦੀ 120 ਫੁੱਟੀ ਰੋਡ 'ਤੇ ਲੱਕੀ ਪੈਲੇਸ 'ਚ ਮੋਹਿੰਦਰ ਭਗਤ ਦਾ ਚੋਣਾਵੀ ਦਫਤਰ ਖੋਲ੍ਹਿਆ ਗਿਆ । ਇਸ ਮੌਕੇ ਭਗਵੰਤ ਸਿੰਘ ਮਾਨ ਸਰਕਾਰ ਵਿੱਚ ਮੰਤਰੀਆਂ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਨੇ ਵਿਸ਼ੇਸ਼ ਤੌਰ 'ਤੇ ਪੁੱਜ ਕੇ ਦੱਸਿਆ ਕਿ ਮੋਹਿੰਦਰ ਭਗਤ ਹਲਕਾ ਪੱਛਮੀ ਜਲੰਧਰ ਦੇ ਪਰਖੇ ਹੋਏ, ਨਿਮਰਤਾਵਾਨ ਤੇ ਮਿਹਨਤੀ ਲੀਡਰ ਹਨ । ਅਜਿਹੇ ਲੀਡਰ ਆਮ ਆਦਮੀ ਪਾਰਟੀ ਵਿੱਚ ਸੂਝਵਾਨ ਸੋਚ ਦੇ ਪ੍ਰਤੀਕ ਹੁੰਦੇ ਹਨ । ਇਸ ਮੌਕੇ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਲੋਕਾਂ ਨੇ ਪੰਜਾਬ ਸਰਕਾਰ ਦੀਆਂ ਲੋਕ ਹਿਤੂ ਨੀਤੀਆਂ ਦੇ ਨਾਮ ਲੈ-ਲੈ ਕੇ ਨਾਅਰੇ ਲਗਾਏ ਤੇ ਮੋਹਿੰਦਰ ਭਗਤ ਨੂੰ ਵੱਧ ਤੋਂ ਵੱਧ ਲੀਡ ਨਾਲ ਜਿਤਾਉਣ ਦਾ ਐਲਾਨ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਕੁਲਦੀਪ ਸਿੰਘ ਧਾਲੀਵਾਲ, ਗੁਰਨਾਮ ਸਿੰਘ ਭੁੱਲਰ, ਬ੍ਰਹਮ ਸ਼ੰਕਰ ਜਿੰਪਾ ਸਮੇਤ ਵਿਧਾਇਕ ਅਮਨ ਅਰੋੜਾ, ਸੀਨੀਅਰ ਆਗੂ ਬਲਤੇਜ ਪੰਨੂ, ਹਰਚਰਨ ਸਿੰਘ ਬਰੱਸਟ, ਪਵਨ ਕੁਮਾਰ ਟੀਨੂੰ ਤੇ ਹੋਰ ਬਹੁਤ ਸਾਰੇ ਹਲਕਾ ਇੰਚਾਰਜ ਹਾਜ਼ਰ ਸਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਪੱਛਮੀ ਜਲੰਧਰ ਤੋਂ ਉਮੀਦਵਾਰ ਮੋਹਿੰਦਰ ਭਗਤ ਨੇ ਦੱਸਿਆ ਕਿ ਉਹ ਹਮੇਸ਼ਾ ਲੋਕ ਸੇਵਾ ਲਈ ਤਤਪਰ ਰਹਿੰਦੇ ਹਨ ਤੇ ਹਲਕਾ ਜਲੰਧਰ ਪੱਛਮੀ ਦੀਆਂ ਸਮੱਸਿਆਵਾਂ ਤੋਂ ਭਲੀ ਭਾਂਤੀ ਵਾਕਫ ਹਨ। ਉਨ੍ਹਾਂ ਕਿਹਾ ਕਿ ਉਹ ਇਸ ਹਲਕੇ ਦੇ ਇਕੱਲੇ-ਇਕੱਲੇ ਘਰ ਤੋਂ ਵਾਕਫ ਹਨ ਤੇ ਚੋਣ ਜਿੱਤਣ ਪਿੱਛੋਂ ਜਲੰਧਰ ਪੱਛਮੀ ਹਲਕੇ ਨੂੰ ਵਿਕਾਸ ਪੱਖੋਂ ਚੋਟੀ 'ਤੇ ਲੈ ਜਾਣਗੇ।

# ਜਲੰਧਰ ਦੇ ਲੋਕ ਮਹਿੰਦਰ ਭਗਤ ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ ਤੇ ਧੋਖੇਬਾਜ਼ਾਂ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ : ਭਗਵੰਤ ਮਾਨ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਜਲੰਧਰ ਪੱਛਮੀ ਵਿਧਾਨ ਸਭਾ ਉਪ ਚੋਣ ਲਈ ਆਮ ਆਦਮੀ ਪਾਰਟੀ (ਆਪ) ਨੂੰ ਵੱਡਾ ਹੁਲਾਰਾ ਮਿਲਿਆ ਹੈ। ਇਸ ਦੇ ਨਾਲ ਹੀ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਪਾਰਟੀ ਨੂੰ ਵੱਡਾ ਝਟਕਾ ਲੱਗਿਆ ਹੈ। ਵੀਰਵਾਰ ਨੂੰ ਕਾਂਗਰਸ ਤੇ ਭਾਜਪਾ ਦੇ ਸੈਂਕੜੇ ਆਗੂ ਤੇ ਵਰਕਰ ਪਾਰਟੀ ਛੱਡ ਕੇ ਆਪ 'ਚ ਸ਼ਾਮਲ ਹੋ ਗਏ।ਭਾਜਪਾ ਦੇ ਸੀਨੀਅਰ ਆਗੂ ਹਰਜਿੰਦਰ ਸਿੰਘ ਲੱਡਾ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਹਰਜਿੰਦਰ ਸਿੰਘ ਲੱਡਾ ਦੇ ਨਾਲ ਭਾਜਪਾ ਆਗੂ ਸੁਮਿਤ ਹਾਂਡਾ, ਯਸ਼ ਵੋਹਰਾ, ਗਗਨ ਕੁਮਾਰ, ਪ੍ਰਵੀਨ ਚਾਵਲਾ, ਗੁਰਦਿਆਲ ਸਿੰਘ ਪ੍ਰੀਤ, ਬੀ.ਕੇ ਮਣੀ, ਕਰਮ ਸਿੰਘ ਅਤੇ ਸੁਨੀਲ ਕੁਮਾਰ ਵੀਘਾ 'ਆਪ' ਵਿੱਚ ਸ਼ਾਮਲ ਹੋਏ।ਕਾਂਗਰਸ ਦੇ ਕਈ ਸੀਨੀਅਰ ਆਗੂ ਵੀ ਆਪਣੀ ਪਾਰਟੀ ਛੱਡ ਕੇ 'ਆਪ' ਵਿੱਚ ਸ਼ਾਮਲ ਹੋ ਗਏ ਹਨ। ਕਾਂਗਰਸ ਦੇ ਜਲੰਧਰ ਜ਼ਿਲ੍ਹਾ ਮੀਤ ਪ੍ਰਧਾਨ ਅਜੈ ਕੁਮਾਰ, ਬਲਾਕ ਜਨਰਲ ਸਕੱਤਰ ਰਣਜੀਤ ਸਿੰਘ ਲਾਡੀ, ਕਾਂਗਰਸੀ ਆਗੂ ਰਵਿੰਦਰ ਸਿੰਘ ਮੋਂਟੂ, ਕਿਮੀ ਕੇਸਰ, ਅਮਿਤ ਭਗਤ, ਪਰਮ ਪ੍ਰੀਤ ਸਿੰਘ, ਸ਼ਸ਼ੀ ਭਗਤ, ਨਰੇਸ਼ ਭਗਤ, ਰਜਿੰਦਰ ਭਗਤ, ਰਾਕੇਸ਼ ਭਗਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਪਵਨ ਕੁਮਾਰ ਟੀਨੂੰ ਅਤੇ ਆਪ ਵਿਧਾਇਕ ਬਰਿੰਦਰ ਗੋਇਲ ਦੀ ਮੌਜੂਦਗੀ 'ਚ ਮੁੱਖ ਮੰਤਰੀ ਭਗਵੰਤ ਮਾਨ ਨੇ ਰਸਮੀ ਤੌਰ 'ਤੇ ਸਾਰੇ ਆਗੂਆਂ ਨੂੰ ਪਾਰਟੀ 'ਚ ਸ਼ਾਮਲ ਕੀਤਾ ਅਤੇ ਉਨ੍ਹਾਂ ਦਾ ਸਵਾਗਤ ਕੀਤਾ।ਇਸ ਮੌਕੇ ਆਪਣੇ ਬਿਆਨ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਜਲੰਧਰ ਦੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਡਟ ਕੇ ਖੜ੍ਹੇ ਹਨ। 2022 ਦੀਆਂ ਚੋਣਾਂ ਵਿੱਚ ਵੀ ਇੱਥੋਂ ਦੇ ਲੋਕਾਂ ਨੇ 'ਆਪ' ਦੇ ਉਮੀਦਵਾਰ ਨੂੰ ਜਿਤਾਇਆ ਸੀ, ਪਰ ਉਸ ਦੀ ਧੋਖਾਧੜੀ ਅਤੇ ਜਨਤਾ ਦੇ ਫ਼ਤਵੇ ਦਾ ਨਿਰਾਦਰ ਕਰਨ ਕਾਰਨ ਮੁੜ ਚੋਣਾਂ ਦੀ ਲੋੜ ਪੈ ਗਈ, ਪਰ ਮੈਨੂੰ ਪੂਰਾ ਭਰੋਸਾ ਹੈ ਕਿ ਇਸ ਵਾਰ ਵੀ ਇੱਥੋਂ ਦੇ ਲੋਕ ਭਾਰੀ ਬਹੁਮਤ ਨਾਲ ਆਪ ਉਮੀਦਵਾਰ ਮਹਿੰਦਰ ਭਗਤ ਨੂੰ ਜਿਤਾਉਣਗੇ ਅਤੇ ਧੋਖੇਬਾਜ਼ਾਂ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ।

# ਨਹਿਰੀ ਰਜਵਾਹਿਆਂ ਦੇ ਧਰਾਤਲ ਨੂੰ ਪੱਕਾ ਨਾ ਕੀਤਾ ਜਾਵੇ : ਭੱਜਲ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸੀ.ਪੀ.ਆਈ.(ਐਮ) ਪੰਜਾਬ ਰਾਜ ਕਮੇਟੀ ਦੇ ਫੈਸਲੇ 'ਤੇ ਅਮਲ ਕਰਦਿਆਂ ਅੱਜ ਮਿਨੀ ਸਕੱਤਰੇਤ ਹੁਸ਼ਿਆਰਪੁਰ ਅੱਗੇ ਸਾਥੀਆਂ ਨੇ ਭਰਵਾਂ ਇਕੱਠ ਕਰਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਤੇ ਜ਼ਿਲ੍ਹਾ ਸਕੱਤਰ ਸਾਥੀ ਗੁਰਨੇਕ ਸਿੰਘ ਭੱਜਲ ਨੇ ਮੰਗ ਪੱਤਰ ਪੜ੍ਹ ਕੇ ਸਾਥੀਆਂ ਨੂੰ ਸੁਣਾਇਆ ਜਿਸ ਵਿੱਚ ਮੰਗ ਕੀਤੀ ਗਈ ਕਿ ਪੰਜਾਬ ਅੰਦਰ ਦਰਿਆਵਾਂ ਰਾਹੀਂ ਹਰ ਸਾਲ ਹੁੰਦੇ ਨੁਕਸਾਨ ਨੂੰ ਰੋਕਣ ਵਾਸਤੇ ਅਗਾਊਂ ਪ੍ਰਬੰਧ ਕੀਤੇ ਜਾਣ ਅਤੇ ਨਹਿਰੀ ਰਜਵਾਹੇ ਜੋ ਕਿ ਪੱਕੇ ਕੀਤੇ ਜਾ ਰਹੇ ਹਨ, ਉਨ੍ਹਾਂ ਦੇ ਧਰਾਤਲ ਪੱਕੇ ਨਾ ਕੀਤੇ ਜਾਣ ਤਾਂ ਕਿ ਪਾਣੀ ਧਰਤੀ ਵਿੱਚ ਜਾਂਦਾ ਰਹੇ। ਉਨ੍ਹਾਂ ਮੰਗ ਕੀਤੀ ਕਿ ਕੰਢੀ ਕੈਨਾਲ ਕੰਢੀ ਇਲਾਕੇ ਦੇ ਕਿਸਾਨਾਂ ਲਈ ਖੇਤੀਬਾੜੀ ਨੂੰ ਪ੍ਰਫੁਲਤ ਕਰਨ ਲਈ ਕੱਢੀ ਗਈ ਸੀ। ਪਰ ਦੁੱਖ ਦੀ ਗੱਲ ਹੈ ਕਿ ਸਾਰੇ ਨਿਯਮ ਛਿੱਕੇ ਟੰਗ ਕੇ ਇਸ ਦਾ ਪਾਣੀ ਕੁਆਂਟਮ ਪੇਪਰਜ਼ ਲਿਮਟਿਡ ਸੈਲਾ ਖੁਰਦ (ਹੁਸ਼ਿਆਰਪੁਰ) ਨੂੰ ਕਮਰਸ਼ੀਅਲ ਵਰਤੋਂ ਲਈ ਦਿੱਤਾ ਜਾ ਰਿਹਾ ਹੈ, ਜੋ ਕਿ ਇਕ ਕਿਸਾਨ ਵਿਰੋਧੀ ਕਦਮ ਹੈ। ਮਿੱਲ ਨੂੰ ਪਾਣੀ ਦੇਣਾ ਤੁਰੰਤ ਬੰਦ ਕੀਤਾ ਜਾਵੇ ਅਤੇ ਕੰਢੀ ਦੇ ਕਿਸਾਨਾਂ ਦੀਆਂ ਫਸਲਾਂ ਨੂੰ ਪਾਣੀ ਦੇਣ ਦਾ ਮੁਕੰਮਲ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਸਾਥੀ ਗੁਰਨੇਕ ਸਿੰਘ ਭੱਜਲ, ਦਰਸ਼ਨ ਸਿੰਘ ਮੱਟੂ, ਗੁਰਮੇਸ਼ ਸਿੰਘ, ਆਸ਼ਾ ਨੰਦ, ਮਹਿੰਦਰ ਕੁਮਾਰ ਬੱਢੋਆਣ, ਰਣਜੀਤ ਸਿੰਘ ਚੌਹਾਨ, ਹਰਬੰਸ ਸਿੰਘ ਧੂਤ, ਨੀਲਮ ਰਾਣੀ, ਹਰਭਜਨ ਸਿੰਘ ਅਟਵਾਲ ਅਤੇ ਗੁਰਬਖਸ਼ ਸਿੰਘ ਸੂਸ ਆਦਿ ਸਾਥੀਆਂ ਨੇ ਏ.ਡੀ.ਸੀ. ਰਾਹੁਲ ਚਾਬਾ ਨੂੰ ਮੰਗ ਪੱਤਰ ਦਿੰਦਿਆਂ ਉਨ੍ਹਾਂ ਨੂੰ ਕਿਹਾ ਕਿ ਆਪਣੀ ਪੁਰਜ਼ੋਰ ਸਿਫਾਰਸ਼ ਕਰਦਿਆਂ ਹੋਇਆਂ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਜਾਵੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸਾਥੀ ਬਲਵਿੰਦਰ ਸਿੰਘ, ਅਜੀਤ ਸਿੰਘ ਲਾਲੋਵਾਲ, ਪਰਸਨ ਸਿੰਘ ਲਹਿਲੀ, ਸ਼ੇਰ ਜੰਗ ਬਹਾਦਰ, ਪ੍ਰੇਮ ਰਾਣਾ, ਚਮਨ ਲਾਲ, ਪੰਕਜ ਠਾਕੁਰ ਅਤੇ ਵਿਜੈ ਸਿੰਘ ਪੋਤਾ ਆਦਿ ਵੀ ਹਾਜ਼ਰ ਸਨ।

# ਰਸਾਇਣਯੁਕਤ ਖਾਧ ਪਦਾਰਥ ਮਾਨਵ ਜੀਵਨ ਤੇ ਵਾਤਾਵਰਨ ਲਈ ਘਾਤਕ: ਸੰਜੀਵ ਅਰੋੜਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਭਾਰਤ ਵਿਕਾਸ ਪਰਿਸ਼ਦ ਵਲੋਂ ਵਾਤਾਵਰਣ ਦੀ ਸੰਭਾਲ ਅਤੇ ਖਾਧ ਪਦਾਰਥਾਂ ਵਿੱਚ ਵਧਦੇ ਰਸਾਇਣਾਂ ਦੇ ਪ੍ਰਭਾਵ ਵਿਸ਼ੇ 'ਤੇ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਪ੍ਰਧਾਨਗੀ ਵਿੱਚ ਬੈਠਕ ਕੀਤੀ ਗਈ। ਇਸ ਮੌਕੇ ਸੰਜੀਵ ਅਰੋੜਾ ਨੇ ਕਿਹਾ ਕਿ ਵਾਤਾਵਰਣ ਸੰਭਾਲ ਗੱਲਾਂ ਨਾਲ ਹੀ ਨਹੀਂ ਬਲਕਿ ਇਸ ਦੇ ਲਈ ਜ਼ਮੀਨੀ ਪੱਧਰ 'ਤੇ ਵੀ ਯਤਨ ਕਰਨ ਨਾਲ ਵੀ ਸੰਭਵ ਹੋ ਸਕੇਗਾ। ਉਨ੍ਹਾਂ ਕਿਹਾ ਕਿ ਵਿਗੜਦੇ ਵਾਤਾਵਰਣ ਸੰਤੁਲਨ ਦੇ ਲਈ ਮਾਨਵ ਸਭ ਤੋਂ ਵੱਧ ਜ਼ਿੰਮੇਦਾਰ ਹੈ ਕਿਉਂਕਿ ਮਾਨਵ ਘੱਟ ਸਮੇਂ ਵਿੱਚ ਜ਼ਿਆਦਾ ਮੁਨਾਫਾ ਲੈਣ ਦੇ ਚੱਕਰ ਵਿੱਚ ਜਿੱਥੇ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਕਰਨ ਵਿੱਚ ਲਗਾ ਹੋਇਆ ਹੈ, ਉਥੇ ਕਣਕ, ਮੱਕੀ, ਫਲ ਅਤੇ ਸਬਜ਼ੀਆਂ ਵਿੱਚ ਵਧਦਾ ਰਸਾਇਣ ਦਾ ਪ੍ਰਭਾਵ ਵੀ ਇਸ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਐਨਾ ਹੀ ਨਹੀ ਮਿਠਾਈਆਂ ਵਿੱਚ ਵਧਦੇ ਸਕ੍ਰੀਨ ਤੇ ਪ੍ਰਯੋਗ ਅਤੇ ਸਿੰਥੈਟਿਕ ਮਿਠਾਈਆਂ ਦੇ ਚਲਨ ਨਾਲ ਵੀ ਮਾਨਵ ਜੀਵਨ ਅਤੇ ਵਾਤਾਵਰਣ 'ਤੇ ਵਿਪਰੀਤ ਅਸਰ ਪੈ ਰਿਹਾ ਹੈ, ਜਿਸ ਨੂੰ ਰੋਕਣ ਲਈ ਜਿਥੇ ਸਬੰਧਤ ਵਿਭਾਗ ਨੂੰ ਪੂਰੀ ਸਖਤੀ ਦੇ ਨਾਲ ਕਾਰਵਾਈ ਅਮਲ ਵਿੱਚ ਲਿਆਉਣੀ ਚਾਹੀਦੀ ਹੈ ਉਥੇ ਸਮਾਜ ਸੇਵੀ ਅਤੇ ਵਾਤਾਵਰਣ ਸੰਭਾਲ ਦੇ ਕਾਰਜਾਂ ਵਿੱਚ ਲੱਗੀਆਂ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਜਾਗਰੂਕ ਕਰਨ ਤਾਂ ਕਿ ਰਸਾਇਣਯੁਕਤ ਵਸਤੂਆਂ ਦਾ ਪ੍ਰਯੋਗ ਨਾ ਕੀਤਾ ਜਾ ਸਕੇ। ਸੰਜੀਵ ਅਰੋੜਾ ਨੇ ਦੱਸਿਆ ਕਿ ਹੈਰਾਨੀ ਦੀ ਗੱਲ ਹੈ ਕਿ ਫਲਾਂ ਨੂੰ ਪਕਾਉਣ ਦੇ ਲਈ ਜਿੱਥੇ ਪੌਂਟਾਸ਼ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਸੀ ਉਥੇ ਹੁਣ ਚਾਈਨਾ ਦੁਆਰਾ ਤਿਆਰ ਪਾਊਡਰ ਦਾ ਪ੍ਰਯੋਗ ਵਧਣ ਲੱਗਾ ਹੈ। ਇਹ ਪਾਊਡਰ ਬਹੁਤ ਹਾਨੀਕਾਰਕ ਹੈ। ਜਿਸ 'ਤੇ ਰੋਕ ਲਗਾਈ ਜਾਣੀ ਬਹੁਤ ਜ਼ਰੂਰੀ ਹੈ। ਇਸ ਮੌਕੇ ਰਾਜਿੰਦਰ ਮੋਦਗਿਲ, ਐਚ.ਕੇ.ਨਕੜਾ,ਐਨ.ਕੇ.ਗੁਪਤਾ ਅਤੇ ਐਮ.ਪੀ.ਸਿੰਘ ਨੇ ਕਿਹਾ ਕਿ ਵਾਤਾਵਰਣ ਨਾਲ ਛੇੜਛਾੜ ਦੇ ਨਤੀਜੇ ਸਾਨੂੰ ਭੁਗਤਣੇ ਪੈ ਰਹੇ ਹਨ ਅਤੇ ਜੇ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕੋਸਣਗੀਆਂ ਕਿਉਂਕਿ ਤਦ ਤੱਕ ਇਨਾਂ ਸਭ 'ਤੇ ਕਾਬੂ ਪਾਉਣਾ ਅਸੰਭਵ ਹੋ ਚੁੱਕਿਆ ਹੋਵੇਗਾ। ਉਨ੍ਹਾਂ ਨੇ ਫਲ ਵੇਚਣ ਵਾਲਿਆਂ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਫਲਾਂ ਅਤੇ ਸਬਜ਼ੀਆਂ ਨੂੰ ਪਕਾਉਣ ਦੇ ਲਈ ਕਿਸੇ ਵੀ ਪ੍ਰਕਾਰ ਦੇ ਰਸਾਇਣ ਅਤੇ ਮਸਾਲੇ ਦਾ ਪ੍ਰਯੋਗ ਨਾ ਕਰਨ ਅਤੇ ਹਲਵਾਈਆਂ ਨੂੰ ਵੀ ਅਪੀਲ ਕਰਦੇ ਹੋਏ ਕਿਹਾ ਕਿ ਉਹ ਸਿੰਥੈਟਿਕ ਰਸਾਂ ਅਤੇ ਮਿਠਾਈਆਂ ਤੋਂ ਪਰਹੇਜ਼ ਕਰਨ।

# ਡੀ ਐੱਸ ਪੀ ਵੱਲੋਂ ਪੰਡੋਰੀ ਅਰਾਈਆਂ 'ਚ ਡਰੱਗ ਵਿਰੋਧੀ ਸੈਮੀਨਾਰ



**ਭੁਲੱਥ, (ਮਨਪ੍ਰੀਤ ਸਿੰਘ)**-ਵਤਸਲਾ ਗੁਪਤਾ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੁਰਿੰਦਰਪਾਲ ਧੋਗੜੀ ਉਪ ਪੁਲਸ ਕਪਤਾਨ ਸਬ ਡਵੀਜ਼ਨ ਭੁਲੱਥ ਵਲੋਂ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਸਬ ਡਵੀਜ਼ਨ ਕਸਬਾ ਭੁਲੱਥ ਦੇ ਪਿੰਡ ਪੰਡੋਰੀ ਅਰਾਈਆਂ ਵਿਖੇ ਡਰੱਗ ਸੈਮੀਨਾਰ ਲਗਾਇਆ ।ਇਸ ਸੈਮੀਨਾਰ ਦੌਰਾਨ ਐਸ.ਆਈ. ਬਲਜਿੰਦਰ ਸਿੰਘ ਮੁੱਖ ਅਫਸਰ ਥਾਣਾ ਭੁਲੱਥ ਅਤੇ ਹੋਰ ਪੁਲਸ ਕਰਮਚਾਰੀ ਅਤੇ ਪਿੰਡ ਪੰਡੋਰੀ ਅਰਾਈਆਂ ਦੇ ਮੋਹਤਬਰ ਵਿਅਕਤੀਆਂ ਤੇ ਔਰਤਾਂ ਨੇ ਭਾਗ ਲਿਆ। ਇਸ ਸੈਮੀਨਾਰ ਦੌਰਾਨ ਡੀ.ਐਸ.ਪੀ ਭੁਲੱਥ ਨੇ ਆਏ ਹੋਏ ਵਿਅਕਤੀਆਂ ਨੂੰ ਆਪਣੇ ਨੌਜਵਾਨ ਬੱਚਿਆਂ ਨੂੰ ਨਸ਼ੇ ਦੇ ਕੋਹੜ ਤੋਂ ਦੂਰ ਰੱਖਣ ਦੀ ਅਪੀਲ ਕੀਤੀ ਅਤੇ ਨਸ਼ਿਆਂ ਦੀ ਰੋਕਥਾਮ ਸਬੰਧੀ ਨਸ਼ੇ ਤੋਂ ਹੋਣ ਵਾਲੇ ਨੁਕਸਾਨ ਤੋਂ ਜਾਗਰੂਕ ਕੀਤਾ ਗਿਆ। ਉਨ੍ਹਾਂ ਮੋਹਤਬਰ ਵਿਅਕਤੀਆਂ ਨੂੰ ਅਪੀਲ ਕੀਤੀ ਕਿ ਨਸ਼ਾ ਮੁਕਤ ਪੰਜਾਬ ਮੁਹਿੰਮ ਸਫਲ ਬਣਾਉਣ ਲਈ ਪੁਲਸ ਨੂੰ ਸਹਿਯੋਗ ਦਿਉ ਅਤੇ ਪਿੰਡ ਪੱਧਰ 'ਤੇ ਮੋਹਤਬਰ ਵਿਅਕਤੀਆਂ ਦੀ ਕਮੇਟੀ ਬਣਾਈ ਜਾਵੇ ਅਤੇ ਜੋ ਵਿਅਕਤੀ ਵੇਚਦੇ ਹਨ ਜਾਂ ਨਸ਼ੇ ਦਾ ਸੇਵਨ ਕਰਦੇ ਹਨ ਉਨ੍ਹਾਂ ਸਬੰਧੀ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਨਸ਼ੇ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਨੂੰ ਡੀ-ਐਡੀਕਸ਼ਨ ਸੈਂਟਰ ਵਿਚ ਦਾਖਲ ਕਰਵਾ ਕੇ ਉਨ੍ਹਾਂ ਦਾ ਇਲਾਜ ਕਰਵਾਇਆ ਜਾ ਸਕੇ ਅਤੇ ਜੋ ਨਸ਼ੇ ਦਾ ਧੰਦਾ ਕਰਦੇ ਹਨ, ਉਨ੍ਹਾਂ ਖਿਲਾਫ ਬਣਦੀ ਸਖਤ ਕਾਰਵਾਈ ਕੀਤੀ ਜਾ ਸਕੇ।

# ਭੱਲੜੀ ਸਵਾਂ ਨਦੀ 'ਤੇ ਬਣਿਆ ਪੁਲ ਚੁੱਕਿਆ



**ਭਲਾਣ ( ਹਰਭਜਨ ਢਿੱਲੋਂ)**- ਹਰ ਸਾਲ ਭੱਲੜੀ ਸਵਾਂ ਨਦੀ ਉੱਤੇ ਇਲਾਕੇ ਦੇ ਲੋਕ ਅਸਥਾਈ ਤੌਰ 'ਤੇ ਲੋਹੇ ਦਾ ਪੁਲ ਬਣਾ ਦਿੰਦੇ ਹਨ ਅਤੇ ਬਰਸਾਤ ਦੇ ਦਿਨਾਂ ਵਿੱਚ ਉਸ ਨੂੰ ਚੁੱਕ ਲੈਂਦੇ ਹਨ। ਅੱਜ ਇਸੇ ਤਰ੍ਹਾਂ ਪਿੰਡ ਭੱਲੜੀ ਦੀ ਸਵਾਂ ਨਦੀ ਉੱਤੇ ਮਹਿੰਦਪੁਰ, ਭੰਗਲ, ਦਿਆਪੁਰ, ਮਜਾਰੀ, ਭੱਲੜੀ, ਨਾਨਗਰਾਂ, ਖੇੜਾ ਕਲਮੋਟ ਆਦਿ ਪਿੰਡਾਂ ਦੇ ਲੋਕਾਂ ਨੇ ਖਰਾਬ ਮੌਸਮ ਨੂੰ ਦੇਖਦਿਆਂ ਹੋਇਆਂ ਭਾਰੀ ਬਰਸਾਤ ਪੈਣ ਦੇ ਡਰ ਤੋਂ ਸਵਾਂ ਨਦੀ ਉੱਤੇ ਬਣਿਆ ਪੁਲ ਚੁੱਕ ਲਿਆ ਹੈ। ਜਿਸ ਨਾਲ ਲੋਕਾਂ ਨੂੰ ਲੰਘਣ ਲਈ ਬਰਸਾਤ ਦੇ ਦਿਨਾਂ ਵਿੱਚ ਬਹੁਤ ਮੁਸ਼ਕਲ ਆਵੇਗੀ। ਦੱਸਣਯੋਗ ਹੈ ਕਿ ਇਹ ਅਸਥਾਈ ਬਣਿਆ ਹੋਇਆ ਪੁਲ ਇਲਾਕੇ ਦੇ 30-35 ਪਿੰਡਾਂ ਦੇ ਲੋਕਾਂ ਦੀਆਂ ਰਿਸ਼ਤੇਦਾਰੀਆਂ ਨੂੰ ਆਪਸ ਵਿੱਚ ਜੋੜਨ ਦਾ ਕੰਮ ਕਰਦਾ ਹੈ। ਇਸ ਬਣੇ ਹੋਏ ਪੁਲ ਦੇ ਉੱਤੋਂ ਲੋਕ ਦਿਨ ਰਾਤ ਲੰਘਦੇ ਹੋਏ ਆਪਣੀ ਮੰਜ਼ਿਲ ਤੈਅ ਕਰਦੇ ਹਨ। ਇਸ ਮੌਕੇ ਗੁਰਨਾਮ ਸਿੰਘ ਭੰਗਲ, ਸਿੰਦੂ ਨਾਨਗਰਾਂ, ਨਾਨਕ ਸਿੰਘ, ਡਾਕਟਰ ਰਮੇਸ਼, ਜਸਵਿੰਦਰ ਸਿੰਘ, ਸੁਰਿੰਦਰ ਸਿੰਘ, ਬਿੱਕਰ ਸਿੰਘ ਮਹਿੰਦਪੁਰ, ਜੱਸੀ, ਲੱਕੀ ਆਦਿ ਤੋਂ ਇਲਾਵਾ ਇਲਾਕੇ ਦੇ ਲੋਕਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਅਸਥਾਈ ਪੁਲ ਤੋਂ ਇਲਾਵਾ ਪੱਕਾ ਪੁਲ ਸਵਾਂ ਨਦੀ ਉੱਤੇ ਬਣਾਇਆ ਜਾਵੇ ਤਾਂ ਕਿ ਲੋਕ ਇਸ ਬਰਸਾਤ ਦੀ ਵੱਡੀ ਮੁਸੀਬਤ ਵਿੱਚੋਂ ਬਾਹਰ ਨਿਕਲ ਸਕਣ।

# ਨਾਕਾਬੰਦੀ ਦੌਰਾਨ ਵਾਹਨਾਂ ਦੀ ਕੀਤੀ ਚੈਕਿੰਗ



**ਭੁਲੱਥ, (ਮਨਪ੍ਰੀਤ ਸਿੰਘ)**-ਐਸ.ਐਸ.ਪੀ ਕਪੂਰਥਲਾ ਮੈਡਮ ਵਤਸਲਾ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡੀ.ਐਸ.ਪੀ ਭੁਲੱਥ ਸੁਰਿੰਦਰ ਪਾਲ ਧੋਗੜੀ ਅਗਵਾਈ 'ਚ ਪੁਲਸ ਅਧਿਕਾਰੀਆਂ ਵਲੋਂ ਵੇਈਂ ਪੁਲ ਭੁਲੱਥ ਵਿਖੇ ਵਿਸ਼ੇਸ਼ ਨਾਕਾਬੰਦੀ ਦੌਰਾਨ ਵਾਹਨਾਂ ਦੀ ਚੈਕਿੰਗ ਕੀਤੀ ਗਈ। ਭੁਲੱਥ ਦਾ ਵੇਈ ਪੁਲ ਚੌਂਕ ਇਲਾਕੇ ਦਾ ਪ੍ਰਮੁੱਖ ਚੌਂਕ ਹੈ, ਜਿੱਥੇ ਬੇਗੋਵਾਲ, ਨਡਾਲਾ ਅਤੇ ਮਕਸੂਦਪੁਰ ਤੋਂ ਸੜਕਾਂ ਆ ਕੇ ਭੁਲੱਥ ਨੂੰ ਜਾਂਦੀ ਪ੍ਰਮੁੱਖ ਸੜਕ ਨਾਲ ਲੱਗਦੀਆਂ ਹਨ। ਡੀ ਐੱਸ ਪੀ ਨੇ ਦੱਸਿਆ ਕਿ ਇਹ ਚੈਕਿੰਗ ਇਲਾਕੇ ਅੰਦਰ ਅਮਨ ਕਾਨੂੰਨ ਵਿਵਸਥਾ ਕਾਇਮ ਰੱਖਣ ਲਈ ਕੀਤੀ ਗਈ ਹੈ ।

ਇਸ ਮੌਕੇ ਰੀਡਰ ਬਲਦੇਵ ਸਿੰਘ, ਏ.ਐਸ.ਆਈ ਪਰਮਜੀਤ ਸਿੰਘ, ਰੀਡਰ ਏ,.ਐਸ.ਆਈ ਰੁਪਿੰਦਰ ਸਿੰਘ ਸੰਧੂ, ਏ.ਐਸ.ਆਈ ਨਿਰਮਲ ਸਿੰਘ, ਐਸ ਆਈ ਰਣਜੀਤ ਸਿੰਘ, ਜਰਨੈਲ ਸਿੰਘ, ਪ੍ਰੀਤਮ ਸਿੰਘ ਹਾਜਰ ਸਨ।

# ਸਿਵਲ ਹਸਪਤਾਲ 'ਚ ਨਸ਼ਾ ਛਡਾਊ ਦਿਵਸ ਮਨਾਇਆ

**ਭੁਲੱਥ (ਮਨਪ੍ਰੀਤ ਸਿੰਘ)** -ਸਥਾਨਕ ਸਿਵਲ ਹਸਪਤਾਲ 'ਚ ਸਿਵਲ ਸਰਜਨ ਕਪੂਰਥਲਾ ਡਾਕਟਰ ਸੁਰਿੰਦਰ ਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾਕਟਰ ਹਰਜਿੰਦਰ ਸਿੰਘ ਤੇ ਸਮੂਹ ਸਟਾਫ ਵੱਲੋਂ ਨਸ਼ਾ ਛਡਾਊ ਦਿਵਸ ਮਨਾਇਆ ਗਿਆ।ਇਸ ਮੌਕੇ ਐਸ.ਐਮ.ਓ ਭੁਲੱਥ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਨਸ਼ਾ ਸਮਾਜ ਲਈ ਵੱਡਾ ਕੋਹੜ ਹੈ, ਜਿਸ ਕਰਕੇ ਨਸ਼ਿਆਂ ਤੋਂ ਬਚਣਾ ਚਾਹੀਦਾ ਹੈ ਤੇ ਆਪਣੇ ਸਮਾਜ ਨੂੰ ਸਹੀ ਸੇਧ ਦੇ ਕੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰਨੀ ਚਾਹੀਦੀ ਹੈ, ਜਿਸ ਕਰਕੇ ਨੌਜਵਾਨ ਵਰਗ ਨੂੰ ਅੱਗੇ ਆਉਣਾ ਚਾਹੀਦਾ ਹੈ ।

ਉਹਨਾਂ ਕਿਹਾ ਕਿ ਆਓ ਸਾਰੇ ਮਿਲ ਕੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰੀਏ ਤਾਂਕਿ ਦੇਸ਼ ਨੂੰ ਖੁਸ਼ਹਾਲ ਬਣਾਇਆ ਜਾ ਸਕੇ। ਇਸ ਮੌਕੇ ਸਾਰੇ ਸਟਾਫ ਵੱਲੋਂ ਨਾਅਰਾ ਲਗਾਇਆ ਗਿਆ, ਜ਼ਿੰਦਗੀ ਨੂੰ ਹਾਂ ਤੇ ਨਸ਼ਿਆਂ ਨੂੰ ਨਾ । ਇਸ ਮੌਕੇ ਆਏ ਹੋਏ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਸਿਹਤ ਸੁਪਰਵਾਈਜ਼ਰ ਦੀ ਦਿਲਬਾਗ ਸਿੰਘ, ਮੇਲ ਵਰਕਰ ਗੁਰਜੀਤ ਸਿੰਘ, ਦਵਿੰਦਰ ਕੌਰ ਏ.ਐਨ.ਐਮ, ਆਸ਼ਾ ਵਰਕਰ ਪਰਮਜੀਤ ਕੌਰ, ਮਨਦੀਪ ਕੌਰ, ਬਲਵਿੰਦਰ ਕੌਰ, ਮਨਪ੍ਰੀਤ ਕੌਰ, ਰੀਟਾ ਤੇ ਸਮੂਹ ਸਟਾਫ ਹਾਜ਼ਰ ਸੀ ।

# ਰਾਤ ਵੇਲੇ ਦੁਕਾਨ ਦੇ ਤਾਲੇ ਤੋੜ ਕੇ 2 ਲੱਖ 50 ਹਜ਼ਾਰ ਰੁਪਏ ਦੀਆਂ ਬੈਟਰੀਆਂ ਕੀਤੀਆਂ ਚੋਰੀ



**ਫਿਲੌਰ (ਨਿਰਮਲ)**- ਆਏ ਦਿਨ ਫਿਲੌਰ ਵਿੱਚ ਚੋਰੀ ਅਤੇ ਲੁੱਟਾ ਖੋਹਾਂ ਦੀਆਂ ਵਾਰਦਾਤਾਂ ਦਿਨੋ ਦਿਨ ਵਧਦੀਆਂ ਜਾ ਰਹੀਆਂ ਹਨ ਜੋ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਇਹੋ ਜਿਹਾ ਮਾਮਲਾ ਅੱਜ ਫਿਲੌਰ ਰਾਮਗੜ੍ਹ ਨੈਸ਼ਨਲ ਹਾਈਵੇ 'ਤੇ ਸਥਿਤ ਇੱਕ ਦੁਕਾਨ 'ਤੇ ਦੇਖਣ ਨੂੰ ਮਿਲਿਆ ਜਿੱਥੇ ਚੋਰਾਂ ਵੱਲੋਂ ਬੈਟਰੀਆਂ ਵਾਲੀ ਦੁਕਾਨ 'ਤੇ ਹੱਥ ਸਾਫ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੁਕਾਨ ਦੇ ਮਾਲਕ ਹਰਦੀਪ ਸਿੰਘ ਨੇ ਦੱਸਿਆ ਕਿ ਉਸ ਦੀ ਦੁਕਾਨ ਕੂਕਾ ਟਰੇਡਿੰਗ ਦੇ ਨਾਮ 'ਤੇ ਹੈ। ਉਸ ਨੂੰ ਸਵੇਰੇ ਫੋਨ ਆਇਆ ਕਿ ਉਸ ਦੀ ਦੁਕਾਨ ਦਾ ਸ਼ਟਰ ਟੁੱਟਾ ਹੋਇਆ ਹੈ ਤੇ ਜਦੋਂ ਉਸ ਨੇ ਆ ਕੇ ਦੇਖਿਆ ਤਾਂ ਉਸ ਦੀ ਦੁਕਾਨ ਵਿੱਚੋਂ ਬੈਟਰੀਆਂ ਚੋਰੀ ਹੋਈਆਂ ਸਨ ਜਿਨ੍ਹਾਂ ਦੀ ਕੀਮਤ ਲਗਭਗ ਦੋ ਤੋਂ ਢਾਈ ਲੱਖ ਦੱਸੀ ਜਾ ਰਹੀ ਹੈ। ਉਸ ਨੇ ਦੱਸਿਆ ਕਿ ਉਸ ਦੀ ਦੁਕਾਨ ਵਿੱਚ ਸੀ ਸੀ ਟੀ ਵੀ ਕੈਮਰੇ ਵੀ ਲੱਗੇ ਹੋਏ ਹਨ ਪਰ ਚੋਰ ਇੰਨੇ ਸ਼ਾਤਰ ਸੀ ਕਿ ਆਪਣੇ ਨਾਲ ਹੀ ਸੀਸੀਟੀਵੀ ਕੈਮਰਿਆਂ ਦਾ ਲੱਗਿਆ ਡੀ ਵੀ ਆਰ ਵੀ ਚੁੱਕ ਕੇ ਲੈ ਗਏ। ਉਸ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕੀ ਚੋਰਾਂ ਨੂੰ ਫੜ ਕੇ ਸਲਾਖਾਂ ਪਿੱਛੇ ਦਿੱਤਾ ਜਾਵੇ ਅਤੇ ਉਸ ਦਾ ਸਮਾਨ ਉਸ ਨੂੰ ਵਾਪਸ ਦਿਵਾਇਆ ਜਾਵੇ।

# ਅੰਮ੍ਰਿਤਧਾਰੀ ਲੜਕੀ ਨੂੰ ਪ੍ਰੀਖਿਆ 'ਚ ਨਾ ਬੈਠਣ ਦੇਣਾ ਸੰਵਿਧਾਨ ਦੀ ਵੱਡੀ ਉਲੰਘਣਾ : ਮਿਸ਼ਨਰੀ ਕਾਲਜ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**: ਰਾਜਸਥਾਨ ਲੋਕ ਸੇਵਾ ਕਮਿਸ਼ਨ ਵਲੋਂ 23 ਜੂਨ ਨੂੰ ਰਾਜਸਥਾਨ ਜੁਡੀਸ਼ੀਅਲ ਮੁਕਾਬਲਾ ਪ੍ਰੀਖਿਆ ਲਈ ਕਰਵਾਏ ਗਏ ਪੇਪਰ ਸਮੇਂ ਜੋਧਪੁਰ ਦੇ ਇੱਕ ਪ੍ਰੀਖਿਆ ਕੇਂਦਰ ਵਿੱਚ ਪ੍ਰੀਖਿਆ ਦੇਣ ਲਈ ਪਹੁੰਚੀ ਅੰਮ੍ਰਿਤਧਾਰੀ ਗੁਰਸਿੱਖ ਲੜਕੀ ਨੂੰ ਸਿੱਖ ਕਕਾਰ ਕ੍ਰਿਪਾਨ ਉਤਾਰਨ ਲਈ ਕਹਿਣਾ ਤੇ ਕ੍ਰਿਪਾਨ ਪਾ ਕੇ ਪ੍ਰੀਖਿਆ ਵਿੱਚ ਨਾ ਬੈਠਣ ਦੇਣਾ ਭਾਰਤੀ ਸੰਵਿਧਾਨ ਵਿੱਚ ਦਰਸਾਏ ਧਰਮ ਦੀ ਆਜ਼ਾਦੀ ਦੇ ਮੌਲਿਕ ਸਿਧਾਂਤ ਦੀ ਵੱਡੀ ਉਲੰਘਣਾ ਹੈ। ਜਲੰਧਰ ਦੀ ਰਹਿਣ ਵਾਲੀ ਗੁਰਸਿੱਖ ਲੜਕੀ ਐਡਵੋਕੇਟ ਅਰਮਨਜੋਤ ਕੌਰ ਨੂੰ ਕ੍ਰਿਪਾਨ ਪਾ ਕੇ ਪ੍ਰੀਖਿਆ ਵਿੱਚ ਬੈਠਣ ਤੋਂ ਰੋਕਣ ਵਾਲੇ ਪ੍ਰੀਖਿਆ ਕੇਂਦਰ ਅਧਿਕਾਰੀਆਂ ਖਿਲਾਫ ਧਾਰਮਿਕ ਜਜ਼ਬਾਤ ਨੂੰ ਕੁਚਲਣ ਤੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਸਮੇਤ ਕੇਸ ਦਰਜ ਕਰਕੇ ਸਖਤ ਕਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ, ਕਿਉਂਕਿ ਪ੍ਰੀਖਿਆ ਕੇਂਦਰ ਅਧਿਕਾਰੀਆਂ ਦੀ ਇਹ ਮਨਮਰਜ਼ੀ ਇਸ ਗੁਰਸਿੱਖ ਬੱਚੀ ਦਾ ਭਵਿੱਖ ਧੁੰਦਲਾ ਕਰਨ ਦੀ ਅਤੇ ਘੱਟ ਗਿਣਤੀਆਂ ਦੇ ਖਿਲਾਫ ਵੱਡੀ ਸਾਜਿਸ਼ ਹੈ। ਇਹ ਵਿਚਾਰ ਹਰਜੀਤ ਸਿੰਘ, ਚੇਅਰਮੈਨ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਹਰਜੀਤ ਸਿੰਘ, ਚੇਅਰਮੈਨ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਰਾਣਾ ਇੰਦਰਜੀਤ ਸਿੰਘ ਅਤੇ ਵਾਈਸ ਚੇਅਰਮੈਨ ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ ਕਲਾਂ ਨੇੜੇ ਚਮਕੌਰ ਸਾਹਿਬ ਅਮਰਜੀਤ ਸਿੰਘ ਵਲੋਂ ਸਾਂਝੇ ਤੌਰ 'ਤੇ ਕੀਤੀ ਗਈ ਮੀਟਿੰਗ ਵਿੱਚ ਪ੍ਰਗਟ ਕੀਤੇ ਗਏ। ਮਿਸ਼ਨਰੀ ਕਾਲਜਾਂ ਦੇ ਪ੍ਰਬੰਧਕਾਂ ਨੇ ਕਿਹਾ ਕਿ ਭਾਰਤੀ ਸੰਵਿਧਾਨ ਵਿੱਚ ਸਿੱਖਾਂ ਨੂੰ ਕ੍ਰਿਪਾਨ ਪਾਉਣ ਦੀ ਪੂਰੀ ਖੁੱਲ੍ਹ ਹੈ ਅਤੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਕਿਸੇ ਵੀ ਅੰਮ੍ਰਿਤਧਾਰੀ ਗੁਰਸਿੱਖ ਲਈ ਪੰਜ ਸਿੱਖ ਕਕਾਰ ਪਹਿਨਣੇ ਲਾਜ਼ਮੀ ਹਨ। ਇਸ ਲਈ ਕਿਸੇ ਵੀ ਅੰਮ੍ਰਿਤਧਾਰੀ ਗੁਰਸਿੱਖ ਨੂੰ ਪ੍ਰੀਖਿਆ ਵਿੱਚ ਬੈਠਣ ਸਮੇਂ ਕਕਾਰ ਉਤਾਰਨ ਲਈ ਕਹਿਣਾ ਤੇ ਵਿਰੋਧ ਕਰਨ 'ਤੇ ਪ੍ਰੀਖਿਆ ਵਿੱਚ ਨਾ ਬੈਠਣ ਦੇਣਾ ਸਿੱਖਾਂ ਨਾਲ ਵੱਡਾ ਵਿਤਕਰਾ ਹੈ। ਉਨ੍ਹਾਂ ਕਿਹਾ ਕਿ ਸਭ ਨੂੰ ਇਹ ਪਤਾ ਹੋਣ ਦੇ ਬਾਵਜੂਦ ਕਿ ਕ੍ਰਿਪਾਨ ਸਿੱਖਾਂ ਦੇ ਪੰਜ ਕਕਾਰਾਂ ਦਾ ਇੱਕ ਅਹਿਮ ਕਕਾਰ ਹੈ, ਇਹ ਸਿੱਖ ਪਛਾਣ ਤੇ ਮੌਲਿਕ ਅਧਿਕਾਰਾਂ ਦੀ ਤਰਜਮਾਨ ਵੀ ਹੈ, ਫਿਰ ਵੀ ਸਿੱਖ ਪ੍ਰੀਖਿਆਕਾਰਾਂ ਨਾਲ ਇਹ ਨਫ਼ਰਤੀ ਵਿਹਾਰ ਅਤਿ ਨਿੰਦਣਯੋਗ ਹੈ। ਐਡਵੋਕੇਟ ਅਰਮਨਜੋਤ ਕੌਰ ਇਸ ਸਮੇਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਐਡਵੋਕੇਟ ਕੋਲ ਵਕਾਲਤ ਦਾ ਅਭਿਆਸ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹੋਣਹਾਰ ਨੂੰ ਪ੍ਰੀਖਿਆ ਵਿੱਚ ਕ੍ਰਿਪਾਨ ਪਹਿਨਣ ਕਰਕੇ ਨਾ ਬੈਠਣ ਦੇਣਾ ਪ੍ਰੀਖਿਆ ਕੇਂਦਰ ਪ੍ਰਬੰਧਕਾਂ ਵੱਲੋਂ ਇੱਕ ਕੋਝਾ ਮਜ਼ਾਕ ਹੈ।ਮਿਸ਼ਨਰੀ ਕਾਲਜ ਪੀੜਤ ਬੱਚੀ ਦੇ ਨਾਲ ਹਨ ਤੇ ਹਰ ਤਰ੍ਹਾਂ ਨਾਲ ਕਨੂੰਨੀ ਲੜਾਈ ਵਿੱਚ ਸਾਥ ਦੇਣਗੇ।

# ਐਕਸਾਈਜ਼ ਵਿਭਾਗ ਵੱਲੋਂ 3700 ਲੀਟਰ ਨਜਾਇਜ਼ ਲਾਹਣ ਬਰਾਮਦ, ਮੌਕੇ 'ਤੇ ਕੀਤੀ ਨਸ਼ਟ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** - ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਗੈਰ ਕਾਨੂੰਨੀ ਸ਼ਰਾਬ 'ਤੇ ਨਕੇਲ ਪਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਅੱਜ ਡਿਪਟੀ ਕਮਿਸ਼ਨਰ ਐਕਸਾਈਜ਼ ਜਲੰਧਰ ਐਸ.ਕੇ.ਗਰਗ ਦੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਥਾਵਾਂ 'ਤੇ ਤਲਾਸ਼ੀ ਅਭਿਆਨ ਚਲਾਇਆ ਗਿਆ। ਸਹਾਇਕ ਕਮਿਸ਼ਨਰ ਐਕਸਾਈਜ਼ ਨਵਜੀਤ ਸਿੰਘ ਨੇ ਦੱਸਿਆ ਕਿ ਅੱਜ ਚਲਾਈ ਗਈ ਤਲਾਸ਼ੀ ਮੁਹਿੰਮ ਤਹਿਤ ਸਵੇਰੇ ਤੜਕਸਾਰ ਦਰਿਆ ਸਤਲੁਜ ਦੇ ਕੰਢੇ 'ਤੇ ਪੈਂਦੇ ਪਿੰਡ ਬੁਰਜ, ਢਗਾਰਾ, ਭੋਡੇ ਅਤੇ ਸੰਗੋਵਾਲ ਵਿਖੇ ਐਕਸਾਈਜ਼ ਅਫ਼ਸਰ ਸੁਨੀਲ ਗੁਪਤਾ, ਸਰਵਨ ਸਿੰਘ ਢਿੱਲੋਂ ਐਕਸਾਈਜ਼ ਇੰਸਪੈਕਟਰ ਵਲੋਂ ਸਮੇਤ ਐਕਸਾਈਜ਼ ਪੁਲਸ ਅਮਲੇ ਨਾਲ ਤਲਾਸ਼ੀ ਕੀਤੀ ਗਈ । ਜਿਸ ਦੌਰਾਨ 4 ਪਲਾਸਟਿਕ ਦੀਆਂ ਤਰਪਾਲਾਂ (ਹਰੇਕ ਵਿੱਚ 500 ਲੀਟਰ), 4 ਡਰੰਮਾਂ ਵਿੱਚ ਲਗਭਗ 2200 ਲੀਟਰ ਗੈਰ ਕਾਨੂੰਨੀ ਸ਼ਰਾਬ ਬਰਾਮਦ ਕੀਤੀ ਗਈ ਜਿਸ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ।

ਉਨ੍ਹਾਂ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਸ਼ਾਮ ਵੇਲੇ ਵੀ ਤਲਾਸ਼ੀ ਮੁਹਿੰਮ ਚਲਾਈ ਗਈ ਜਿਸ ਦੌਰਾਨ ਦਰਿਆ ਸਤਲੁਜ ਦੇ ਕੰਢੇ ਪੈਂਦੇ ਪਿੰਡ ਬਾਊਪੁਰ ਵਿਖੇ ਸਾਹਿਲ ਰੰਗਾ ਐਕਸਾਈਜ਼ ਇੰਸਪੈਕਟਰ ਵਲੋਂ ਐਕਸਾਈਜ਼ ਪੁਲਸ ਸਮੇਤ ਜਾਂਚ ਕੀਤੀ ਗਈ ਅਤੇ ਇਸ ਤਲਾਸ਼ੀ ਅਭਿਆਨ ਦੌਰਾਨ 3 ਪਲਾਸਟਿਕ ਦੀਆਂ ਤਰਪਾਲਾਂ ਜਿਸ ਵਿੱਚ 1500 ਲੀਟਰ ਲਾਹਨ ਅਤੇ 2 ਖਾਲੀ ਡਰੰਮੀਆਂ ਬਰਾਮਦ ਕੀਤੀਆਂ ਗਈਆਂ ਜਿਨ੍ਹਾਂ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ ।

# ਦਰਬਾਰ ਬਾਬਾ ਮੁਰਕੀ ਸ਼ਾਹ ਦਾ ਮੇਲਾ ਸ਼ਰਧਾ ਨਾਲ ਮਨਾਇਆ



**ਨੂਰਮਹਿਲਨ ( ਬਾਲ ਕ੍ਰਿਸ਼ਨ ਬਾਲੀ )**-ਨੂਰਮਹਿਲ ਵਿਖੇ ਦਰਬਾਰ ਬਾਬਾ ਮੁਰਕੀ ਸ਼ਾਹ 'ਤੇ ਸਲਾਨਾ ਜੋੜ ਮੇਲਾ ਸ਼ਰਧਾ ਪੂਰਵਕ ਕਰਵਾਇਆ ਗਿਆ। ਇਸ ਦਰਬਾਰ 'ਤੇ ਗੱਦੀਨਸ਼ੀਨ ਸਾਈਂ ਸੋਢੀ ਸ਼ਾਹ ਵੱਲੋਂ ਦਰਬਾਰ 'ਤੇ ਚਾਦਰ, ਝੰਡੇ ਦੀ ਰਸਮ ਤੇ ਚਿਰਾਗ ਦੀ ਰਸਮ ਅਦਾ ਕੀਤੀ ਗਈ ਤੇ ਰਾਤ ਨੂੰ ਕਵਾਲ ਦੀ ਮਹਿਫਲ ਸਜਾਈ ਗਈ। ਇਸ ਮਹਿਫ਼ਲ 'ਤੇ ਵੱਖ-ਵੱਖ ਡੇਰਿਆਂ ਤੋਂ ਸਾਈਂ ਮਹਾਪੁਰਸ਼ ਪਹੁੰਚੇ। ਉਪਰੰਤ ਗਾਇਕ ਸਵ.ਸਾਬਰ ਕੋਟੀ ਦੇ ਬੇਟੇ ਇਲੈਕਸ ਕੋਟੀ, ਭਾਰਤੀ ਸ਼ਰਮਾ, ਜਮਨਾ ਰਸੀਲਾ, ਜੋਤੀ ਸੱਭਰਵਾਲ, ਸਨੀ ਮਿੱਤਲ, ਸ਼ਮੀ ਅਲੀ ਆਦਿ ਕਲਾਕਾਰਾਂ ਨੇ ਆਪਣੇ ਸੂਫੀ ਕਵਾਲ, ਕਲਾਮ ਅਤੇ ਸੱਭਿਆਚਾਰਕ ਗੀਤਾਂ ਰਾਹੀਂ ਹਾਜ਼ਰੀ ਲਗਾਈ। ਮੰਚ ਦੀ ਭੂਮਿਕਾ ਦੀਪਾ ਮਿਓਵਾਲੀਆਂ ਨੇ ਨਿਭਾਈ। ਇਸ ਮੇਲੇ ਬੱਬੂ ਗਿੱਲ ਨੂਰਮਹਿਲੀਆ ਡੇਰੇ ਦੇ ਸੇਵਾਦਾਰ, ਸੁਰਿੰਦਰ ਕੁਮਾਰ ਸ਼ਰਮਾ ਅੰਕਲ ਜੀ, ਦਵਿੰਦਰ ਪਾਲ ਚਾਹਲ, ਸੰਜੂ ਸ਼ਰਮਾ, ਗੁਰਪ੍ਰੀਤ ਸਿੰਘ, ਬਾਲਕ੍ਰਿਸ਼ਨ ਬਾਲੀ, ਤੀਰਥ ਚੀਮਾ, ਅਵਤਾਰ ਚੰਦ, ਨਰਿੰਦਰ ਕੁਮਾਰ ਭੰਡਾਲ ਹਾਜ਼ਰ ਸਨ। ਇਸ ਮੇਲੇ 'ਤੇ ਮਿੱਠੇ ਠੰਢੇ ਜਲ ਦੀ ਛਬੀਲ ਤੇ ਗੁਰੂ ਦਾ ਅਤੁੱਟ ਲੰਗਰ ਵੀ ਲਗਾਇਆ ਗਿਆ। ਆਖਰ +ਚ ਸੇਵਾਦਾਰਾਂ ਤੇ ਕਲਾਕਾਰਾਂ ਦਾ ਦਰਬਾਰ ਦੇ ਗੱਦੀਨਸ਼ੀਨ ਸਾਈਂ ਸੋਢੀ ਸ਼ਾਹ ਵੱਲੋਂ ਸਨਮਾਨ ਕੀਤਾ ਗਿਆ।

# ਆਓ ! ਫਿਰਕੂ-ਫਾਸ਼ੀ ਹੁਕਮਰਾਨਾਂ....(ਬਾਕੀ ਸਫਾ 4 ਦੀ)

ਕੀ ਬੇਗੁਨਾਹ ਲੋਕਾਂ ਨੂੰ ਬਿਨਾਂ ਕਿਸੇ ਕਾਰਨ ਦੇ ਮਾਰ-ਮੁਕਾਉਣਾ ਸਿੱਖ ਧਰਮ ਦੇ ਮਹਾਨ ਫਲਸਫ਼ੇ ਤੇ ਰਵਾਇਤਾਂ ਦੇ ਅਨੁਕੂਲ ਹੈ? ਉਪਰੋਕਤ ਬਿਰਤਾਂਤ ਨੂੰ ਤੱਥਾਂ ਤੇ ਹਕੀਕਤਾਂ ਦੇ ਸਨਮੁੱਖ ਰੱਖ ਕੇ ਆਮ ਲੋਕਾਂ ਤੇ ਖਾਸ ਕਰ ਸਿੱਖਾਂ ਅਤੇ ਸਿੱਖ ਨੌਜਵਾਨਾਂ ਨੂੰ ਅੱਜ ਤੱਕ ਕੁਝ ਨਹੀਂ ਦੱਸਿਆ ਗਿਆ। ਵਰਤਮਾਨ ਪੀੜ੍ਹੀ ਦੇ ਜਿਹੜੇ ਲੋਕ ਬੀਤੇ ਸਮੇਂ ਦੇ ਉਪਰੋਕਤ ਵਰਤਾਰੇ ਦੀ ਸਾਰੀ ਹਕੀਕਤ ਤੋਂ ਜਾਣੂੰ ਨਹੀਂ ਹਨ, ਉਹ ਕੁਝ ਲੋਕਾਂ ਦੇ ਇੱਕ ਪਾਸੜ ਪ੍ਰਚਾਰ ਸਦਕਾ ਉਪਰੋਕਤ ਘਟਨਾਵਾਂ ਲਈ ਸਿਰਫ ਤੇ ਸਿਰਫ ਉਸ ਸਮੇਂ ਦੇ ਕੇਂਦਰੀ ਹਾਕਮਾਂ ਨੂੰ ਹੀ ਜ਼ਿੰਮੇਵਾਰ ਸਮਝਦੇ ਹਨ ਤੇ ਸਿੱਖਾਂ ਅੰਦਰ ਕੁਝ ਹਥਿਆਰਬੰਦ ਹਿੰਸਕ ਤੱਤਾਂ ਵੱਲੋਂ ਕੀਤੀਆਂ ਗਈਆਂ ਗਲਤ ਕਾਰਵਾਈਆਂ ਬਾਰੇ ਜਾਣਕਾਰੀ ਦੇਣ ਵਾਲਿਆਂ 'ਤੇ ਬਿਲਕੁਲ ਭਰੋਸਾ ਨਹੀਂ ਕਰਦੇ। ਇਹ ਵੀ ਇਕ ਹਕੀਕਤ ਹੈ, ਪ੍ਰੰਤੂ ਹੈ ਅਧੂਰੀ। ਅਧੂਰਾ ਗਿਆਨ ਜ਼ਿਆਦਾ ਖ਼ਤਰਨਾਕ ਤੇ ਨੁਕਸਾਨਦੇਹ ਹੁੰਦਾ ਹੈ। ਭਾਵੇਂ ਕੁਝ ਕੁ ਲੇਖਕਾਂ ਨੇ ਇਸ ਵਿਸ਼ੇ 'ਤੇ ਕਈ ਅਣਗੌਲੇ, ਕੌੜੇ ਸੱਚ ਵਰਨਣ ਕਰਨ ਦਾ ਹੌਂਸਲਾ ਦਿਖਾਇਆ ਹੈ, ਪ੍ਰੰਤੂ ਉਹ ਅਧੂਰਾ ਵੀ ਹੈ ਤੇ ਡਰ ਅਤੇ ਅੰਤਰਮੁਖਤਾ ਤੋਂ ਮੁਕਤ ਵੀ ਨਹੀਂ ਜਾਪਦਾ। ਇਸ ਲਈ ਆਮ ਸਿੱਖ ਤੇ ਖਾਸਕਰ ਨੌਜਵਾਨ ਪੀੜ੍ਹੀ ਅੱਜ ਵੀ ਇਤਿਹਾਸ ਦੀ ਠੀਕ ਜਾਣਕਾਰੀ ਨਾ ਹੋਣ ਕਾਰਨ ਸਰਕਾਰਾਂ ਦੀਆਂ ਕੁਚਾਲਾਂ 'ਚ ਫਸ ਜਾਂਦੀ ਹੈ। ਜਿਹੜੇ ਨੌਜਵਾਨਾਂ ਦੀ ਉਮਰ ਅੱਜ 35-40 ਸਾਲਾਂ ਦਰਮਿਆਨ ਹੈ, ਉਨ੍ਹਾਂ ਨੂੰ ਤਾਂ ਜੋ ਪੜ੍ਹਾਇਆ ਜਾਵੇਗਾ ਜਾਂ ਦੱਸਿਆ ਜਾਵੇਗਾ, ਉਸ ਨੂੰ ਹੀ ਉਹ ਸੱਚ ਮੰਨਣਗੇ। ਜਦੋਂ ਤਾਈਂ ਸਾਰਾ ਦੋਸ਼ ਕੇਵਲ ਸਰਕਾਰਾਂ ਦੇ ਸਿਰ ਮੜ੍ਹ ਕੇ ਇਸ ਤ੍ਰਾਸਦਿਕ ਵਰਤਾਰੇ ਦੇ ਦੂਸਰੇ ਪਾਤਰਾਂ, ਜਿਨ੍ਹਾਂ ਦੇ ਭੜਕਾਊ ਬਿਆਨਾਂ ਨੇ ਸਿੱਖ ਨੌਜਵਾਨਾਂ ਨੂੰ ਹਿੰਸਾ ਦੇ ਰਾਹ ਤੋਰਿਆ ਸੀ, ਨੂੰ ਪੂਰੀ ਤਰ੍ਹਾਂ ਬੇਪਰਦ ਨਹੀਂ ਕੀਤਾ ਜਾਂਦਾ, ਉਦੋਂ ਤੱਕ ਆਉਣ ਵਾਲੀਆਂ ਪੀੜ੍ਹੀਆਂ ਅਸਲੀਅਤ ਤੋਂ ਕਿਵੇਂ ਜਾਣੂੰ ਹੋਣਗੀਆਂ? ਅਸੀਂ ਉਹ ਲੋਕ ਹਾਂ, ਜਿਨ੍ਹਾਂ ਪੰਜਾਬ ਦੇ ਦੁਖਾਂਤ ਨੂੰ ਅੱਖੀਂ ਦੇਖਿਆ ਹੈ ਤੇ ਹੱਡੀਂ ਹੰਢਾਇਆ ਹੈ। ਇਸ ਦੁਖਾਂਤ 'ਚ ਪੁਲਸ ਦੀਆਂ ਜ਼ਿਆਦਤੀਆਂ ਨੇ ਵੀ ਸਾਰੇ ਹੱਦਾਂ-ਬੰਨ੍ਹੇ ਤੋੜੇ ਸਨ, ਪਰ ਹਥਿਆਰਬੰਦ ਅੱਤਵਾਦੀ ਗਰੋਹਾਂ ਨੇ ਵੀ ਘਾਤ ਲਾ-ਲਾ ਕੇ ਪੁਲਸ ਤੇ ਅਰਧ ਸੈਨਿਕ ਬਲਾਂ ਦੇ ਨਾਲ-ਨਾਲ ਨਿਰਦੋਸ਼ ਲੋਕਾਂ 'ਤੇ ਹਮਲੇ ਕਰਨ 'ਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਕਈ ਅੱਤਵਾਦੀ ਤੱਤਾਂ ਵੱਲੋਂ ਔਰਤਾਂ 'ਤੇ ਕੀਤੇ ਗਏ ਜ਼ੁਲਮਾਂ ਨੂੰ ਵੀ ਸ਼ਬਦਾਂ ਰਾਹੀਂ ਨਹੀਂ ਬਿਆਨਿਆ ਜਾ ਸਕਦਾ। ਇਨ੍ਹਾਂ ਸਾਰੇ ਜੁੜਵੇਂ ਸਵਾਲਾਂ ਨੂੰ ਇਕ-ਦੂਸਰੇ ਨਾਲ ਜੋੜ ਕੇ ਸਮਝਣ ਦੀ ਜ਼ਰੂਰਤ ਹੈ। ਅਜਿਹਾ ਕੰਮ ਨਾ ਅਕਾਲੀ ਦਲ ਨੇ ਹੀ ਕੀਤਾ ਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ। ਇਸ ਲਾਪਰਵਾਹੀ ਤੇ ਬੇਧਿਆਨੀ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਨਵੀਂ ਪੀੜ੍ਹੀ ਜਲਦੀ ਹੀ ਬਿਨਾਂ ਸੋਚੇ-ਸਮਝੇ ਕੁਝ ਵਿਅਕਤੀਆਂ ਦੇ ਗਰਮ ਨਾਅਰਿਆਂ ਦਾ ਸ਼ਿਕਾਰ ਹੋ ਜਾਂਦੀ ਹੈ, ਕਿਉਂਕਿ ਉਨ੍ਹਾਂ ਨੂੰ ਪਿਛਲੇ ਇਤਿਹਾਸ ਬਾਰੇ ਜਾਣਕਾਰੀ ਹੀ ਨਹੀਂ। ਮੌਜੂਦਾ ਕੇਂਦਰ ਸਰਕਾਰ ਪਹਿਲਾਂ ਵਾਲੀ ਕਿਸੇ ਵੀ ਸਰਕਾਰ ਨਾਲੋਂ ਪੰਜਾਬ ਤੇ ਸਿੱਖਾਂ ਦੀ ਨਾਬਰੀ ਦੇ ਸੁਭਾਅ ਤੋਂ ਜ਼ਿਆਦਾ ਜਾਣੂੰ ਹੋਣ ਦੇ ਨਾਲ-ਨਾਲ ਉਸ ਦੀ ਕੱਟੜ ਵਿਰੋਧੀ ਵੀ ਹੈ। ਆਰ ਐੱਸ ਐੱਸ, ਸਿੱਖ ਗੁਰੂ ਸਾਹਿਬਾਨ ਦੀ ਰਚੀ ਬਾਣੀ 'ਚ ਦਰਜ ਪਿਛਾਖੜੀ ਹਿੰਦੂਤਵੀ ਤੇ ਸਨਾਤਨੀ ਵਿਚਾਰਧਾਰਾ ਦੇ ਤਰਕ ਸਹਿਤ ਪ੍ਰਖੱਚੇ ਉਡਾਉਣ ਵਾਲੇ ਮੂਲ ਤੱਤ ਨੂੰ ਮੇਟਣਾ ਚਾਹੁੰਦਾ ਹੈ ਤੇ ਜਾਂ ਉਸ ਦਾ ਭਗਵਾਂਕਰਨ ਕਰਨਾ ਚਾਹੁੰਦਾ ਹੈ, ਤਾਂ ਕਿ ਉਸ ਦੇ ਧਰਮ ਅਧਾਰਤ 'ਹਿੰਦੂ ਰਾਸ਼ਟਰ' ਦੀ ਕਾਇਮੀ ਦੇ ਯਤਨਾਂ 'ਚ ਸਿੱਖ ਜਨ ਸਮੂਹ ਵਿਰੋਧ ਕਰਨ ਦੀ ਥਾਂ ਉਸ ਦਾ ਸਹਿਯੋਗ ਕਰਨ। ਜਾਤ-ਪਾਤ ਦਾ ਖਾਤਮਾ, ਔਰਤਾਂ ਨੂੰ ਮੁਕੰਮਲ ਬਰਾਬਰੀ ਦਿੰਦਿਆਂ ਉਨ੍ਹਾਂ ਦੇ ਮਾਣ-ਸਨਮਾਨ ਦੀ ਬਹਾਲੀ, ਨਾਮ-ਨਿਹਾਦ ਧਰਮ ਗੁਰੂਆਂ ਤੇ ਆਪੂੰ ਰੱਬ ਬਣੇ ਸ਼ੈਤਾਨਾਂ ਨੂੰ ਬੇਪਰਦ ਕਰਨ ਦੀ ਹਿੰਮਤ ਦਿਖਾਉਣੀ, ਰਾਜਿਆਂ ਤੇ ਹਰ ਕਿਸਮ ਦੇ ਲੋਟੂ ਧਨਵਾਨਾਂ ਦਾ ਡਟਵਾਂ ਵਿਰੋਧ ਕਰਨਾ, ਜਾਦੂ-ਟੂਣੇ ਵਰਗੇ ਪਿਛਾਖੜੀ ਵਿਚਾਰਾਂ ਦਾ ਖੰਡਨ ਕਰਨਾ ਤੇ ਕਿਰਤ ਕਰਨ ਵਾਲੇ ਭਾਈ ਲਾਲੋਆਂ ਸੰਗ ਸੱਚੀ-ਸੁੱਚੀ ਮੁਹੱਬਤ ਦਾ ਰਿਸ਼ਤਾ ਕਾਇਮ ਕਰਨਾ ਸਿੱਖ ਧਰਮ ਦੇ ਮੂਲ ਸਿਧਾਂਤ ਹਨ, ਜਿਨ੍ਹਾਂ ਦਾ ਸਨਾਤਨੀ ਵਿਚਾਰਧਾਰਾ ਡਟਵਾਂ ਵਿਰੋਧ ਕਰਦੀ ਹੈ।

ਦਿੱਲੀ 'ਚ ਇੱਕ ਸਾਲ ਤੋਂ ਜ਼ਿਆਦਾ ਸਮੇਂ ਤੱਕ ਚੱਲੇ ਕਿਸਾਨ ਅੰਦੋਲਨ ਦੀ ਜਿੱਤ ਅਜੇ ਤੱਕ ਸੰਘ ਪਰਵਾਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਜ਼ਮ ਨਹੀਂ ਹੋ ਰਹੀ। ਇਸ ਲਈ ਉਸ ਨੇ ਪੰਜਾਬ ਤੇ ਇਸ ਦੇ ਨਾਲ ਲੱਗਦੇ ਖਿੱਤਿਆਂ ਦੇ ਲੋਕਾਂ ਨੂੰ ਜਬਰ-ਜ਼ੁਲਮ ਨਾਲ ਦਬਾਉਣ ਦੇ ਨਾਲ-ਨਾਲ ਉਨ੍ਹਾਂ ਦੀਆਂ ਸਫ਼ਾਂ 'ਚ ਆਪਣੇ ਏਜੰਟਾਂ ਦੀ ਘੁਸਪੈਠ ਕਰਕੇ ਉਤੇਜਨਾ ਭੜਕਾਉਣ ਰਾਹੀਂ ਹੱਕ-ਸੱਚ ਦੀ ਲਹਿਰ ਨੂੰ ਕੁਰਾਹੇ ਪਾਉਣ ਦਾ ਪਲਾਨ ਤਿਆਰ ਕੀਤਾ ਹੋਇਆ ਹੈ। ਸ਼ੁਰੂ-ਸ਼ੁਰੂ 'ਚ ਅੰਮ੍ਰਿਤਪਾਲ ਸਿੰਘ ਵੱਲੋਂ ਨਸ਼ਾ ਛੁਡਾਉਣ ਦੇ ਨਾਂਅ ਉਤੇ ਜਿਸ ਢੰਗ ਨਾਲ ਗਰਮ ਨਾਅਰਿਆਂ ਰਾਹੀਂ ਨੌਜਵਾਨਾਂ ਦੇ ਇੱਕ ਹਿੱਸੇ ਨੂੰ ਉਕਸਾ ਕੇ ਆਪਣੇ ਪਿਛਲੱਗ ਬਣਾਉਣ ਦਾ ਯਤਨ ਕੀਤਾ ਗਿਆ, ਉਹ ਸਾਡੇ ਸਭ ਦੇ ਸਾਹਮਣੇ ਹੈ। ਜੇਕਰ ਪੁਲਸ ਵੱਲੋਂ ਰੋਡੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕਰਨ ਲਈ ਰਚੇ ਗਏ ਡਰਾਮੇ ਦਾ ਸਮੇਂ ਸਿਰ ਪਰਦਾ ਚਾਕ ਨਾ ਹੋਇਆ ਹੁੰਦਾ ਤਾਂ ਖ਼ਬਰੇ ਅੰਮ੍ਰਿਤਪਾਲ ਦੀਆਂ ਹਰਕਤਾਂ ਨੇ ਪੰਜਾਬ ਦੇ ਲੋਕਾਂ ਨੂੰ ਹੁਣ ਤੱਕ ਕਿਹੜੀਆਂ-ਕਿਹੜੀਆਂ ਨਵੀਆਂ ਮੁਸੀਬਤਾਂ 'ਚ ਲਿਆ ਸੁੱਟਣਾ ਸੀ? ਹੁਣ ਲੋਕ ਸਭਾ ਚੋਣਾਂ ਅੰਦਰ ਖਡੂਰ ਸਾਹਿਬ ਤੇ ਫਰੀਦਕੋਟ ਹਲਕੇ ਤੋਂ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਦੀ ਹੋਈ ਜਿੱਤ ਵੀ ਐਵੇਂ ਹਲਕੇ 'ਚ ਨਹੀਂ ਲਈ ਜਾਣੀ ਚਾਹੀਦੀ। ਇਸ ਪਿੱਛੇ ਸਿੱਖ ਭਾਵਨਾਵਾਂ ਦਾ ਸ਼ਿਕਾਰ ਹੋਏ ਸਧਾਰਨ ਲੋਕ ਵੀ ਹਨ ਤੇ ਉਨ੍ਹਾਂ ਸਰਕਾਰੀ ਏਜੰਸੀਆਂ ਦਾ ਮੱਕੜ ਜਾਲ ਵੀ ਹੈ, ਜੋ ਪੰਜਾਬ ਦੇ ਰਾਜਨੀਤਕ ਤੇ ਸਮਾਜਿਕ ਵਾਤਾਵਰਣ ਨੂੰ ਸਦਾ ਹੀ ਫਿਰਕਾਪ੍ਰਸਤੀ ਤੇ ਹਿੰਸਾ ਦੀ ਅੱਗ 'ਚ ਝੁਲਸਦੇ ਦੇਖਣਾ ਚਾਹੁੰਦੀਆਂ ਹਨ।

ਸਾਨੂੰ ਸਿੱਖ ਨੌਜਵਾਨਾਂ ਨੂੰ ਸਹਿਜਤਾ ਤੇ ਦਲੀਲ ਨਾਲ ਕਾਇਲ ਕਰਨਾ ਹੋਵੇਗਾ, ਤਾਂ ਕਿ ਉਹ ਬਿਨਾਂ ਸੋਚੇ-ਸਮਝੇ ਧਾਰਮਿਕ ਵਹਿਣ 'ਚ ਵਹਿ ਕੇ ਸ਼ਰਾਰਤੀ ਤੱਤਾਂ ਤੇ ਸਰਕਾਰ ਦੀਆਂ ਸਾਜ਼ਿਸ਼ਾਂ ਦੇ ਸ਼ਿਕਾਰ ਨਾ ਬਣ ਜਾਣ। ਹਾਕਮਾਂ ਦੀਆਂ ਸਾਜ਼ਿਸ਼ਾਂ ਨਾਲ ਸਮੁੱਚੇ ਪੰਜਾਬ ਲਈ ਤੇ ਖਾਸ ਕਰਕੇ ਸਿੱਖ ਭਾਈਚਾਰੇ ਲਈ ਮੁਸੀਬਤਾਂ ਦਾ ਨਵਾਂ ਪਹਾੜ ਖੜ੍ਹਾ ਹੋ ਸਕਦਾ ਹੈ। ਫਿਰਕੂ-ਫਾਸ਼ੀ ਤਾਕਤਾਂ, ਜੋ ਅੱਜ ਭਾਰਤੀ ਸੱਤਾ 'ਤੇ ਬਿਰਾਜਮਾਨ ਹਨ, ਇਸ ਖਿੱਤੇ ਦੇ ਲੋਕਾਂ, ਖਾਸ ਕਰਕੇ ਸਿੱਖਾਂ ਦੇ ਬਰਾਬਰੀ, ਭਾਈਚਾਰਕ ਸਾਂਝ, ਦੂਸਰਿਆਂ ਲਈ ਕੁਰਬਾਨ ਹੋਣ ਦੀ ਰਵਾਇਤ ਤੇ 'ਕਿਰਤ ਕਰਨ, ਨਾਮ ਜਪਣ, ਵੰਡ ਛਕਣ' ਵਰਗੇ ਅਮੁੱਲੇ ਤੇ ਖੂਬਸੂਰਤ ਸਿਧਾਂਤ ਦਾ ਕਿਸੇ ਨਾ ਕਿਸੇ ਰੂਪ 'ਚ ਨੁਕਸਾਨ ਕਰਨ ਲਈ ਯਤਨਸ਼ੀਲ ਹਨ। ਜਦੋਂ ਕੁਝ ਲੋਕ ਸਿੱਖੀ ਨੂੰ ਖ਼ਤਰੇ ਦੀ ਦੁਹਾਈ ਪਾਉਂਦੇ ਹਨ, ਤਾਂ ਸਮਝਣਾ ਹੋਵੇਗਾ ਕਿ ਅਸਲ ਖਤਰਾ ਸਿੱਖ ਧਰਮ ਦੇ ਮਾਨਵੀ ਸਰੋਕਾਰਾਂ, ਅਗਾਂਹਵਧੂ ਸੋਚ ਅਤੇ ਬਰਾਬਰੀ ਤੇ ਸਾਂਝੀਵਾਲਤਾ ਵਾਲਾ ਸਮਾਜ ਸਿਰਜਣ ਦੀ ਚੇਸ਼ਟਾ ਨੂੰ ਹੁੰਦਾ ਹੈ ਨਾ ਕਿ ਸਿੱਖੀ ਦੇ ਬਾਹਰੀ ਸਰੂਪਾਂ ਨੂੰ। ਇਸ ਦਾ ਟਾਕਰਾ ਵੀ ਇਕੱਲੇ ਸਿੱਖਾਂ ਨੇ ਨਹੀਂ, ਸਗੋਂ ਸਮੂਹ ਧਰਮ ਨਿਰਪੱਖ ਤੇ ਜਮਹੂਰੀ ਲੋਕਾਂ ਨੇ ਧਰਮਾਂ ਤੇ ਜਾਤੀਆਂ ਦੇ ਹੱਦਾਂ-ਬੰਨੇ ਤੋੜ ਕੇ ਇਕਮੁੱਠ ਸਾਂਝੇ ਸੰਘਰਸ਼ਾਂ ਰਾਹੀਂ ਕਰਨਾ ਹੈ। ਇਸ ਮਹਾਨ ਕਾਰਜ ਲਈ ਹਮੇਸ਼ਾ ਹੀ ਸਿੱਖ ਗੁਰੂ ਸਾਹਿਬਾਨਾਂ ਦੀਆਂ ਮਹਾਨ ਸਿੱਖਿਆਵਾਂ ਤੇ ਕੁਰਬਾਨੀਆਂ ਲੋਕਾਂ ਲਈ ਪ੍ਰੇਰਣਾ-ਸਰੋਤ ਬਣੀਆਂ ਰਹਿਣਗੀਆਂ।

ਕੋਈ ਵੀ ਧਾਰਮਿਕ ਤੇ ਸੱਭਿਆਚਾਰਕ ਘੱਟ ਗਿਣਤੀ ਸਮੁੱਚੀ ਜਮਹੂਰੀ ਲਹਿਰ ਦਾ ਅੰਗ ਬਣ ਕੇ ਹੀ ਆਪਣੇ ਹਿੱਤਾਂ ਦੀ ਰਾਖੀ ਕਰ ਸਕਦੀ ਹੈ ਤੇ ਫਿਰਕੂ-ਫਾਸ਼ੀ ਵਿਚਾਰਧਾਰਾ ਦੇ ਮੁੱਦਈ ਹਾਕਮਾਂ ਵੱਲੋਂ ਧਰਮ ਨਿਰਪੱਖਤਾ, ਅਗਾਂਹਵਧੂ, ਜਮਹੂਰੀ ਤੇ ਸੰਘਾਤਮਕ ਢਾਂਚੇ ਵਿਰੁੱਧ ਕੀਤੇ ਜਾ ਰਹੇ ਹੱਲਿਆਂ ਨੂੰ ਪਛਾੜ ਸਕਦੀ ਹੈ। ਆਰ ਐਮ ਪੀ ਆਈ ਨੇ ਪੰਜਾਬ ਨਾਲ ਹੋਏ ਵਿਤਕਰਿਆਂ, ਲੋਕਾਂ ਦੀਆਂ ਭਖਵੀਆਂ ਮੰਗਾਂ ਤੇ ਫਿਰਕੂ-ਫਾਸ਼ੀ ਤਾਕਤਾਂ ਵਿਰੁੱਧ ਵਿਚਾਰਧਾਰਕ ਤੇ ਰਾਜਨੀਤਕ ਮੁਹਿੰਮ ਨੂੰ ਤੇਜ਼ ਕਰਨ ਲਈ ਆਉਣ ਵਾਲੇ ਦਿਨਾਂ ਅੰਦਰ ਸਿਲਸਿਲੇਵਾਰ ਜਨਤਕ ਲਾਮਬੰਦੀ ਕਰਨ ਦਾ ਫੈਸਲਾ ਲਿਆ ਹੈ। ਇਸ ਮੁਹਿੰਮ ਦਾ ਮੂਲ ਮਨੋਰਥ ਪ੍ਰਾਂਤ ਅੰਦਰ ਲੋਕਾਂ ਦੀਆਂ ਆਸ਼ਾਵਾਂ 'ਤੇ ਪੂਰਾ ਉਤਰਨ ਤੇ ਪੰਜਾਬ ਦੇ ਨਾਬਰੀ ਵਾਲੇ ਸੁਭਾਅ ਦੀ ਰਾਖੀ ਕਰਦਿਆਂ ਇਕ ਲੋਕ ਪੱਖੀ ਰਾਜਸੀ ਮੁਤਬਦਲ ਉਸਾਰਨਾ ਹੈ। ਸਾਨੂੰ ਆਸ ਹੈ ਕਿ ਪੰਜਾਬ ਦੇ ਅਣਖੀ ਤੇ ਸੂਝਵਾਨ ਲੋਕ ਸਾਡੀ ਪਹਿਲਕਦਮੀ ਨਾਲ ਕੀਤੀ ਜਾ ਰਹੀ ਇਸ ਜਨਤਕ ਲਾਮਬੰਦੀ 'ਚ ਭਰਪੂਰ ਸ਼ਮੂਲੀਅਤ ਕਰਦੇ ਹੋਏ ਪੰਜਾਬ ਦੀ ਬਿਹਤਰੀ ਲਈ ਮਿੱਥੇ ਨਿਸ਼ਾਨੇ ਤੱਕ ਪਹੁੰਚਾਉਣ 'ਚ ਸਾਡੇ ਹਿੱਸੇਦਾਰ ਬਣਨਗੇ। (**ਸਮਾਪਤ**)

**# ਸੰਪਰਕ : 98148-82998**

# ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਕੇਂਦਰੀ ਪੈਟਰਨ ਅਨੁਸਾਰ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਤੁਰੰਤ ਦੇਣ ਦੀ ਮੰਗ

- ਪੰਜਾਬ ਪੈਨਸ਼ਨਰਜ਼ ਯੂਨੀਅਨ ਨੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਪੰਜਾਬ ਨੂੰ ਲਿਖੇ ਪੱਤਰ
- 6 ਨੂੰ ਜਲੰਧਰ ਪੱਛਮੀ ਚੋਣ ਹਲਕੇ ਦੇ ਝੰਡਾ ਮਾਰਚ 'ਚ ਕੀਤੀ ਜਾਵੇਗੀ ਸ਼ਮੂਲੀਅਤ



ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਪੈਨਸ਼ਨਰਜ਼ ਯੂਨੀਅਨ ਸੰਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਜਨਰਲ ਸਕੱਤਰ ਪ੍ਰੇਮ ਚਾਵਲਾ ਤੇ ਐਡੀਸ਼ਨਲ ਜਨਰਲ ਸਕੱਤਰ ਸਤਿਆਪਾਲ ਗੁਪਤਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਨਾਂਅ ਇੱਕ ਰਜਿਸਟਰਡ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਦੇ ਪੈਟਰਨ ਅਨੁਸਾਰ ਪੰਜਾਬ ਦੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 38 ਤੋਂ 50 ਫੀਸਦੀ ਡੀ ਏ ਦੀਆਂ ਬਕਾਇਆ ਪਈਆਂ ਤਿੰਨ ਕਿਸ਼ਤਾਂ ਤੁਰੰਤ ਦਿੱਤੀਆਂ ਜਾਣ।ਆਗੂਆਂ ਨੇ ਕਿਹਾ ਕਿ ਪੰਜਾਬ ਦੇ ਸਮੂਹ ਮੁਲਾਜ਼ਮ ਤੇ ਪੈਨਸ਼ਨਰ ਇਸ ਸਮੇਂ ਕੇਂਦਰ ਸਰਕਾਰ ਤੇ ਬਹੁਤ ਸਾਰੇ ਹੋਰ ਰਾਜਾਂ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲੋਂ 12 ਫੀਸਦੀ ਡੀ ਏ ਘੱਟ ਪ੍ਰਾਪਤ ਕਰ ਰਹੇ ਹਨ, ਜਿਸ ਕਾਰਨ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਪੰਜਾਬ ਸਰਕਾਰ ਖਿਲਾਫ ਭਾਰੀ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੀ ਜਾ ਰਹੀ ਇਸ ਬੇਇਨਸਾਫੀ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਲੋਕ ਸਭਾ ਚੋਣਾਂ ਦੌਰਾਨ ਆਪਣੇ ਲੋਕਤੰਤਰੀ ਵੋਟ ਦੇ ਹੱਕ ਦੀ ਵਰਤੋਂ ਕਰਦੇ ਹੋਏ ਪੰਜਾਬ ਸਰਕਾਰ ਨੂੰ ਸਬਕ ਸਿਖਾਉਣ ਦਾ ਯਤਨ ਵੀ ਕੀਤਾ ਹੈ।ਜਥੇਬੰਦੀ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਪ੍ਰਤੀ ਧਾਰਨ ਕੀਤੀ ਗਈ ਨਾ-ਪੱਖੀ ਪਹੁੰਚ ਵਿੱਚ ਕੋਈ ਸੁਧਾਰ ਨਾ ਲਿਆਂਦਾ ਤਾਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਇਸ ਵਤੀਰੇ ਦਾ ਖਮਿਆਜ਼ਾ ਆ ਰਹੀਆਂ ਵਿਧਾਨ ਸਭਾ ਦੀਆਂ ਪੰਜ ਜ਼ਿਮਨੀ ਚੋਣਾਂ ਵਿੱਚ ਵੀ ਭੁਗਤਣਾ ਪੈ ਸਕਦਾ ਹੈ।ਜਥੇਬੰਦੀ ਨੇ ਇਹ ਵੀ ਮੰਗ ਕੀਤੀ ਕਿ ਪੰਜਾਬ ਦੇ ਸਮੂਹ ਮੁਲਾਜ਼ਮਾਂ/ਪੈਨਸ਼ਨਰਾਂ ਨੂੰ 28 ਫੀਸਦੀ ਤੋਂ 38 ਫੀਸਦੀ ਡੀ ਏ ਦਾ ਪਿਛਲਾ ਰਹਿੰਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ।ਇਸ ਦੌਰਾਨ ਪੰਜਾਬ ਪੈਨਸ਼ਨਰਜ਼ ਯੂਨੀਅਨ ਵੱਲੋਂ ਫੈਸਲਾ ਕੀਤਾ ਗਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ ਅਨੁਸਾਰ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਖਿਲਾਫ 6 ਜੁਲਾਈ ਨੂੰ ਜਲੰਧਰ ਪੱਛਮੀ ਵਿਧਾਨ ਸਭਾ ਚੋਣ ਹਲਕੇ ਦੇ ਝੰਡਾ ਮਾਰਚ ਕਰਨ ਦੇ ਐਕਸ਼ਨ ਪ੍ਰੋਗਰਾਮ ਵਿੱਚ ਪੰਜਾਬ ਭਰ ਦੇ ਪੈਨਸ਼ਨਰਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

# ਪਹਿਲੀ ਬਾਰਿਸ਼ ਨੇ ਖੋਲ੍ਹੀ ਪ੍ਰਸ਼ਾਸਨ ਦੀ ਪੋਲ : ਕਾਲੜਾ

ਸੰਗਰੂਰ (ਪ੍ਰਵੀਨ ਸਿੰਘ)-ਮੌਨਸੂਨ ਦੀ ਪਈ ਪਹਿਲੀ ਬਾਰਿਸ਼ ਨਾਲ ਹੀ ਸੰਗਰੂਰ ਸ਼ਹਿਰ ਬੁਰੀ ਤਰ੍ਹਾਂ ਬਰਸਾਤੀ ਪਾਣੀ ਨਾਲ ਡੁੱਬ ਗਿਆ, ਜਿਸ ਬਾਰੇ ਪ੍ਰਤੀਕਰਮ ਕਰਦਿਆਂ



ਜਤਿੰਦਰ ਕਾਲੜਾ ਸੀਨੀਅਰ ਭਾਜਪਾ ਆਗੂ ਪੰਜਾਬ ਨੇ ਕਿਹਾ ਕਿ ਪਹਿਲੀ ਬਾਰਿਸ਼ ਨੇ ਹੀ ਪ੍ਰਸ਼ਾਸਨ ਦੀ ਪੋਲ ਖੋਲ੍ਹ ਦਿੱਤੀ ਹੈ। ਉਨ੍ਹਾ ਕਿਹਾ ਕਿ ਸੰਗਰੂਰ ਸ਼ਹਿਰ ਦੀ ਸੀਵਰੇਜ ਪ੍ਰਬੰਧ ਸੀਵਰੇਜ ਬੋਰਡ ਤੇ ਸ਼ਾਹਪੁਰਜੀ ਪਾਲੋਂਜੀ ਕੰਪਨੀ ਕੋਲ ਹੈ ਤੇ ਕਾਨੂੰਨੀ ਐਗਰੀਮੈਂਟ ਅਨੁਸਾਰ ਮਾਨਸੂਨ ਤੋਂ ਪਹਿਲਾਂ ਸੀਵਰੇਜ ਲਾਈਨਾਂ ਦੀ ਸਫਾਈ ਕਰਨਾ, ਸੀਵਰੇਜ ਬੋਰਡ ਦੀ ਕਾਨੂੰਨਨ ਜ਼ਿੰਮੇਵਾਰੀ ਹੈ, ਪ੍ਰੰਤੂ ਇਸ ਸਾਲ ਸੀਵਰੇਜ ਬੋਰਡ ਦੇ ਠੇਕੇਦਾਰ ਸ਼ਾਹਪੁਰਜੀ ਪਲਾਲੋਂਜੀ ਕੰਪਨੀ ਨੇ ਬਰਸਾਤ ਤੋਂ ਪਹਿਲਾਂ ਸੀਵਰੇਜ ਲਾਈਨਾਂ ਦੀ ਸਫਾਈ ਨਹੀਂ ਕੀਤੀ, ਜਿਸ ਕਾਰਨ ਪਹਿਲੀ ਬਾਰਿਸ਼ ਨਾਲ ਹੀ ਸੰਗਰੂਰ ਸ਼ਹਿਰ ਡੁੱਬ ਗਿਆ। ਉਨ੍ਹਾ ਕਿਹਾ ਕਿ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਸੰਵੇਦਨਸ਼ੀਲ ਨਹੀਂ ਹੈ ਤੇ ਸੀਵਰੇਜ ਬੋਰਡ ਤੇ ਠੇਕੇਦਾਰ ਕਥਿਤ ਮਿਲੀਭੁਗਤ ਨਾਲ ਫੰਡਾਂ ਦੀ ਦੁਰਵਰਤੋਂ ਕਰ ਰਹੇ ਹਨ ਤੇ ਸ਼ਹਿਰ ਦੀਆਂ ਸੀਵਰੇਜ ਸੰਬੰਧੀ ਸਮੱਸਿਆਵਾਂ ਦੂਰ ਕਰਨ ਵਿੱਚ ਅਸਫਲ ਸਾਬਿਤ ਹੋਏ ਹਨ।ਜਤਿੰਦਰ ਕਾਲੜਾ ਨੇ ਮੰਗ ਕਰਦਿਆਂ ਕਿਹਾ ਕਿ ਸੀਵਰੇਜ ਬੋਰਡ ਦੇ ਅਧਿਕਾਰੀਆਂ ਤੇ ਸ਼ਾਹਪੁਰਜੀ ਪਲੋਂਜੀ ਕੰਪਨੀ ਖਿਲਾਫ ਕਾਨੂੰਨੀ ਐਗ੍ਰੀਮੈਂਟ ਦੀਆਂ ਸ਼ਰਤਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇ ਤੇ ਸੀਵਰੇਜ ਲਾਈਨਾਂ ਦੀ ਸਫਾਈ ਤੁਰੰਤ ਸ਼ੁਰੂ ਕੀਤੀ ਜਾਵੇ।

# ਪੇ ਸਕੇਲ ਬਹਾਲੀ ਸਾਂਝਾ ਫ਼ਰੰਟ ਦੇ 7 ਵਾਲੇ ਰੋਸ ਪ੍ਰਦਰਸ਼ਨ 'ਚ ਅਧਿਆਪਕ ਵਧ-ਚੜ੍ਹ ਕੇ ਸ਼ਾਮਲ ਹੋਣਗੇ

- 4161 ਮਾਸਟਰ ਕੇਡਰ ਯੂਨੀਅਨ ਮਾਨਸਾ ਦੀ ਮੀਟਿੰਗ



ਮਾਨਸਾ (ਆਤਮਾ ਸਿੰਘ ਪਮਾਰ)

ਜ਼ਿਲ੍ਹਾ ਮਾਨਸਾ ਦੇ 4161 ਮਾਸਟਰ ਕਾਡਰ ਅਧਿਆਪਕਾਂ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਪਾਲ ਸਿੰਘ ਤਾਮਕੋਟ ਦੀ ਅਗਵਾਈ ਹੇਠ ਸਥਾਨਕ ਬਾਲ ਭਵਨ ਵਿਖੇ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਬਲਕਾਰ ਸਿੰਘ ਮਘਾਣੀਆ ਤੇ ਸੰਦੀਪ ਗਿੱਲ ਨੇ ਕਿਹਾ ਕਿ 4161 ਅਧਿਆਪਕਾਂ ਨੇ 9 ਮਈ ਨੂੰ ਆਪਣੇ-ਆਪਣੇ ਜ਼ਿਲ੍ਹੇ ਦੀਆਂ ਡਾਈਟਾਂ ਵਿੱਚ ਜੁਆਇਨ ਕੀਤਾ ਸੀ।ਉਸ ਸਮੇਂ ਸਰਕਾਰ ਨੇ ਅਧਿਆਪਕਾਂ ਨੂੰ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਨੂੰ ਤਨਖਾਹ 9 ਮਈ ਤੋਂ ਹੀ ਜਾਰੀ ਕੀਤੀ ਜਾਵੇਗੀ, ਪਰ ਹੁਣ ਸਰਕਾਰ ਆਪਣੇ ਵਾਅਦੇ ਤੋਂ ਮੁੱਕਰਦੀ ਦਿਖਾਈ ਦੇ ਰਹੀ ਹੈ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਆਪਣਾ ਵਾਅਦਾ ਪੂਰਾ ਕਰੇ।ਉਨ੍ਹਾਂ ਕਿਹਾ ਕਿ ਅਗਾਮੀ ਦਿਨਾਂ ਵਿੱਚ ਹੋ ਰਹੀਆਂ ਆਮ ਬਦਲੀਆਂ ਵਿੱਚ 4161 ਅਧਿਆਪਕਾਂ ਨੂੰ ਵੀ ਸਪੈਸ਼ਲ ਮੌਕਾ ਦਿੱਤਾ ਜਾਵੇ, ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਅਧਿਆਪਕਾਂ ਨਾਲ ਵਾਅਦਾ ਕੀਤਾ ਸੀ ਕਿ ਕਿਸੇ ਵੀ ਅਧਿਆਪਕ ਨੂੰ ਘਰ ਤੋਂ ਦੂਰ ਨਹੀਂ ਰਹਿਣ ਦਿੱਤਾ ਜਾਵੇਗਾ, ਜਦਕਿ 4161 ਅਧਿਆਪਕ 250-300 ਕਿਲੋਮੀਟਰ ਦੂਰ ਆਪਣੀਆਂ ਸੇਵਾਵਾਂ ਦੇ ਰਹੇ ਹਨ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਉਪਰੋਕਤ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਮਜਬੂਰਨ ਉਨ੍ਹਾਂ ਨੂੰ ਸੰਘਰਸ਼ ਦਾ ਰਸਤਾ ਅਖ਼ਤਿਆਰ ਕਰਨਾ ਪਵੇਗਾ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਬਲਕਾਰ ਬੁਢਲਾਡਾ ਨੇ ਕਿਹਾ ਕਿ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਜਬਰੀ ਕੇਂਦਰੀ ਪੇਅ ਸਕੇਲ ਥੋਪ ਦਿੱਤੇ ਸਨ।ਉਸ ਸਮੇਂ ਆਮ ਆਦਮੀ ਪਾਰਟੀ ਨੇ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ਉਪਰੰਤ ਕੇਂਦਰੀ ਸਕੇਲ ਰੱਦ ਕਰਕੇ ਮੁੜ ਪੰਜਾਬ ਪੇਅ ਸਕੇਲ ਬਹਾਲ ਕੀਤਾ ਜਾਵੇਗਾ, ਪ੍ਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਢਾਈ ਸਾਲ ਦਾ ਸਮਾਂ ਹੋ ਚੁੱਕਿਆ ਹੈ, ਪਰ ਅਜੇ ਤੱਕ ਇਹ ਵਾਅਦਾ ਵਫ਼ਾ ਨਹੀਂ ਹੋ ਸਕਿਆ।ਉਨ੍ਹਾਂ ਕਿਹਾ ਕਿ 7 ਜੁਲਾਈ ਨੂੰ ਪੰਜਾਬ ਪੇ ਸਕੇਲ ਬਹਾਲੀ ਸਾਂਝਾ ਫ਼ਰੰਟ ਵੱਲੋਂ ਰੱਖੇ ਗਏ ਰੋਸ ਪ੍ਰਦਰਸ਼ਨ ਵਿੱਚ 4161 ਵਾਲੇ ਅਧਿਆਪਕ ਵੀ ਵੱਧ ਚੜ੍ਹ ਕੇ ਸ਼ਮੂਲੀਅਤ ਕਰਨਗੇ।ਇਸ ਸਮੇਂ ਜੋਤੀ ਵਰਮਾ, ਅਮਨਦੀਪ ਕੌਰ, ਹਰਵਿੰਦਰ ਕੌਰ, ਜਸਵੀਰ ਕੌਰ, ਸਿਮਰਨਜੀਤ ਕੌਰ, ਸੁਖਜੀਤ ਕੌਰ, ਰੇਨੂੰ ਗੋਇਲ, ਪਿੰਕੀ, ਗੁਰਸ਼ਰਨ ਸਿੰਘ, ਗੁਰਜਿੰਦਰ ਸਿੰਘ, ਗੁਰਦਾਸ ਸਿੰਘ, ਸੁਸ਼ੀਲ, ਮੁਨੀਸ਼ ਕੁਮਾਰ, ਸੁਰਿੰਦਰਪਾਲ ਸਿੰਘ ਆਦਿ ਅਧਿਆਪਕ ਮੀਟਿੰਗ ਵਿੱਚ ਮੌਜੂਦ ਸਨ।

## ਕਾਤਰਾਂ

### 100 ਗ੍ਰਾਮ ਸੁਲਫੇ ਸਮੇਤ ਕਾਬੂ

ਬਰੇਟਾ (ਰੀਤਵਾਲ)-ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਬਰੇਟਾ ਪੁਲਸ ਨੂੰ 100 ਗ੍ਰਾਮ ਸੁਲਫੇ ਸਮੇਤ ਇੱਕ ਕਥਿਤ ਨਸ਼ਾ ਤਸਕਰ ਨੂੰ ਕਾਬੂ ਕਰਨ 'ਚ ਸਫ਼ਲਤਾ ਮਿਲੀ ਹੈ।ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਦਰਸ਼ਨ ਸਿੰਘ ਨੇ ਦੱਸਿਆ ਕਿ ਮਾਨ ਸਿੰਘ ਵਾਸੀ ਬਰੇਟਾ ਨੂੰ ਗਸ਼ਤ ਦੌਰਾਨ ਮਧੇ ਮੋਗੇ ਵਾਲੇ ਹਸਪਤਾਲ ਨਜ਼ਦੀਕ 100 ਗ੍ਰਾਮ ਸੁਲਫੇ ਸਮੇਤ ਕਾਬੂ ਕੀਤਾ ਗਿਆ ਹੈ।ਉਨ੍ਹਾ ਕਿਹਾ ਕਿ ਉਕਤ ਕਥਿਤ ਮੁਲਜ਼ਮ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

### ਸਵਾ ਦੋ ਕਿੱਲੋ ਭੁੱਕੀ ਸਮੇਤ ਇੱਕ ਕਾਬੂ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪੁਲਸ ਜ਼ਿਲ੍ਹਾ ਬਰਨਾਲਾ ਦੇ ਐੱਸ ਐੱਸ ਪੀ ਬਰਨਾਲਾ ਸੰਦੀਪ ਮਲਿਕ, ਡੀ ਐਸ ਪੀ ਕੰਵਲਪਾਲ ਸਿੰਘ ਬਾਜਵਾ ਦੇ ਦਿਸ਼ਾਂ ਨਿਰਦੇਸ਼ਾਂ ਹੇਠ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਨੂੰ ਉਸ ਵੇਲੇ ਸਫਲਤਾ ਮਿਲੀ, ਜਦੋਂ ਮਿਲੀ ਗੁਪਤ ਸੂਚਨਾ ਦੇ ਆਧਾਰ 'ਤੇ ਥਾਣਾ ਠੁੱਲੀਵਾਲ ਦੇ ਮੁੱਖ ਅਫ਼ਸਰ ਅਜੈਬ ਸਿੰਘ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਹਰਵਿੰਦਰਪਾਲ ਸਿੰਘ ਸਮੇਤ ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਪਿੰਡ ਕਰਮਗੜ੍ਹ ਨੇੜਿਓਂ ਇਕ ਵਿਅਕਤੀ ਲਾਲ ਸਿੰਘ ਲੀਲਾ ਕੋਲੋਂ ਮੋਟਰਸਾਈਕਲ ਸਮੇਤ 2 ਕਿੱਲੋ 250 ਗ੍ਰਾਮ ਭੁੱਕੀ (ਚੂਰਾ ਪੋਸਤ) ਬਰਾਮਦ ਕੀਤੀ।ਇਸ ਸਬੰਧੀ ਪੁਲਸ ਥਾਣਾ ਠੁੱਲੀਵਾਲ ਵਿਖੇ ਲਾਲ ਸਿੰਘ ਉਰਫ ਨੀਲਾ ਵਾਸੀ ਹਮੀਦੀ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

### 20 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇੱਕ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਲਮੋਚੜ ਕਲਾਂ ਵਿਖੇ ਛਾਪੇਮਾਰੀ ਕਰਕੇ 20 ਬੋਤਲਾਂ ਨਜਾਇਜ਼ ਸ਼ਰਾਬ ਤੇ ਮੋਟਰਸਾਈਕਲ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਐੱਚ. ਸੀ. ਹੰਸ ਰਾਜ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਸਬੰਧੀ ਜਦੋਂ ਪੁਲਸ ਪਾਰਟੀ ਬੱਸ ਅੱਡਾ ਸੁਖੇਰਾ ਬੋਦਲਾ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਾਜ ਸਿੰਘ ਉਰਫ ਰਾਜੂ ਪੁੱਤਰ ਫੁੰਮਣ ਸਿੰਘ ਵਾਸੀ ਪਿੰਡ ਲਮੋਚੜ ਕਲਾਂ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜੋ ਅੱਜ ਵੀ ਨਾਜਾਇਜ਼ ਸ਼ਰਾਬ ਲੈ ਕੇ ਆਪਣੇ ਪਿੰਡ ਤੋਂ ਸੁਖੇਰਾ ਬੋਦਲਾ ਤੋਂ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਵੇਚਣ ਲਈ ਜਾ ਰਿਹਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਰਾਜ ਸਿੰਘ ਉਰਫ ਰਾਜੂ ਨੂੰ 20 ਬੋਤਲਾਂ ਨਜਾਇਜ਼ ਸ਼ਰਾਬ ਤੇ ਇੱਕ ਮੋਟਰਸਾਈਕਲ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ, ਜਿਸ ਦੇ ਖਿਲਾਫ ਪੁਲਸ ਨੇ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਜਲਾਲਾਬਾਦ 'ਚ ਸੁਵਿਧਾ ਕੈਂਪ ਪਹਿਲੀ ਨੂੰ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-1 ਜੁਲਾਈ ਨੂੰ ਨਗਰ ਕੌਂਸਲ ਜਲਾਲਾਬਾਦ ਦੇ ਦਫਤਰ ਵਿਖੇ ਆਪ ਦੀ ਸਰਕਾਰ ਆਪ ਕੇ ਦੁਆਰ ਤਹਿਤ ਸੁਵਿਧਾ ਕੈਂਪ ਦਾ ਆਯੋਜਨ ਹੋਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਦਿੱਤੀ।ਇਹ ਕੈਂਪ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਲੱਗੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੈਂਪ ਦੌਰਾਨ ਸੇਵਾ ਕੇਂਦਰ ਨਾਲ ਸੰਬੰਧਤ ਰੈਜ਼ੀਡੈਂਸ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਬੁਢਾਪਾ ਪੈਨਸ਼ਨ, ਜਨਮ ਸਰਟੀਫਿਕੇਟ, ਜਨਮ ਸਰਟੀਫਿਕੇਟ ਸੰਬੰਧੀ/ਜਨਮ ਸਰਟੀਫਿਕੇਟ ਵਿੱਚ ਨਾਮ ਦਾਖਲ ਕਰਵਾਉਣ ਸੰਬੰਧੀ, ਸ਼ਹਿਰੀ ਖੇਤਰ ਨਾਲ ਸੰਬੰਧਤ ਜਨਮ ਸਰਟੀਫਿਕੇਟ ਵਿੱਚ ਕੋਈ ਬਦਲਾਅ ਸੰਬੰਧੀ ਅਤੇ ਪੁਰਾਣੇ ਦਸਤਾਵੇਜ਼ਾਂ ਨੂੰ ਤਸਦੀਕ ਕਰਵਾਉਣ ਸੰਬੰਧੀ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ 1 ਜੁਲਾਈ ਨੂੰ ਇਸ ਕੈਂਪ ਵਿਖੇ ਪਹੁੰਚ ਕੇ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ।

## ਗਾਂਜੇ ਤੇ ਨਸ਼ੇ ਦੀਆਂ ਗੋਲੀਆਂ ਸਮੇਤ ਦੋ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਥਾਣਾ ਫ਼ਤਹਿਗੜ੍ਹ ਸਾਹਿਬ ਤੇ ਸਰਹਿੰਦ ਮੰਡੀ ਚੌਂਕੀ ਦੀ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਗਾਂਜੇ ਤੇ ਨਸ਼ੇ ਦੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸਰਹਿੰਦ ਮੰਡੀ ਚੌਂਕੀ ਦੀ ਪੁਲਸ ਪਾਰਟੀ ਚੈਕਿੰਗ ਦੇ ਸਬੰਧ 'ਚ ਸਰਹਿੰਦ ਦੇ ਬ੍ਰਾਹਮਣਮਾਜਰਾ ਇਲਾਕੇ 'ਚ ਮੌਜੂਦ ਸੀ ਤਾਂ ਪੈਦਲ ਤੁਰਿਆ ਆ ਰਿਹਾ ਸੰਜੂ ਵਾਸੀ ਮਦਰਾਸੀ ਕਲੋਨੀ ਸਰਹਿੰਦ ਪੁਲਸ ਕਰਮਚਾਰੀਆਂ ਨੂੰ ਦੇਖ ਕੇ ਘਬਰਾ ਗਿਆ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਸਰਹਿੰਦ ਮੰਡੀ ਪੁਲਸ ਚੌਂਕੀ ਦੇ ਇੰਚਾਰਜ ਸਬ-ਇੰਸਪੈਕਟਰ ਰਾਜਵੰਤ ਸਿੰਘ ਵੱਲੋਂ ਤਲਾਸ਼ੀ ਲਈ ਗਈ ਤਾਂ ਸੰਜੂ ਦੇ ਕਬਜ਼ੇ 'ਚੋਂ 350 ਗ੍ਰਾਮ ਗਾਂਜਾ ਬਰਾਮਦ ਹੋਇਆ।ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਸੰਜੂ ਨੂੰ ਗ੍ਰਿਫਤਾਰ ਕਰਕੇ ਸਰਹਿੰਦ ਮੰਡੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ 'ਚ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਕਚਹਿਰੀ ਰੋਡ 'ਤੇ ਮੌਜੂਦ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਇੱਕ ਪੁਲਸ ਪਾਰਟੀ ਵੱਲੋਂ ਸ਼ੱਕ ਦੇ ਆਧਾਰ 'ਤੇ ਬਹਾਦਰ ਖਾਨ ਵਾਸੀ ਪਿੰਡ ਸੈਂਪਲਾ ਨੂੰ ਰੋਕਿਆ ਗਿਆ।ਸਹਾਇਕ ਥਾਣੇਦਾਰ ਜਤਿੰਦਰਪਾਲ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਬਹਾਦਰ ਖਾਨ ਦੇ ਕਬਜ਼ੇ 'ਚੋਂ 140 ਗੋਲੀਆਂ ਲੋਮੋਟਿਲ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਬਹਾਦਰ ਖਾਨ ਨੂੰ ਗ੍ਰਿਫਤਾਰ ਕਰਕੇ ਫ਼ਤਹਿਗੜ੍ਹ ਸਾਹਿਬ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਸੀਟੂ ਵੱਲੋਂ ਮੁੱਖ ਮੰਤਰੀ ਦੇ ਨਾਂਅ ਐੱਸ ਡੀ ਐੱਮ ਨੂੰ ਮੰਗ ਪੱਤਰ

- ਪੰਜਾਬ 'ਚ ਚਾਰ ਲੇਬਰ ਕੋਡ ਤੇ ਤਿੰਨ ਫੌਜਦਾਰੀ ਕਾਨੂੰਨ ਲਾਗੂ ਨਾ ਕਰਨ ਦੀ ਕੀਤੀ ਮੰਗ



ਮਹਿਲ ਕਲਾਂ (ਬਲਵਿੰਦਰ ਵਜੀਦਕੇ)

ਸੀਟੂ ਵੱਲੋਂ ਪੰਜਾਬ ਵਿੱਚ ਚਾਰ ਲੇਬਰ ਕੋਡ ਤੇ ਤਿੰਨ ਫੌਜਦਾਰੀ ਕਾਨੂੰਨ ਲਾਗੂ ਨਾ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਨੂੰ ਭੇਜਣ ਲਈ ਇੱਕ ਮੰਗ ਪੱਤਰ ਐੱਸ ਡੀ ਐੱਮ ਮਹਿਲ ਕਲਾਂ ਨੂੰ ਦਿੱਤਾ ਗਿਆ। ਇਸ ਤੋਂ ਪਹਿਲਾਂ ਇਥੇ ਸੀਟੂ ਦੇ ਤਹਿਸੀਲ ਆਗੂਆਂ ਦੀ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਸ਼ਿੰਦਰਪਾਲ ਕੌਰ ਦੀਵਾਨਾ ਨੇ ਕੀਤੀ।ਮੀਟਿੰਗ ਨੂੰ ਸੀਟੂ ਦੇ ਸੂਬਾ ਸਕੱਤਰ ਸਾਥੀ ਸ਼ੇਰ ਸਿੰਘ ਫਰਵਾਹੀ ਨੇ ਮੁੱਖ ਤੌਰ 'ਤੇ ਸੰਬੋਧਨ ਕੀਤਾ, ਜਿਸ ਵਿੱਚ ਨਜ਼ੀਰ ਮੁਹੰਮਦ, ਭੋਲਾ ਰਾਇਸਰ, ਕਰਮਜੀਤ ਕੌਰ ਬੀਹਲਾ, ਜਸਵੰਤ ਕੌਰ ਗਹਿਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਭੇਜਿਆ ਮੰਗ ਪੱਤਰ ਮਾਣਯੋਗ ਐੱਸ.ਡੀ.ਐੱਮ. ਸ੍ਰ. ਸਤਵੰਤ ਸਿੰਘ ਨੇ ਹਾਸਲ ਕਰਕੇ ਡੀ ਸੀ ਬਰਨਾਲਾ ਰਾਹੀਂ ਚੰਡੀਗੜ੍ਹ ਭੇਜਣ ਲਈ ਭਰੋਸਾ ਦਿੱਤਾ।ਦਿੱਤੇ ਗਏ ਮੰਗ ਪੱਤਰ ਬਾਰੇ ਸਾਥੀ ਫਰਵਾਹੀ ਨੇ ਬੋਲਦਿਆਂ ਕਿਹਾ ਕਿ 17ਵੀਂ ਲੋਕ ਸਭਾ 'ਚ ਇੱਕ ਪਾਸੜ ਤੌਰ 'ਤੇ ਮੋਦੀ ਸਰਕਾਰ ਵੱਲੋਂ ਬਿਨਾਂ ਬਹਿਸ ਪਾਸ ਕੀਤੇ ਭਾਰਤੀ ਨਿਆਂ ਸਹਿੰਤਾ ਭਾਰਤੀ ਨਾਗਰਿਕ ਸੁਰੱਖਿਆ ਸਹਿਤਾ ਅਤੇ ਭਾਰਤੀ ਸ਼ਕਸਿਆਂ ਅਧਿਨਿਯਮ ਵਰਗੇ ਤਿੰਨ ਕਾਨੂੰਨਾਂ ਨੂੰ 1-7-2024 ਤੋਂ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।ਇਨ੍ਹਾਂ ਲੋਕ ਵਿਰੋਧੀ ਕਾਨੂੰਨਾਂ ਦੇ ਲਾਗੂ ਹੋਣ ਨਾਲ ਕਿਸੇ ਵੀ ਸਰਕਾਰ ਦੀ ਧੱਕੇਸ਼ਾਹੀ ਵਿਰੋਧੀ ਆਵਾਜ਼ ਨੂੰ ਕੁਚਲਣਾ ਆਮ ਵਰਤਾਰਾ ਬਣ ਜਾਏਗਾ, ਕਾਨੂੰਨ ਦਾ ਰਾਜ ਨਾ ਰਹਿ ਕੇ ਪੁਲਸ ਦੇ ਰਾਜ ਵਿੱਚ ਬਦਲ ਜਾਏਗਾ।ਮੰਗ ਕੀਤੀ ਕਿ ਪੰਜਾਬ ਸਰਕਾਰ ਅਸੈਂਬਲੀ 'ਚ ਇਨ੍ਹਾਂ ਵਿਰੁੱਧ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਜਾਵੇ। ਇਸੇ ਤਰ੍ਹਾਂ ਅਮਰਿੰਦਰ ਸਰਕਾਰ ਵੱਲੋਂ ਇੱਕ ਪਾਸੜ ਤੌਰ 'ਤੇ ਕੇਂਦਰੀ ਮੋਦੀ ਸਰਕਾਰ ਵੱਲੋਂ 29 ਕਿਰਤ ਕਾਨੂੰਨ ਖਤਮ ਕਰਕੇ ਕਾਰਪੋਰੇਟਾਂ ਪੱਖੀ ਚਾਰ ਲੇਬਰ ਕੋਟ ਪੰਜਾਬ ਅੰਦਰ ਲਾਗੂ ਕਰਨ ਦੇ ਲਈ ਰੋਲਜ਼ ਬਣਾਏ ਗਏ ਸਨ, ਉਹ ਫੌਰੀ ਰੱਦ ਕੀਤੇ ਜਾਣ ਤੇ ਇਨ੍ਹਾਂ ਨੂੰ ਲਾਗੂ ਨਾ ਕਰਨ ਦਾ ਐਲਾਨ ਕੀਤਾ ਜਾਵੇ।

ਪੰਜਾਬ ਦੇ ਕਿਰਤੀਆਂ ਲਈ ਘੱਟੋ ਘੱਟ ਉਜ਼ਰਤਾਂ, ਜੋ ਹੁਣ ਤੱਕ 12 ਸਾਲਾਂ ਤੋਂ ਸੋਧੀਆਂ ਨਹੀਂ ਜਾ ਰਹੀਆਂ, ਤੁਰੰਤ ਨਵਿਆਉਣ ਯੋਗ ਦਾ ਅਮਲ ਸ਼ੁਰੂ ਕੀਤਾ ਜਾਵੇ।ਪਹਿਲੀ ਅਪ੍ਰੈਲ ਤੋਂ ਸਾਰੀਆਂ ਤਿੰਨ ਧਿਰੀ ਕਮੇਟੀਆਂ ਦਾ ਪੁਨਰਗਠਨ ਕਰਕੇ ਉਨ੍ਹਾਂ ਨੂੰ ਫੰਕਸ਼ਨਲ ਬਣਾਇਆ ਜਾਵੇ।

ਸੀਟੂ ਵੱਲੋਂ ਉਨ੍ਹਾਂ ਐਲਾਨ ਕੀਤਾ ਕਿ ਇਨ੍ਹਾਂ ਮਸਲਿਆਂ ਨੂੰ ਹੱਲ ਕਰਾਉਣ ਲਈ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ।ਦੋ ਜੁਲਾਈ ਨੂੰ ਲੇਬਰ ਕਮਿਸ਼ਨਰ ਮੁਹਾਲੀ ਅਤੇ 10 ਜੁਲਾਈ ਨੂੰ ਜ਼ਿਲ੍ਹਾ ਪੱਧਰੀ ਧਰਨੇ ਦਿੱਤੇ ਜਾਣਗੇ।

# ਧੋਖੇ ਨਾਲ ਲੋਨ ਕਰਵਾ ਕੇ 1.27 ਲੱਖ ਰੁਪਏ ਕਢਵਾਉਣ ਦੇ ਦੋਸ਼ 'ਚ ਦੋ ਖਿਲਾਫ ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਨੇ ਪਿੰਡ ਢਾਬ ਕੜਿਆਲ ਵਿਖੇ ਇੱਕ ਵਿਅਕਤੀ ਦੇ ਨਾਮ 'ਤੇ ਧੋਖੇ ਨਾਲ ਲੋਨ ਪਾਸ ਕਰਵਾ ਕੇ 1 ਲੱਖ 72 ਹਜ਼ਾਰ ਰੁਪਏ ਕਢਵਾਉਣ ਦੇ ਦੋਸ਼ ਵਿੱਚ ਇੱਕ ਔਰਤ ਸਮੇਤ ਦੋ ਜਣਿਆਂ ਖਿਲਾਫ ਧੋਖਾਧੜੀ ਦਾ ਪਰਚਾ ਦਰਜ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਸਤਪਾਲ ਸਿੰਘ ਪੁੱਤਰ ਸਾਹਿਬ ਸਿੰਘ ਵਾਸੀ ਪਿੰਡ ਢਾਬ ਕੜਿਆਲ ਨੇ ਪੁਲਸ ਕੋਲ ਦਰਖਾਸਤ ਨੰਬਰ 3325-ਪੀਸੀ ਮਿਤੀ 31-10-2023 ਨੂੰ ਪੁਲਸ ਦਿੱਤੀ ਗਈ ਸੀ, ਜਿਸ ਵਿਚ ਉਸ ਨੇ ਦੱਸਿਆ ਕਿ ਮਨਜੀਤ ਸਿੰਘ ਪੁੱਤਰ ਚਿਮਨ ਸਿੰਘ ਵਾਸੀ ਕਾਠਗੜ੍ਹ ਨੇ ਉਸ ਦੀ ਦੁਕਾਨ 'ਤੇ ਪੇ.ਟੀ.ਐੱਮ., ਗੂਗਲ ਪੇਅ ਸਕੈਨਰ ਲਿਆਏ, ਜਿਸ 'ਤੇ ਮਨਜੀਤ ਸਿੰਘ ਨੇ ਉਸ (ਮੁਦੱਈ) ਨੂੰ ਕਿਹਾ ਕਿ ਤੁਹਾਨੂੰ ਸਕੈਨਰ ਨਾਲ ਸਪੀਕਰ ਦੀ ਆਫਰ ਆਈ ਹੈ ਅਤੇ ਇਹ ਵੀ ਕਹਿਣ ਲੱਗਾ ਕਿ ਮੈਨੂੰ ਸਪੀਕਰ ਲਾਉਣ ਲਈ ਤੁਹਾਡਾ ਫੋਨ 10-15 ਮਿੰਟ ਲਈ ਚਾਹੀਦਾ ਹੈ, ਜਿਸ ਨੇ ਉਸ ਦੇ ਨਾਮ 'ਤੇ 1 ਲੱਖ 72 ਹਜ਼ਾਰ ਰੁਪਏ ਦਾ ਲੋਨ ਲੈ ਲਿਆ, ਜੋਕਿ ਇਹ ਲੋਨ ਉਸ ਵੱਲੋਂ ਨਹੀਂ ਲਿਆ ਗਿਆ ਸੀ, ਜਿਸ ਬਾਰੇ ਉਸ ਨੂੰ 4-5 ਮਹੀਨੇ ਬੀਤ ਜਾਣ ਦੇ ਬਾਅਦ ਪਤਾ ਲੱਗਾ ਅਤੇ ਉਹ ਪੈਸੇ ਮਨਜੀਤ ਸਿੰਘ ਨੇ ਗੀਤਾ ਰਾਣੀ ਦੇ ਖਾਤੇ ਵਿੱਚ ਟ੍ਰਾਂਸਫਰ ਕਰ ਦਿੱਤੇ ਸੀ। ਇੰਸਪੈਕਟਰ ਅੰਗਰੇਜ਼ ਕੁਮਾਰ ਨੇ ਦੱਸਿਆ ਕਿ ਇਸ ਦਰਖਾਸਤ ਦੀ ਪੜਤਾਲ ਡੀ.ਐੱਸ.ਪੀ. ਜਲਾਲਾਬਾਦ ਵੱਲੋਂ ਕਰਨ ਉਪਰੰਤ ਕਾਨੂੰਨੀ ਰਾਏ ਡੀ. ਲੀਗਲ ਤੇ ਐੱਸ.ਐੱਸ.ਪੀ. ਫਾਜ਼ਿਲਕਾ ਪਾਸੋਂ ਅਪਰੂਵਲ ਆਉਣ ਉਪਰੰਤ ਥਾਣਾ ਵੈਰੋਕੇ ਵਿਖੇ ਮੁਦੱਈ ਸਤਪਾਲ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਮਨਜੀਤ ਸਿੰਘ ਪੁੱਤਰ ਚਿਮਨ ਸਿੰਘ ਵਾਸੀ ਕਾਠਗੜ੍ਹ ਤੇ ਗੀਤਾ ਰਾਣੀ ਪੁੱਤਰੀ ਸੋਹਣ ਸਿੰਘ ਵਾਸੀ ਕਾਕਾ ਵਾਰਡ ਨੰਬਰ 15 ਜਲਾਲਾਬਾਦ ਖਿਲਾਫ ਧਾਰਾ 420.120-ਬੀ ਭ.ਦ. ਤੇ 66-ਸੀ ਇੰਨਫ੍ਰਮੇਸ਼ਨ ਟੈਕਨੋਲੋਜੀ ਐਕਟ, 2000 ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# ਸ਼ਹਿਰ ਦੀ ਸਫਾਈ ਵਿਵਸਥਾ ਦਾ ਡੀ ਸੀ ਨੇ ਲਿਆ ਜਾਇਜ਼ਾ

- ਸ਼ਹਿਰ ਦੇ ਸੁੰਦਰੀਕਰਨ ਲਈ ਲਗਾਏ ਜਾਣ ਵੱਧ ਤੋਂ ਵੱਧ ਬੂਟੇ : ਡਾ. ਸੇਨੂ ਦੁੱਗਲ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਬਾਧਾ ਨਹਿਰ ਦੇ ਆਲੇ-ਦੁਆਲੇ ਤੇ ਹੋਰ ਏਰੀਏ ਵਿਖੇ ਜਾ ਕੇ ਸਫਾਈ ਵਿਵਸਥਾ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਨੂੰ ਸਾਫ-ਸੁਥਰਾ ਰੱਖਣਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਸ਼ਹਿਰ ਦੀ ਦਿੱਖ ਨੂੰ ਬਿਹਤਰ ਬਣਾਉਣ ਤੇ ਆਲਾ-ਦੁਆਲਾ ਹਰਿਆ-ਭਰਿਆ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਏ ਜਾਣ।

ਸਾਫ-ਸਫਾਈ ਵਿਵਸਥਾ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਿਮਾਰੀਆਂ ਮੁਕਤ ਵਾਤਾਵਰਣ ਕਾਇਮ ਰੱਖਣ ਲਈ ਸ਼ਹਿਰ ਦੀ ਸਾਫ-ਸਫਾਈ ਬਹੁਤ ਲਾਜ਼ਮੀ ਹੈ।ਉਨ੍ਹਾ ਕਿਹਾ ਕਿ ਸਾਫ-ਸਫਾਈ ਹੋਣ ਨਾਲ ਅਸੀਂ ਤੰਦਰੁਸਤ ਰਹਿੰਦੇ ਹਾਂ ਤੇ ਬਿਮਾਰੀਆਂ ਤੋਂ ਬਚੇ ਰਹਿੰਦੇ ਹਾਂ।ਉਨ੍ਹਾ ਕਿਹਾ ਕਿ ਗੰਦਗੀ ਦੇ ਢੇਰ ਨਾ ਬਣਨ ਦਿੱਤੇ ਜਾਣ, ਕੂੜੇ ਦਾ ਨਾਲੋਂ ਨਾਲ ਨਿਪਟਾਰਾ ਕੀਤਾ ਜਾਵੇ।ਉਨ੍ਹਾ ਕਿਹਾ ਕਿ ਬਾਧਾ ਨਹਿਰ ਦੇ ਆਲੇ-ਦੁਆਲੇ ਏਰੀਏ ਵਿੱਚ ਸਾਫ-ਸਫਾਈ ਨੂੰ ਅਤੇ ਸਟਰੀਟ ਲਾਈਟਾਂ ਨੂੰ ਚਾਲੂ ਹਾਲਤ ਵਿੱਚ ਕਰਨਾ ਯਕੀਨੀ ਬਣਾਇਆ ਜਾਵੇ।

ਉਨ੍ਹਾ ਨਰੇਗਾ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਾਤਾਵਰਣ ਨੂੰ ਸ਼ੁਧ ਤੇ ਹਰਿਆ-ਭਰਿਆ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਏ ਜਾਣ ਅਤੇ ਉਨ੍ਹਾਂ ਦੀ ਸੰਭਾਲ ਕੀਤੀ ਜਾਵੇ, ਜਿਸ ਨਾਲ ਵਾਤਾਵਰਣ ਬਿਮਾਰੀਆਂ ਮੁਕਤ ਬਣੇਗਾ, ਇਸ ਦੇ ਨਾਲ-ਨਾਲ ਸ਼ਹਿਰ ਦੇ ਸੁੰਦਰੀਕਰਨ 'ਚ ਵੀ ਵਾਧਾ ਹੋਵੇਗਾ।ਡੀ ਸੀ ਨੇ ਕਿਹਾ ਕਿ ਕੋਈ ਵੀ ਜ਼ਿਲ੍ਹਾ ਵਾਸੀ ਨਰੇਗਾ ਤਹਿਤ ਤਿਆਰ ਕੀਤੇ ਪੌਦਿਆਂ ਨੂੰ ਨਰਸਰੀਆਂ ਤੋਂ ਮੁਫਤ ਪ੍ਰਾਪਤ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਪੌਦੇ ਲੈਣ ਮੌਕੇ ਆਪਣੇ ਆਧਾਰ ਕਾਰਡ ਦੀ ਕਾਪੀ ਨਾਲ ਲੈ ਕੇ ਜਾਣੀ ਯਕੀਨੀ ਬਣਾਈ ਜਾਵੇ।ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਵਾਤਾਵਰਣ ਦੀ ਸੰਭਾਲ ਲਈ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ, ਸਰਕਾਰ ਵੱਲੋਂ ਇਸ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਗਈ ਹੈ।ਉਨ੍ਹਾਂ ਕਿਹਾ ਕਿ ਕੋਈ ਵੀ ਸਾਮਾਨ ਦੀ ਖਰੀਦਦਾਰੀ ਕਰਨ ਸਮੇਂ ਕੱਪੜੇ ਦੇ ਬਣੇ ਬੈਗ ਦੀ ਵਰਤੋਂ ਕੀਤੀ ਜਾਵੇ।ਇਸ ਮੌਕੇ ਕਾਰਜ ਸਾਧਕ ਅਫਸਰ ਮੰਗਤ ਕੁਮਾਰ, ਸੁਪਰਡੈਂਟ ਨਰੇਸ਼ ਖੇੜਾ, ਸੈਨੇਟਰੀ ਇੰਸਪੈਕਟਰ ਜਗਦੀਪ ਅਰੋੜਾ, ਵਣ ਵਿਭਾਗ ਦੇ ਅਧਿਕਾਰੀ ਤੇ ਨਰੇਗਾ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

# ਭਾਰਤ ਵਿਕਾਸ ਪ੍ਰੀਸ਼ਦ ਨੇ ਸੰਸਥਾਪਕ ਡਾ. ਸੂਰਜ ਪ੍ਰਕਾਸ਼ ਦਾ ਜਨਮ ਦਿਨ ਪੌਦੇ ਲਾ ਕੇ ਮਨਾਇਆ




ਜਲਾਲਾਬਾਦ (ਜੀਤ ਕੁਮਾਰ)-ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਵੱਲੋਂ ਪ੍ਰੀਸ਼ਦ ਦੇ ਸੰਸਥਾਪਕ ਡਾ: ਸੂਰਜ ਪ੍ਰਕਾਸ਼ ਦਾ ਜਨਮ ਦਿਨ ਬੀ.ਐੱਸ.ਐੱਫ. ਕੰਪਲੈਕਸ ਫਲੀਆਂਵਾਲਾ ਵਿਖੇ 1000 ਪੌਦੇ ਲਗਾ ਕੇ ਮਨਾਇਆ ਗਿਆ, ਜਿਸ ਵਿੱਚ ਬੀ.ਐੱਸ.ਐੱਫ.160 ਦੇ ਕਮਾਂਡੈਂਟ ਸ੍ਰੀ ਰਾਕੇਸ਼ ਕੁਮਾਰ ਤੇ ਸ਼ਸ਼ੀ ਭੂਸ਼ਣ ਡਿਪਟੀ ਕਮਾਂਡੈਂਟ ਨੇ ਵੀ ਪੌਦੇ ਲਗਾਉਣ 'ਚ ਸਹਿਯੋਗ ਕੀਤਾ। ਕਮਾਂਡੈਂਟ ਰਾਕੇਸ਼ ਕੁਮਾਰ ਨੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ ਤੇ ਡਿਪਟੀ ਕਮਾਂਡੈਂਟ ਸ਼ਸ਼ੀ ਭੂਸ਼ਣ ਨੇ ਕਿਹਾ ਕਿ ਇਸ ਸਾਲ ਸਾਡਾ 160 ਬਟਾਲੀਅਨ ਦਾ ਟੀਚਾ 12000 ਪੌਦੇ ਲਗਾਉਣ ਦਾ ਹੈ ਅਤੇ ਅੱਜ ਭਾਰਤ ਵਿਕਾਸ ਪ੍ਰੀਸ਼ਦ ਨੇ ਸਾਡਾ ਸਾਥ ਦਿੱਤਾ ਹੈ, ਅਸੀਂ ਇਸ ਸੰਸਥਾ ਦੇ ਧੰਨਵਾਦੀ ਹਾਂ। ਭਾਰਤ ਵਿਕਾਸ ਪ੍ਰੀਸ਼ਦ ਦੇ ਪੰਜਾਬ ਮੀਤ ਪ੍ਰਧਾਨ ਦੇਵੇਂਦਰ ਕੁੱਕੜ ਨੇ ਕਿਹਾ ਕਿ ਅਸੀਂ ਪ੍ਰੀਸ਼ਦ ਦੇ ਸੰਸਥਾਪਕ ਡਾ. ਸੂਰਜ ਪ੍ਰਕਾਸ਼ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ ਦੇਸ਼ ਨੂੰ ਹਰਿਆ-ਭਰਿਆ ਬਣਾਉਣ ਤੇ ਵਾਤਾਵਰਨ ਨੂੰ ਸ਼ੁੱਧ ਕਰਨ ਲਈ ਇਹ ਪੌਦੇ ਲਗਾ ਰਹੇ ਹਾਂ।

ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਦੇ ਚੇਅਰਮੈਨ ਰੋਸ਼ਨ ਲਾਲ ਅਸੀਜਾ ਨੇ ਦੱਸਿਆ ਕਿ ਡਾ. ਸੂਰਜ ਪ੍ਰਕਾਸ਼ ਨੇ 1963 ਵਿੱਚ ਲੋੜਵੰਦਾਂ ਦੀ ਸੇਵਾ, ਦੇਸ਼ ਨੂੰ ਹਰਿਆ ਭਰਿਆ ਬਣਾਉਣ, ਅੰਗਹੀਣਾਂ ਨੂੰ ਬਨਾਵਟੀ ਅੰਗ ਮੁਹੱਈਆ ਕਰਵਾਉਣ ਤੇ ਇਲਾਜ ਕਰਵਾਉਣ ਆਦਿ ਦੇ ਵਿਚਾਰਾਂ ਨਾਲ ਇਸ ਸੰਸਥਾ ਦੀ ਸ਼ੁਰੂਆਤ ਕੀਤੀ ਸੀ ਅਤੇ ਇਸ ਦਾ ਨਾਮ ਭਾਰਤ ਵਿਕਾਸ ਕੌਂਸਲ ਰੱਖਿਆ ਗਿਆ ਸੀ, ਇਸ ਦੇ ਤਹਿਤ ਅਸੀਂ ਦੇਸ਼ ਨੂੰ ਹਰਿਆ-ਭਰਿਆ ਬਣਾਉਣ ਦਾ ਕੰਮ ਕਰ ਰਹੇ ਹਾਂ। ਮੰਚ ਤੋਂ ਮਦਨ ਲਾਲ ਡੁਮਰਾ, ਨਰੇਸ਼ ਕੁਮਾਰ ਕੁੱਕੜ, ਮਨਜੀਤ ਸਿੰਘ ਦਰਗਨ ਆਦਿ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਪ੍ਰਧਾਨ ਰੋਸ਼ਨ ਲਾਲ ਅਸੀਜਾ, ਦਵਿੰਦਰ ਕੁੱਕੜ, ਖਜ਼ਾਨਚੀ ਸੁਰੇਸ਼ ਗਾਬਾ, ਸਕੱਤਰ ਗੁਰਮੀਤ ਲਾਡੀ, ਪੰਜਾਬ ਮੈਂਬਰ ਪ੍ਰਵੇਸ਼ ਧੰਨਾ, ਸਲਾਹਕਾਰ ਰਮੇਸ਼ ਸਿਡਾਨਾ, ਅਸ਼ੋਕ ਕੁਮਾਰ ਡੁਮਰਾ, ਲਲਿਤ ਗਾਂਧੀ, ਕੇਵਲ ਸੁਖੀਜਾ, ਐਡਵੋਕੇਟ ਪਰਮਪੁਰਖ ਸਿੰਘ, ਰਾਜਨ ਡੁਮਰਾ, ਮਲਕੀਤ ਸਿੰਘ ਆਦਿ ਤੋਂ ਇਲਾਵਾ ਬੀ.ਐੱਸ.ਐੱਫ. ਦੇ ਜਵਾਨ ਤੇ ਅਧਿਕਾਰੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸੰਤ ਬਾਬਾ ਸੁਖਦੇਵ ਸਿੰਘ ਦੀ ਬਰਸੀ ਸ਼ਰਧਾ ਤੇ ਸਤਿਕਾਰ ਨਾਲ ਮਨਾਈ



ਨਾਭਾ (ਵਰਿੰਦਰ ਵਰਮਾ)-ਨਾਭਾ ਦੇ ਗੁਰਦੁਆਰਾ ਅਲੋਹਰਾ ਸਾਹਿਬ ਵਿਖੇ ਸੰਤ ਬਾਬਾ ਸੁਖਦੇਵ ਸਿੰਘ ਜੀ ਦੀ 21ਵੀਂ ਬਰਸੀ ਬੜੀ ਸ਼ਰਧਾ ਤੇ ਸਤਿਕਾਰ ਨਾਲ ਬਾਬਾ ਕਸ਼ਮੀਰਾ ਸਿੰਘ ਦੀ ਰਹਿਨੁਮਾਈ ਹੇਠ ਮਨਾਈ ਗਈ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤ ਨੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਾਈ ਤੇ ਸੰਤ ਬਾਬਾ ਸੁਖਦੇਵ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਸਮਾਗਮ ਵਿੱਚ ਪਹੁੰਚਣ ਵਾਲੀ ਸੰਗਤ ਲਈ ਅਤੁੱਟ ਗੁਰੂ ਕਾ ਲੰਗਰ ਵਰਤਾਇਆ ਗਿਆ।ਇਸ ਮੌਕੇ ਭਾਰੀ ਮੀਂਹ ਦੇ ਬਾਵਜੂਦ ਸੰਗਤਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।ਸਾਲਾਨਾ ਸਮਾਗਮ ਲਈ ਗੁਰਦੁਆਰਾ ਸਾਹਿਬ ਵੱਲੋਂ ਸੰਗਤਾਂ ਦੇ ਆਗਮਨ ਲਈ ਪੁਖਤਾ ਇੰਤਜ਼ਾਮ ਕੀਤੇ ਗਏ ਸਨ, ਬਰਸੀ ਮੌਕੇ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਖੂਨਦਾਨ ਕੈਂਪ ਤੇ ਮੈਡੀਕਲ ਕੈਂਪ ਲਗਾਇਆ ਗਿਆ।ਗੁਰਦੁਆਰਾ ਸਾਹਿਬ ਦੇ ਹਾਲ ਵਿੱਚ ਕਰਵਾਏ ਗਏ ਧਾਰਮਿਕ ਸਮਾਗਮ ਦੌਰਾਨ ਬਹੁਤ ਸਾਰੇ ਮਹਾਂਪੁਰਖਾਂ ਤੇ ਸੰਤ ਬਾਬਾ ਕਸ਼ਮੀਰਾ ਸਿੰਘ ਵੱਲੋਂ ਸੰਗਤਾਂ ਨੂੰ ਕੀਰਤਨ ਤੇ ਆਪਣੇ ਸ਼ਬਦਾਂ ਨਾਲ ਨਿਹਾਲ ਕੀਤਾ ਗਿਆ।21ਵੀਂ ਸਾਲਾਨਾ ਬਰਸੀ ਨੂੰ ਲੈ ਕੇ ਬਾਬਾ ਕਸ਼ਮੀਰਾ ਸਿੰਘ ਤੇ ਸੰਤਾਂ ਵੱਲੋਂ ਜਿੱਥੇ ਸੰਤ ਬਾਬਾ ਸੁਖਦੇਵ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਉੱਥੇ ਉਨ੍ਹਾਂ ਦਰਸਾਏ ਗਏ ਰਾਹ ਉੱਪਰ ਚੱਲਣ ਲਈ ਸੰਗਤਾਂ ਨੂੰ ਪ੍ਰੇਰਿਆ।ਬਾਬਾ ਕਸ਼ਮੀਰਾ ਸਿੰਘ ਨੇ ਕਿਹਾ ਕਿ ਭਾਰੀ ਮੀਂਹ ਦੇ ਬਾਵਜੂਦ ਦੂਰੋਂ ਦੂਰੋਂ ਸੰਗਤਾਂ ਨੇ ਬਰਸੀ ਸਮਾਗਮ ਵਿੱਚ ਪਹੁੰਚ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਈ, ਜਿਸ ਲਈ ਉਹ ਸਭ ਦੇ ਧੰਨਵਾਦੀ ਹਨ।ਇਸ ਮੌਕੇ ਭਾਈ ਕਮਲਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਬਾਬਾ ਮਨਮੋਹਣ ਸਿੰਘ ਬਾਰਨ ਵਾਲੇ, ਭਾਈ ਜਸਵੀਰ ਸਿੰਘ ਲੋਪੇ, ਬਾਬਾ ਗੁਰਸੇਵਕ ਸਿੰਘ ਸਟੇਜ ਸਕੱਤਰ, ਬਾਬਾ ਹਰਦੇਵ ਸਿੰਘ, ਹੈਡ ਗ੍ਰੰਥੀ ਤਰਲੋਚਨ ਪਾਲ ਸਿੰਘ, ਬਾਬਾ ਬਲਦੇਵ ਸਿੰਘ, ਬਾਬਾ ਜਸਪਾਲ ਸਿੰਘ, ਬਾਬਾ ਬਲਜੀਤ ਸਿੰਘ ਖੇੜੀ ਗੋੜੀਆਂ ਵਾਲੇ, ਬਾਬਾ ਦਰਸ਼ਨ ਸਿੰਘ ਟੌਹੜਾ, ਬਾਬਾ ਬਲਦੇਵ ਸਿੰਘ ਜੱਥਾ ਰਾੜਾ ਸਾਹਿਬ, ਬਾਬਾ ਰੋਸ਼ਨ ਸਿੰਘ ਧਬਲਾਨ ਸਾਹਿਬ, ਭਾਈ ਮਨਦੀਪ ਸਿੰਘ ਗੁਰਦੁਆਰਾ ਅਤਰਸਰ ਸਾਹਿਬ, ਬਾਬਾ ਗੁਰਮੁਖ ਸਿੰਘ, ਬਾਬਾ ਸੁਰਜੀਤ ਸਿੰਘ ਯੂਐਸਏ ਵਾਲੇ, ਐਕਸੀਅਨ ਜਤਿੰਦਰ ਸਿੰਘ, ਹਰਜੀਤ ਸਿੰਘ ਐੱਸਡੀਓ, ਡਾਕਟਰ ਦਰਸ਼ਨ ਸਿੰਘ ਘੁੰਮਣ, ਹਰਮੀਤ ਸਿੰਘ ਮਾਨ ਪ੍ਰਧਾਨ ਪ੍ਰੈੱਸ ਕਲੱਬ ਨਾਭਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਐੱਸ ਐੱਸ ਪੀ ਵੱਲੋਂ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਦਾ ਉਦਘਾਟਨ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ)

ਐੱਸ.ਐੱਸ.ਪੀ. ਸ੍ਰੀ ਭਾਗੀਰਥ ਸਿੰਘ ਮੀਨਾ ਵੱਲੋਂ ਦਿਨੋਂ ਦਿਨ ਵੱਧ ਰਹੇ ਆਨਲਾਈਨ ਫਰਾਡ/ਕ੍ਰਾਇਮ ਨਾਲ ਨਜਿੱਠਣ ਲਈ ਅਤੇ ਆਮ ਪਬਲਿਕ ਦੀਆਂ ਸ਼ਿਕਾਇਤਾਂ ਦਾ ਜਲਦ ਤੋਂ ਜਲਦ ਨਿਪਟਾਰਾ ਕਰਨ ਲਈ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿਖੇ ਸਾਈਬਰ ਕ੍ਰਾਇਮ ਪੁਲਸ ਸਟੇਸ਼ਨ ਸਥਾਪਤ ਕੀਤਾ ਗਿਆ, ਜਿਸ ਦਾ ਭਾਗੀਰਥ ਸਿੰਘ ਮੀਨਾ, ਆਈ.ਪੀ.ਐੱਸ. ਵੱਲੋਂ ਉਦਘਾਟਨ ਕੀਤਾ ਗਿਆ।ਇਹ ਥਾਣਾ ਜ਼ਿਲ੍ਹਾ ਪੁਲਸ ਹੈੱਡਕੁਆਟਰ ਬਠਿੰਡਾ ਰੋਡ, ਸ੍ਰੀ ਮੁਕਤਸਰ ਸਾਹਿਬ ਵਿਖੇ ਬਣਾਇਆ ਗਿਆ ਹੈ।ਇਸ ਮੌਕੇ ਕੰਵਲਪ੍ਰੀਤ ਸਿੰਘ ਚਾਹਲ ਐੱਸ ਪੀ (ਐੱਚ), ਨਵੀਨ ਕੁਮਾਰ ਡੀ.ਐੱਸ.ਪੀ, ਇੰਸ: ਰਾਜਵੀਰ ਕੌਰ, ਐੱਸ ਆਈ ਰਾਵਿੰਦਰ ਕੌਰ ਹਾਜ਼ਰ ਸਨ।

ਸ੍ਰੀ ਭਾਗੀਰਥ ਸਿੰਘ ਮੀਨਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਲੋਕਾਂ ਦੀਆਂ ਸਾਈਬਰ ਕ੍ਰਾਇਮ ਨਾਲ ਸਬੰਧਤ ਸ਼ਿਕਾਇਤਾਂ 'ਤੇ ਤੁਰੰਤ ਕਾਰਵਾਈ ਲਈ ਜ਼ਿਲ੍ਹੇ ਅੰਦਰ ਸਾਈਬਰ ਕ੍ਰਾਇਮ ਪੁਲਸ ਸਟੇਸ਼ਨ ਬਣਾਇਆ ਗਿਆ ਹੈ।ਉਨ੍ਹਾ ਦੱਸਿਆ ਕਿ ਮਨਮੀਤ ਸਿੰਘ ਢਿੱਲੋਂ ਐੱਸ.ਪੀ. (ਇਨਵੈ) ਨੂੰ ਨੋਡਲ ਅਫਸਰ ਨਿਯੁਕਤ ਕਰਦੇ ਹੋਏ, ਨਵੀਨ ਕੁਮਾਰ ਡੀ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਨੂੰ ਥਾਣਾ ਇੰਚਾਰਜ ਲਗਾਇਆ ਗਿਆ ਹੈ।ਉਨ੍ਹਾ ਨਾਲ ਇੰਸ: ਰਾਜਵੀਰ ਕੌਰ, ਐੱਸ ਆਈ ਰਵਿੰਦਰ ਕੌਰ ਤੇ ਹੋਰ ਸਟਾਫ ਤਾਇਨਾਤ ਕੀਤਾ ਗਿਆ ਹੈ, ਜੋ ਸਾਈਬਰ ਕ੍ਰਾਇਮ ਨਾਲ ਸਬੰਧਤ ਸ਼ਿਕਾਇਤਾਂ/ਮੁਕੱਦਮਿਆਂ ਦਾ ਨਿਪਟਾਰਾ ਕਰਨਗੇ ਤੇ ਨਾਲ ਹੀ ਐੱਨ.ਸੀ.ਆਰ.ਬੀ. ਦੇ ਹੈਲਪ ਲਾਈਨ ਨੰਬਰ 1930 ਤੇ ਆਨਲਾਈਨ ਸਾਇਟ 'ਤੇ ਆਉਣ ਵਾਲੀਆਂ ਸ਼ਿਕਾਇਤਾਂ ਨੂੰ ਵੀ ਡੀਲ ਕਰਨਗੇ।

ਐੱਸ.ਐੱਸ.ਪੀ. ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅੱਜਕੱਲ੍ਹ ਇੰਟਰਨੈੱਟ ਦੀ ਵਰਤੋਂ ਕਰਦਿਆਂ ਸਾਵਧਾਨੀ ਵਰਤਣੀ ਚਾਹੀਦੀ ਹੈ, ਕਿਸੇ ਵੀ ਤਰ੍ਹਾਂ ਦੇ ਅਨਜਾਣ ਨੰਬਰ ਤੋਂ ਆਏ ਲਿੰਕ 'ਤੇ ਕਲਿੱਕ ਨਹੀਂ ਕਰਨਾ ਚਾਹੀਦਾ ਤੇ ਕਿਸੇ ਨੂੰ ਵੀ ਆਪਣੇ ਬੈਂਕ ਦੀ ਡਿਟੇਲ, ਓ.ਟੀ.ਪੀ, ਕ੍ਰੈਡਿਟ ਕਾਰਡ ਡਿਟੇਲ ਤੇ ਪਾਸਵਰਡ ਸ਼ੇਅਰ ਨਾ ਕਰੋ।

# ਨਹੀਂ ਰਿਹਾ ਬੀ ਕੇ ਯੂ ਉਗਰਾਹਾਂ ਦਾ ਵਰਕਰ ਜੁਗਰਾਜ ਸਿਓਂ



ਤਲਵੰਡੀ ਸਾਬੋ (ਜਗਦੀਪ ਗਿੱਲ)

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਪਿੰਡ ਇਕਾਈ ਲਾਲੇਆਣਾ ਦੇ ਨਾਲ ਜੁੜੇ ਹੋਏ ਮਿਹਨਤੀ ਤੇ ਨਿਮਰ ਵਰਕਰ ਜੁਗਰਾਜ ਸਿੰਘ ਵੀਰਵਾਰ ਸਦੀਵੀ ਵਿਛੋੜਾ ਦੇ ਗਏ, ਜੋਕਿ ਪਰਵਾਰ ਤੇ ਜਥੇਬੰਦੀ ਲਈ ਕਦੇ ਵੀ ਪੂਰਾ ਨਾ ਹੋਣ ਵਾਲਾ ਘਾਟਾ ਹੈ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਸੰਬੰਧੀ ਪਿੰਡ ਇਕਾਈ ਲਾਲੇਆਣਾ ਦੇ ਪ੍ਰਧਾਨ ਬੱਗਾ ਸਿੰਘ ਨੇ ਦੱਸਿਆ ਕਿ ਜੁਗਰਾਜ ਸਿੰਘ ਇੱਕ ਮਿਹਨਤੀ, ਨਿਮਰ ਤੇ ਮਿਲਣਸਾਰ ਇਨਸਾਨ ਸੀ, ਉਹ ਕਾਫੀ ਲੰਮੇ ਸਮੇਂ ਤੋਂ ਜਥੇਬੰਦੀ ਦੀਆਂ ਗਤੀਵਿਧੀਆਂ ਵਿੱਚ ਯੋਗਦਾਨ ਪਾਉਂਦੇ ਆ ਰਹੇ ਸਨ।ਦਿੱਲੀ ਅੰਦੋਲਨ ਵਿੱਚ ਵੀ ਵੱਧ ਚੜ੍ਹ ਕੇ ਯੋਗਦਾਨ ਪਾਇਆ।ਅੱਜ ਉਨ੍ਹਾਂ ਦਾ ਪਿੰਡ ਲਾਲੇਆਣਾ ਵਿਖੇ ਅੰਤਿਮ ਸੰਸਕਾਰ ਕੀਤਾ ਗਿਆ। ਇਸ ਸਮੇਂ ਜਥੇਬੰਦੀ ਵੱਲੋਂ ਅਰਥੀ ਉੱਪਰ ਝੰਡਾ ਪਾ ਕੇ ਸਾਥੀ ਨੂੰ ਅੰਤਿਮ ਵਿਦਾਈ ਦਿੱਤੀ ਗਈ।ਇਸ ਸਮੇਂ ਬਲਾਕ ਆਗੂ ਰਣਜੋਧ ਸਿੰਘ ਮਾਹੀ ਨੰਗਲ, ਅਮਰਜੀਤ ਮਾਹੀ ਨੰਗਲ, ਪਿੰਡ ਇਕਾਈ ਲਾਲੇਆਣਾ ਜੰਟਾ ਸਿੰਘ, ਜਸਵਿੰਦਰ ਸਿੰਘ, ਦਰਸ਼ਨ ਮੌੜ, ਭਿੰਡਰ ਸਿੰਘ ਹਾਜ਼ਰ ਸਨ।

# ਘੱਗਰ ਦੇ ਪਾਣੀ ਕਾਰਨ ਫਸਲਾਂ ਦੇ ਨੁਕਸਾਨ ਨੂੰ ਲੈ ਕੇ ਅਗਾਊਂ ਪ੍ਰਬੰਧਾਂ ਲਈ ਸੀ ਪੀ ਆਈ (ਐੱਮ) ਦਾ ਵਫ਼ਦ ਡੀ ਸੀ ਨੂੰ ਮਿਲਿਆ

- ਮੁੱਖ ਮੰਤਰੀ ਪੰਜਾਬ ਦੇ ਨਾਂਅ ਸੌਂਪਿਆ ਮੰਗ ਪੱਤਰ



ਮਾਨਸਾ (ਆਤਮਾ ਸਿੰਘ ਪਮਾਰ)-ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜ਼ਿਲ੍ਹਾ ਮਾਨਸਾ ਦੇ ਸਕੱਤਰ ਤੇ ਆਲ ਇੰਡੀਆ ਕਿਸਾਨ ਸਭਾ ਪੰਜਾਬ ਦੇ ਸੂਬਾਈ ਮੀਤ ਪ੍ਰਧਾਨ ਐਡਵੋਕੇਟ ਸਵਰਨਜੀਤ ਸਿੰਘ ਦਲਿਓ ਦੀ ਅਗਵਾਈ ਵਿੱਚ ਪਾਰਟੀ ਦੇ ਸੂਬਾਈ ਸੱਦੇ 'ਤੇ ਡਿਪਟੀ ਕਮਿਸ਼ਨਰ ਮਾਨਸਾ ਨੂੰ ਮਿਲ ਕੇ ਘੱਗਰ ਨਦੀ (ਨਾਲੀ) ਦੇ ਬਰਸਾਤਾਂ ਕਾਰਨ ਹੜ੍ਹਾਂ ਦੇ ਪਾਣੀ ਨਾਲ ਮਾਨਸਾ ਜ਼ਿਲ੍ਹੇ ਖ਼ਾਸ ਕਰਕੇ ਬਰੇਟਾ, ਬੋਹਾ ਤੇ ਸਰਦੂਲਗੜ੍ਹ ਦੇ ਪਿੰਡਾਂ ਦੀਆਂ ਫ਼ਸਲਾਂ ਦੇ ਨੁਕਸਾਨ ਸਬੰਧੀ ਅਗਾਊਂ ਪ੍ਰਬੰਧ ਕਰਨ ਤੇ ਰਜਬਾਹਿਆਂ-ਨਾਲਿਆਂ ਦੀ ਸਾਫ ਸਫ਼ਾਈ ਕਰਨ ਸਬੰਧੀ ਫੌਰੀ ਕਦਮ ਚੁੱਕੇ ਜਾਣ ਦੀ ਮੰਗ ਕੀਤੀ।

ਵਫ਼ਦ ਨੇ ਪਾਰਟੀ ਦੇ ਸੂਬਾਈ ਫੈਸਲੇ ਮੁਤਾਬਕ ਡੀ. ਸੀ. ਮਾਨਸਾ ਨੂੰ ਇੱਕ ਮੰਗ ਪੱਤਰ ਵੀ ਮੁੱਖ ਮੰਤਰੀ ਪੰਜਾਬ ਤੱਕ ਪਹੁੰਚਾਉਣ ਲਈ ਦਿੱਤਾ।ਵਫਦ ਵਿੱਚ ਕਾ. ਦਲਿਓ ਤੋਂ ਇਲਾਵਾ ਸੀ.ਪੀ.ਆਈ.(ਐੱਮ) ਤੇ ਆਲ ਇੰਡੀਆ ਕਿਸਾਨ ਸਭਾ ਪੰਜਾਬ ਦੇ ਸੀਨੀਅਰ ਜ਼ਿਲ੍ਹਾ ਆਗੂ ਕਾ. ਅਵਤਾਰ ਸਿੰਘ ਛਾਪਿਆਂਵਾਲੀ, ਕਾ. ਜਸਵੰਤ ਸਿੰਘ ਬੀਰੋਕੇ, ਕਾ. ਅਮਰਜੀਤ ਸਿੰਘ ਸਿੱਧੂ, ਕਾ. ਘਨੀਸ਼ਾਮ ਨਿੱਕੂ, ਸਾਥੀ ਹਰਜਿੰਦਰ ਸਿੰਘ ਬਰੇਟਾ, ਸਾਥੀ ਅਮਨਪ੍ਰੀਤ ਸਿੰਘ ਛਾਪਿਆਂਵਾਲੀ, ਕਾ. ਤੇਜਾ ਸਿੰਘ ਹੀਰਕੇ, ਕਾ. ਸੁਰੇਸ਼ ਕੁਮਾਰ ਮਾਨਸਾ, ਸਾਥੀ ਜਗਦੇਵ ਸਿੰਘ ਢੈਪਈ ਆਦਿ ਸ਼ਾਮਲ ਸਨ।ਪਾਰਟੀ ਆਗੂਆਂ ਨੇ ਡਿਪਟੀ ਕਮਿਸ਼ਨਰ ਮਾਨਸਾ ਨੂੰ ਸ਼ਹਿਰ ਵਿਚਲੀ ਸੀਵਰੇਜ ਦੀ ਸਮੱਸਿਆ ਤੇ ਹੋਰ ਮੰਗਾਂ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੀ ਵੀ ਮੰਗ ਕੀਤੀ।ਇਸ ਮੌਕੇ ਐਡਵੋਕੇਟ ਦਲਿਓ ਨੇ ਕਿਹਾ ਕਿ ਘੱਗਰ ਨਦੀ, ਜਿਸ ਨੂੰ ਇਲਾਕੇ ਵਿੱਚ ਨਾਲੀ ਆਖਿਆ ਜਾਂਦਾ ਹੈ, ਇਸ ਨਾਲੀ ਵਿੱਚ ਹੜ੍ਹਾਂ ਦੇ ਪਾਣੀ ਨਾਲ ਜ਼ਿਲ੍ਹੇ ਦੀ ਹਜ਼ਾਰਾਂ ਏਕੜ ਫ਼ਸਲ, ਮਕਾਨ, ਪਸ਼ੂ ਧਨ ਸਮੇਤ ਕਾਫ਼ੀ ਵੱਡੀ ਪੱਧਰ 'ਤੇ ਜਾਨੀ-ਮਾਲੀ ਨੁਕਸਾਨ ਹੋ ਜਾਂਦਾ ਹੈ ਅਤੇ ਪਿਛਲੇ ਸਾਲ ਵੀ ਬਹੁਤ ਜ਼ਿਆਦਾ ਨੁਕਸਾਨ ਹੋਇਆ ਸੀ, ਪਰ ਪੰਜਾਬ ਸਰਕਾਰ ਨੇ ਮੁਆਵਜ਼ੇ ਦੀ ਬਣਦੀ ਰਾਸ਼ੀ ਨਹੀਂ ਦਿੱਤੀ। ਇਸ ਮੌਕੇ ਆਲ ਇੰਡੀਆ ਕਿਸਾਨ ਸਭਾ ਦੇ ਸੀਨੀਅਰ ਆਗੂਆਂ ਅਮਰਜੀਤ ਸਿੰਘ ਸਿੱਧੂ, ਜਸਵੰਤ ਸਿੰਘ ਬੀਰੋਕੇ, ਅਵਤਾਰ ਸਿੰਘ ਛਾਪਿਆਂਵਾਲੀ ਤੇ ਹਰਜਿੰਦਰ ਸਿੰਘ ਬਰੇਟਾ ਨੇ ਕਿਹਾ ਕਿ ਘੱਗਰ ਨਦੀ (ਨਾਲੀ) ਦੀ ਜਗ੍ਹਾ ਉੱਪਰ ਕੁਝ ਰਸੂਖਦਾਰ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਜਿਨ੍ਹਾਂ ਨੂੰ ਗੰਭੀਰਤਾ ਨਾਲ ਲੈ ਕੇ ਪ੍ਰਸ਼ਾਸਨ ਦੁਆਰਾ ਨਿਸ਼ਾਨਦੇਹੀ ਕਰਕੇ ਨਜਾਇਜ਼ ਕਬਜ਼ੇ ਹਟਾਏ ਜਾਣ।

ਉਕਤ ਆਗੂਆਂ ਤੋਂ ਇਲਾਵਾ ਕਾ. ਜੰਟਾ ਸਿੰਘ ਕੋਟੜਾ, ਕਾ. ਸਿਮਰੂ ਸਿੰਘ ਬਰਨ, ਕਾ. ਬੀਰਬਲ ਸਿੰਘ ਚੌਹਾਨ, ਕਾ. ਸੰਜੀਤ ਕੁਮਾਰ ਮਾਨਸਾ, ਸਾਥੀ ਤਰਸੇਮ ਸਿੰਘ ਬਹਾਦਰਪੁਰ, ਸਾਥੀ ਜਗਦੇਵ ਸਿੰਘ ਫ਼ੌਜੀ ਆਦਿ ਸ਼ਾਮਲ ਸਨ।

# ਗਰੀਬ ਪਰਵਾਰਾਂ ਨੂੰ ਸ਼ਰਬਤ ਦੀਆਂ ਬੋਤਲਾਂ ਤੇ ਚੱਪਲਾਂ ਵੰਡੀਆਂ



ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਡੇਰਾ ਬਾਬਾ ਭਜਨ ਸਿੰਘ ਜੀ ਪਿੰਡ ਦੀਵਾਨਾ ਦੇ ਮੁੱਖ ਸੇਵਾਦਾਰ ਬਾਬਾ ਜੰਗ ਸਿੰਘ ਦੀਵਾਨਾ ਦੀ ਅਗਵਾਈ ਵਿੱਚ ਸਮਾਜ ਸੇਵਾ ਦੇ ਕਾਰਜ ਨਿਰੰਤਰ ਜਾਰੀ ਹਨ। ਇਸੇ ਲੜੀ ਤਹਿਤ ਬਾਬਾ ਜੰਗ ਸਿੰਘ ਦੀਵਾਨਾ ਵੱਲੋਂ ਝੁੱਗੀਆਂ ਝੌਂਪੜੀਆਂ ਵਿੱਚ ਵਸਦੇ ਪਰਵਾਰਾਂ ਨੂੰ ਸ਼ਰਬਤ ਦੀਆਂ ਬੋਤਲਾਂ ਤੇ ਲੋੜਵੰਦਾਂ ਨੂੰ ਚੱਪਲਾਂ ਵੰਡੀਆਂ ਗਈਆਂ।ਇਸ ਮੌਕੇ ਬਾਬਾ ਜੰਗ ਸਿੰਘ ਦੀਵਾਨਾ ਨੇ ਕਿਹਾ ਕਿ ਲੋੜਵੰਦ ਪਰਵਾਰਾਂ ਦੀ ਸੇਵਾ ਸਭ ਤੋਂ ਉੱਤਮ ਹੈ, ਜਿਸ ਨਾਲ ਇਨਸਾਨ ਚੰਗੇ ਕੰਮਾਂ ਲਈ ਪ੍ਰੇਰਤ ਹੁੰਦਾ ਰਹਿੰਦਾ ਹੈ।ਉਨ੍ਹਾ ਕਿਹਾ ਕਿ ਭਾਵੇਂ ਗਰਮੀ ਤੋਂ ਰਾਹਤ ਲਈ ਸੰਗਤਾਂ ਵੱਲੋਂ ਛਬੀਲਾਂ ਲਗਾਈਆਂ ਜਾ ਰਹੀਆਂ ਹਨ, ਪਰ ਬਹੁਤ ਸਾਰੇ ਪਰਵਾਰ ਰਹਿ ਜਾਂਦੇ ਹਨ, ਇਸ ਲਈ ਝੁੱਗੀਆਂ ਵਿੱਚ ਸ਼ਰਬਤ ਵੰਡਿਆ ਗਿਆ ਹੈ ਤਾਂ ਕਿ ਉਹ ਘਰ ਵਿੱਚ ਹੀ ਬਣਾ ਕੇ ਪੀ ਸਕਣ।ਇਸ ਮੌਕੇ ਅਰਵਿੰਦਰ ਸਿੰਘ ਅਮਰੀਕਾ, ਡਾ. ਗੁਰਿੰਦਰ ਸਿੰਘ, ਪ੍ਰਭਜੋਤ ਸਿੰਘ ਇੰਗਲੈਂਡ, ਮਨਜੀਤ ਸਿੰਘ ਚੱਢਾ, ਰਾਜਵਿੰਦਰ ਕੌਰ ਅਮਰੀਕਾ, ਜਗਦੀਪ ਕੈਨੇਡਾ, ਦੀਪ ਹਲਵਾਰਾ, ਸੋਨਾ ਨਿਊਜ਼ੀਲੈਂਡ, ਨਿੱਕੀ ਕੈਨੇਡਾ, ਬਲਜੀਤ ਸਿੰਘ ਕੈਨੇਡਾ ਨੇ ਬਾਬਾ ਜੰਗ ਸਿੰਘ ਦੀਵਾਨਾ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ।ਇਸ ਮੌਕੇ ਗੁਰਦੀਪ ਸਿੰਘ ਦੀਵਾਨਾ, ਦਰਸ਼ਨ ਸਿੰਘ ਸੋਹੀ, ਰਣਜੀਤ ਸਿੰਘ ਰਾਣਾ, ਹਾਕਮ ਸਿੰਘ ਗਹਿਲ, ਟੇਕ ਸਿੰਘ ਛੀਨੀਵਾਲ, ਵਿੱਕੀ ਦੀਵਾਨਾ ਤੇ ਸੁਖਵਿੰਦਰ ਸਿੰਘ ਹਾਜ਼ਰ ਸਨ।

29-Jun-PAGE-12.qxd 6/28/2024 9:20 PM Page 1



# ਸਟੇਟ ਪੈਨਸ਼ਨ ਸਕੀਮ ਅਧੀਨ ਅਯੋਗ ਲਾਭਪਾਤਰੀਆਂ ਤੋਂ 41.22 ਕਰੋੜ ਦੀ ਰਿਕਵਰੀ : ਡਾ. ਬਲਜੀਤ ਕੌਰ

ਚੰਡੀਗੜ੍ਹ, (ਗੁਰਜੀਤ ਬਿੱਲਾ)- ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨਾਗਰਿਕਾਂ ਦੀ ਭਲਾਈ ਲਈ ਵੱਖ ਵੱਖ ਸਕੀਮਾਂ ਉਲੀਕੀਆਂ ਹੋਈਆਂ ਹਨ ਜਿਨ੍ਹਾਂ ਦੇ ਅਧੀਨ ਪੰਜਾਬੀਆਂ ਨੂੰ ਲਾਭ ਮਿਲ ਰਿਹਾ ਹੈ। ਇਸੇ ਤਰਜ਼ 'ਤੇ ਕੁਝ ਸਮਾਂ ਪਹਿਲਾਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੇ ਨਿਰਦੇਸ਼ਾਂ ਹੇਠ ਸੂਬੇ ਵਿੱਚ ਸਟੇਟ ਪੈਨਸ਼ਨ ਸਕੀਮ ਅਧੀਨ ਲਾਭ ਲੈ ਰਹੇ ਲਾਭਪਾਤਰੀਆਂ ਦੀ ਹੋਂਦ ਦਾ ਵਿਭਾਗ ਵੱਲੋਂ ਸਰਵੇ ਕਰਵਾਇਆ ਗਿਆ। ਵਿਭਾਗ ਵੱਲੋਂ ਪੇਸ਼ ਕੀਤੀ ਗਈ ਸਰਵੇ ਰਿਪੋਰਟ ਆਉਣ 'ਤੇ ਅਯੋਗ ਲਾਭਪਾਤਰੀਆਂ ਦਾ ਪਰਦਾਫਾਸ਼ ਹੋਇਆ ਹੈ।ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਕਰਵਾਏ ਸਰਵੇ ਦੀ ਰਿਪੋਰਟ ਅਨੁਸਾਰ ਪਿਛਲੇ ਸਾਲ 2023-24 ਦੌਰਾਨ ਸਟੇਟ ਪੈਨਸ਼ਨ ਸਕੀਮ ਅਧੀਨ ਪੈਨਸ਼ਨ ਲੈ ਰਹੇ 33,48,989 ਲਾਭਪਾਤਰੀਆਂ ਵਿੱਚੋਂ 1,07,571 ਲਾਭਪਾਤਰੀ ਅਯੋਗ ਪਾਏ ਗਏ ਹਨ, ਜਿਨ੍ਹਾਂ ਤੋਂ 41.22 ਕਰੋੜ ਰੁਪਏ ਦੀ ਰਿਕਵਰੀ ਕੀਤੀ ਗਈ ਹੈ।ਮੰਤਰੀ ਡਾ. ਬਲਜੀਤ ਕੌਰ ਨੇ ਇਸ ਸਬੰਧੀ ਦੱਸਿਆ ਕਿ ਪਿਛਲੇ ਸਾਲ ਦੌਰਾਨ ਪੈਨਸ਼ਨ ਸਕੀਮ ਅਧੀਨ 106521 ਪੈਨਸ਼ਨਰਾਂ ਨੂੰ ਮ੍ਰਿਤਕ, 476 ਪੈਨਸ਼ਨਰਾਂ ਨੂੰ ਐਨ.ਆਰ.ਆਈ ਅਤੇ 574 ਪੈਨਸ਼ਨਰ ਸਰਕਾਰੀ ਪੈਨਸ਼ਨਰ ਸਨ, ਇਸ ਤਰ੍ਹਾਂ ਕੁੱਲ 1,07,571 ਲਾਭਪਾਤਰੀਆਂ ਨੂੰ ਪੈਨਸ਼ਨ ਸਕੀਮ ਅਧੀਨ ਅਯੋਗ ਪਾਇਆ ਗਿਆ ਹੈ। ਸੂਬਾ ਸਰਕਾਰ ਵੱਲੋਂ ਇਹਨਾਂ ਲਾਭਪਾਤਰੀਆਂ ਤੋਂ 41.22 ਰੁਪਏ ਦੀ ਰਿਕਵਰੀ ਕੀਤੀ ਗਈ ਹੈ।ਡਾ. ਬਲਜੀਤ ਕੌਰ ਨੇ ਦੱਸਿਆ ਕਿ ਕੁੱਲ 107571 ਲਾਭਪਾਤਰੀਆਂ ਤੋਂ 41.22 ਕਰੋੜ ਰੁਪਏ ਰਿਕਵਰ ਕੀਤੇ ਗਏ ਜਿਨ੍ਹਾਂ ਵਿੱਚੋਂ ਅੰਮ੍ਰਿਤਸਰ ਜ਼ਿਲ੍ਹੇ 'ਚ 5375 ਲਾਭਪਾਤਰੀਆਂ ਤੋ 3.50 ਕਰੋੜ ਰੁਪਏ, ਬਰਨਾਲਾ ਵਿੱਚ 3402 ਲਾਭਪਾਤਰੀਆਂ ਤੋਂ 1.77 ਕਰੋੜ ਰੁਪਏ, ਬਠਿੰਡਾ ਵਿੱਚ 16099 ਲਾਭਪਾਤਰੀਆਂ ਤੋਂ 1.08 ਕਰੋੜ ਰੁਪਏ, ਫਰੀਦਕੋਟ 2546 ਲਾਭਪਾਤਰੀਆਂ ਤੋਂ 95.15 ਲੱਖ ਰੁਪਏ, ਫਤਿਹਗੜ੍ਹ ਸਾਹਿਬ 3049 ਲਾਭਪਾਤਰੀਆਂ ਤੋਂ 61.38 ਲੱਖ ਰੁਪਏ, ਫਿਰੋਜ਼ਪੁਰ ਵਿੱਚ 4018 ਲਾਭਪਾਤਰੀਆਂ ਤੋਂ 48.52 ਲੱਖ ਰੁਪਏ, ਫਾਜ਼ਿਲਕਾ ਵਿੱਚ 4965 ਲਾਭਪਾਤਰੀਆਂ ਤੋਂ 80.24 ਲੱਖ ਰੁਪਏ, ਗੁਰਦਾਸਪੁਰ ਵਿੱਚ 7738 ਲਾਭਪਾਤਰੀਆਂ ਤੋਂ 7.88 ਕਰੋੜ ਰੁਪਏ, ਹੁਸ਼ਿਆਰਪੁਰ 5838 ਲਾਭਪਾਤਰੀਆਂ ਤੋਂ 1.74 ਕਰੋੜ ਰੁਪਏ, ਜਲੰਧਰ ਵਿੱਚ 6404 ਲਾਭਪਾਤਰੀਆਂ ਤੋਂ 1.41 ਕਰੋੜ ਰੁਪਏ, ਕਪੂਰਥਲਾ ਵਿੱਚ 4034 ਲਾਭਪਾਤਰੀਆਂ ਤੋਂ 1.61 ਕਰੋੜ ਰੁਪਏ, ਲੁਧਿਆਣਾ 'ਚ 6993 ਲਾਭਪਾਤਰੀਆਂ ਤੋਂ 1.77 ਕਰੋੜ ਰੁਪਏ, ਮਾਨਸਾ 'ਚ 4329 ਲਾਭਪਾਤਰੀਆਂ ਤੋਂ 82.92 ਲੱਖ ਰੁਪਏ, ਮੋਗਾ 'ਚ 1721 ਲਾਭਪਾਤਰੀਆਂ ਤੋਂ 1.00 ਕਰੋੜ ਰੁਪਏ, ਸ੍ਰੀ ਮੁਕਤਸਰ ਸਾਹਿਬ 'ਚ 5489 ਤੋਂ 78.85 ਲੱਖ ਰੁਪਏ, ਐਸ.ਬੀ.ਐਸ ਨਗਰ 'ਚ 4043 ਲਾਭਪਾਤਰੀਆਂ ਤੋਂ 63.33 ਲੱਖ ਰੁਪਏ, ਪਠਾਨਕੋਟ 'ਚ 1480 ਲਾਭਪਾਤਰੀਆਂ ਤੋਂ 2.75 ਕਰੋੜ ਰੁਪਏ, ਪਟਿਆਲਾ 'ਚ 7201 ਲਾਭਪਾਤਰੀਆਂ ਤੋਂ 2.78 ਕਰੋੜ ਰੁਪਏ, ਰੂਪਨਗਰ 'ਚ 2906 ਲਾਭਪਾਤਰੀਆਂ ਤੋਂ 37.98 ਲੱਖ ਰੁਪਏ, ਸੰਗਰੂਰ 'ਚ 5211 ਲਾਭਪਾਤਰੀਆਂ ਤੋਂ 6.89 ਕਰੋੜ ਰੁਪਏ, ਐਸ.ਏ.ਐਸ ਨਗਰ 'ਚ 2355 ਲਾਭਪਾਤਰੀਆਂ ਤੋਂ 21.11 ਲੱਖ ਰੁਪਏ, ਤਰਨਤਾਰਨ 'ਚ 2375 ਲਾਭਪਾਤਰੀਆਂ ਤੋਂ 1.27 ਕਰੋੜ ਰੁਪਏ ਦੀ ਰਿਕਵਰੀ ਸ਼ਾਮਲ ਹੈ।ਇਸ ਤੋਂ ਇਲਾਵਾ ਮੰਤਰੀ ਨੇ ਅੱਗੇ ਦੱਸਿਆ ਕਿ ਸਟੇਟ ਪੈਨਸ਼ਨ ਸਕੀਮ ਅਧੀਨ ਇਸੇ ਤਰ੍ਹਾਂ ਚਾਲੂ ਵਿੱਤੀ ਸਾਲ 2024-25 ਦੇ ਅਪ੍ਰੈਲ ਮਹੀਨੇ ਦੌਰਾਨ 3797 ਲਾਭਪਾਤਰੀ ਅਯੋਗ ਪਾਏ ਗਏ ਹਨ ਅਤੇ ਉਨ੍ਹਾਂ ਤੋਂ 3.12 ਕਰੋੜ ਰੁਪਏ ਦੀ ਰਿਕਵਰੀ ਕੀਤੀ ਗਈ ਹੈ। ਇਸ ਤਰ੍ਹਾਂ ਸਟੇਟ ਪੈਨਸ਼ਨ ਸਕੀਮ ਅਧੀਨ ਕੁੱਲ 44.34 ਕਰੋੜ ਦੀ ਰਿਕਵਰੀ ਕੀਤੀ ਗਈ ਹੈ।ਮੰਤਰੀ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬਜ਼ੁਰਗਾਂ, ਵਿਧਵਾਵਾਂ, ਆਸ਼ਰਿਤ ਬੱਚਿਆਂ ਅਤੇ ਦਿਵਿਆਂਗਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੀ ਅਦਾਇਗੀ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮਹੀਨਾ ਮਈ 2024 ਤੱਕ 1501.17 ਕਰੋੜ ਰੁਪਏ ਦੀ ਰਾਸ਼ੀ ਲਾਭਪਾਤਰੀਆਂ ਦੀ ਪੈਨਸ਼ਨ ਲਈ ਸਰਕਾਰ ਵੱਲੋਂ ਖਰਚੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੈਨਸ਼ਨ ਸਕੀਮਾਂ ਲਈ ਮਹੀਨਾਵਾਰ ਖਰਚਾ 502 ਕਰੋੜ ਦੇ ਲੱਗਭੱਗ ਹੁੰਦਾ ਹੈ।ਮੰਤਰੀ ਨੇ ਦੱਸਿਆ ਕਿ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਜਲਦੀ ਹੀ ਪੈਨਸ਼ਨ ਦਾ ਲਾਭ ਲੈ ਰਹੇ ਲਾਭਪਾਤਰੀਆਂ ਦੀ ਪੜਤਾਲ ਦਾ ਕੰਮ ਮੁੜ ਸ਼ੁਰੂ ਕਰਨ।

# ਅਰੁੰਧਤੀ ਰਾਏ ਖ਼ਿਲਾਫ਼ ਦਰਜ ਕੇਸ ਵਾਪਸ ਲੈਣ ਦੀ ਮੰਗ



ਖਰੜ: (ਹਰਨਾਮ ਸਿੰਘ ਡੱਲਾ )- ਗ਼ਦਰੀ ਬਾਬੇ ਵਿਚਾਰਧਾਰਕ ਮੰਚ ਪੰਜਾਬ ਵਲੋਂ ਉੱਘੀ ਲੇਖਕਾ ਅਤੇ ਸਮਾਜਿਕ ਕਾਰਕੁੰਨ ਅਰੁੰਧਤੀ ਰਾਏ ਅਤੇ ਡਾਕਟਰ ਸ਼ੌਕਤ ਹੁਸੈਨ ਖ਼ਿਲਾਫ਼ 14 ਸਾਲ ਪਹਿਲਾਂ ਕੀਤੀ ਤਕਰੀਰ ਕਰਕੇ ਦਰਜ ਕੀਤੇ ਯੂ ਏ ਪੀ ਏ ਕੇਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਹਰਨਾਮ ਸਿੰਘ ਡੱਲਾ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਸ਼ਾਮਲ ਸੰਤਵੀਰ, ਸੁਖਵਿੰਦਰ ਸਿੰਘ ਦੁੱਮਣਾ, ਬਲਵਿੰਦਰ ਸਿੰਘ, ਭੁਪਿੰਦਰ ਮਦਨਹੇੜੀ, ਪ੍ਰਕਾਸ਼ ਸਿੰਘ ਰੰਗੀ, ਡਾਕਟਰ ਕਰਨੈਲ ਸਿੰਘ, ਦਿਨੇਸ਼ ਪ੍ਰਸਾਦ, ਬਲਜਿੰਦਰ ਸਿੰਘ ਅਤੇ ਸੁਰਿੰਦਰ ਸਿੰਘ ਬਡਾਲਾ ਨੇ ਭਾਗ ਲਿਆ। ਹਾਜ਼ਰ ਸਾਥੀਆਂ ਨੇ ਇੱਕ ਮਤੇ ਰਾਹੀਂ ਕੇਂਦਰ ਦੀ ਬੀ ਜੇ ਪੀ ਸਰਕਾਰ ਵਲੋਂ ਚੋਣ ਜਿੱਤਣ ਤੋਂ ਬਾਅਦ ਅਰੁੰਧਤੀ ਰਾਏ, ਡਾਕਟਰ ਸ਼ੌਕਤ ਹੁਸੈਨ ਉੱਤੇ ਦਰਜ ਕੀਤੇ ਕੇਸ ਨੂੰ ਫਾਸ਼ੀਵਾਦੀ ਕਦਮ ਗਰਦਾਨਿਆ ਹੈ। ਮੁਸ਼ਕਲ ਨਾਲ ਸੱਤਾ ਹਾਸਲ ਕਰਨ ਤੋਂ ਬਾਅਦ ਵੀ ਆਰ ਐੱਸ ਐੱਸ / ਬੀ ਜੇ ਪੀ ਦੀ ਸਰਕਾਰ ਮਨੁੱਖੀ ਅਧਿਕਾਰ ਕਾਰਕੁੰਨਾਂ, ਵਿਦਵਾਨਾਂ, ਲੇਖਕਾਂ, ਪੱਤਰਕਾਰਾਂ, ਵਿਦਿਆਰਥੀਆਂ ਅਤੇ ਫਾਸ਼ੀਵਾਦ ਵਿਰੁੱਧ ਅਵਾਜ਼ ਉਠਾਉਣ ਵਾਲੇ ਲੋਕਾਂ ਉੱਤੇ ਹਮਲੇ ਤੇਜ਼ ਕਰ ਰਹੀ ਹੈ। ਜਿਸ ਨਾਲ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਗ਼ਦਰੀ ਬਾਬੇ ਵਿਚਾਰਧਾਰਕ ਮੰਚ ਪੰਜਾਬ ਕੇਂਦਰ ਸਰਕਾਰ ਦੀਆਂ ਇਨ੍ਹਾਂ ਦਮਨਕਾਰੀ ਨੀਤੀਆਂ ਦੀ ਨਿਖੇਧੀ ਕਰਦਾ ਹੈ ਅਤੇ ਲੰਮੇ ਸਮੇਂ ਤੋਂ ਯੂ ਏ ਪੀ ਏ ਤਹਿਤ ਜੇਲ੍ਹਾਂ ਕੱਟ ਰਹੇ ਹੋਰ ਵਿਦਵਾਨਾਂ ਦੀ ਰਿਹਾਈ ਦੀ ਮੰਗ ਕਰਦਾ ਹੈ।ਇੱਕ ਹੋਰ ਮਤੇ ਰਾਹੀਂ ਪੰਜਾਬ ਵਿੱਚ ਅਮਨ ਕਾਨੂੰਨ ਦੀ ਵਿਗੜਦੀ ਹਾਲਤ ਉੱਤੇ ਵੀ ਚਿੰਤਾ ਜ਼ਾਹਰ ਕੀਤੀ ਗਈ। ਚੇਤੇ ਰਹੇ ਕਿ ਜ਼ਿਲ੍ਹਾ ਮੋਹਾਲੀ ਵਿੱਚ ਦਿਨ ਦਿਹਾੜੇ ਕਤਲ ਕੀਤੀ ਨੌਜਵਾਨ ਲੜਕੀ ਬਲਜਿੰਦਰ ਕੌਰ ਦਾ ਘਿਨੌਣਾ ਕਤਲ ਦਰਸਾਉਂਦਾ ਹੈ ਕਿ ਕਿਸੇ ਵੀ ਧੀ ਭੈਣ ਦਾ ਦਬੰਗਾਂ ਵਲੋਂ ਬਾਹਰ ਨਿਕਲਣਾ ਚਣੌਤੀ ਬਣ ਚੁੱਕਾ ਹੈ। ਖਰੜ ਸ਼ਹਿਰ ਵਿੱਚ ਵੀ ਦਵੰਗਾਂ ਵਲੋਂ ਟੋਲਿਆਂ ਵਿੱਚ ਹਥਿਆਰ ਚੁੱਕ ਕੇ ਗੈਂਗ ਵਾਰ ਕਰਨ ਦੀਆਂ ਘਟਨਾਵਾਂ ਵਧ ਰਹੀਆਂ ਹਨ ਜਿਸ ਨੇ ਸ਼ਰੀਫ ਸ਼ਹਿਰੀਆਂ ਵਿੱਚ ਡਰ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਮੰਚ ਵਲੋਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਐਸੀਆਂ ਘਟਨਾਵਾਂ ਰੋਕਣ ਲਈ ਸਖ਼ਤ ਕਦਮ ਉਠਾਏ ਜਾਣੇ ਚਾਹੀਦੇ ਹਨ।ਇੱਕ ਹੋਰ ਮਤੇ ਰਾਹੀਂ ਪੰਜਾਬ ਵਿੱਚ ਮਜ਼ਦੂਰਾਂ ਅਤੇ ਕਿਸਾਨਾਂ ਵਿੱਚ ਕਈ ਥਾਵਾਂ ਉੱਤੇ ਵਧੇ ਤਣਾਅ ਨੂੰ ਖਤਮ ਕਰਵਾਉਣ ਲਈ ਮਜ਼ਦੂਰਾਂ ਅਤੇ ਕਿਸਾਨਾਂ ਦੇ ਆਗੂਆਂ ਨੂੰ ਇੱਕ ਮੰਚ ਉੱਤੇ ਆ ਕੇ ਗੰਭੀਰ ਚਰਚਾ ਦਾ ਹੋਕਾ ਦਿੱਤਾ ਗਿਆ ਤਾਂ ਕਿ ਮਜ਼ਦੂਰ ਅਤੇ ਕਿਸਾਨ ਵਿੱਚ ਵਧ ਰਹੇ ਪਾੜੇ ਨੂੰ ਵਧਣ ਤੋਂ ਰੋਕਣ ਦੇ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਪੰਜਾਬ ਵਿੱਚ ਭਾਈਚਾਰਕ ਸਾਂਝ ਮਜ਼ਬੂਤ ਹੋ ਸਕੇ। ਆਉਂਦੇ ਦਿਨਾਂ ਵਿੱਚ ਗ਼ਦਰੀ ਬਾਬੇ ਵਿਚਾਰਧਾਰਕ ਮੰਚ ਪੰਜਾਬ ਵਲੋਂ ਇਸ ਸਬੰਧੀ ਇੱਕ ਸੈਮੀਨਾਰ ਕਰਵਾਉਣ ਦਾ ਫੈਸਲਾ ਵੀ ਲਿਆ ਗਿਆ ਹੈ।

## ਕੋਈ ਵੀ ਨਸ਼ਾ ਛੱਡਣ ਲਈ ਸਿਰਫ਼ ਇੱਛਾ ਸ਼ਕਤੀ ਦੀ ਲੋੜ : ਡਾ. ਪਰਵਿੰਦਰਪਾਲ ਕੌਰ



ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)-ਜ਼ਿਲ੍ਹਾ ਸਿਹਤ ਵਿਭਾਗ ਅਧੀਨ ਸੈਕਟਰ 66 ਵਿਖੇ ਚੱਲ ਰਹੇ ਨਸ਼ਾ-ਛੁਡਾਊ ਅਤੇ ਮੁੜ-ਵਸੇਬਾ ਕੇਂਦਰ 'ਚ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ ਗਏ। ਡਿਪਟੀ ਮੈਡੀਕਲ ਕਮਿਸ਼ਨਰ ਡਾ. ਪਰਵਿੰਦਰਪਾਲ ਕੌਰ ਨੇ ਦੱਸਿਆ ਕਿ ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਦੀ ਅਗਵਾਈ ਹੇਠ ਸਰਕਾਰੀ ਸਿਹਤ ਸੰਸਥਾਵਾਂ 'ਚ ਅੰਤਰਰਾਸ਼ਟਰੀ ਨਸ਼ਾਖੋਰੀ ਅਤੇ ਗ਼ੈਰਕਾਨੂੰਨੀ ਤਸਕਰੀ ਵਿਰੋਧੀ ਦਿਵਸ ਮਨਾਇਆ ਗਿਆ। ਇਸ ਮੌਕੇ ਜਿਥੇ ਨਸ਼ੇ ਦੇ ਮਰੀਜ਼ਾਂ ਨੂੰ ਨਸ਼ੇ ਦੇ ਮਾੜੇ ਅਸਰ ਬਾਰੇ ਵਿਸਥਾਰ 'ਚ ਜਾਣਕਾਰੀ ਦਿਤੀ ਗਈ, ਉਥੇ ਮਰੀਜ਼ਾਂ ਵਾਸਤੇ ਹਰਿਆ-ਭਰਿਆ ਤੇ ਚੰਗਾ ਮਾਹੌਲ ਸਿਰਜਣ ਲਈ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ ਗਏ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵਲੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਵੱਖ-ਵੱਖ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਨਸ਼ਾ-ਮੁਕਤ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

ਡਾ. ਪਾਲ ਨੇ ਦਸਿਆ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਦੇ ਖ਼ਾਤਮੇ ਲਈ ਓਟ ਕੇਂਦਰ, ਨਸ਼ਾ-ਛੁਡਾਊ ਕੇਂਦਰ ਅਤੇ ਮੁੜ-ਵਸੇਬਾ ਕੇਂਦਰ ਸਫ਼ਲਤਾਪੂਰਵਕ ਚਲਾਏ ਜਾ ਰਹੇ ਹਨ। ਇਨ੍ਹਾਂ ਕੇਂਦਰਾਂ ਵਿਚ ਇਲਾਜ ਦੇ ਨਾਲ-ਨਾਲ ਮਾਹਰ ਕੌਂਸਲਰਾਂ ਅਤੇ ਮਨੋਰੋਗ ਮਾਹਰ ਡਾਕਟਰਾਂ ਵਲੋਂ ਨਸ਼ੇ ਦੇ ਮਰੀਜ਼ਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਤਾਂ ਕਿ ਉਹ ਨਸ਼ਾ ਛੱਡਣ ਲਈ ਮਾਨਸਿਕ ਰੂਪ ਵਿਚ ਮਜ਼ਬੂਤ ਹੋ ਸਕਣ। ਉਨ੍ਹਾਂ ਕਿਹਾ ਕਿ ਨਸ਼ਾਖੋਰੀ ਸਰੀਰਕ ਨਹੀਂ, ਮਾਨਸਿਕ ਰੋਗ ਹੈ। ਕਿਸੇ ਵੀ ਨਸ਼ੇ ਦਾ ਤਿਆਗ ਕਰਨਾ ਔਖੀ ਗੱਲ ਨਹੀਂ, ਵਿਅਕਤੀ ਅੰਦਰ ਸਿਰਫ਼ ਇੱਛਾ-ਸ਼ਕਤੀ ਦੀ ਲੋੜ ਹੁੰਦੀ ਹੈ। ਕਿਸੇ ਵੀ ਤਰ੍ਹਾਂ ਦਾ ਨਸ਼ਾ ਛੱਡਣ ਦਾ ਚਾਹਵਾਨ ਵਿਅਕਤੀ ਕਿਸੇ ਵੀ ਨੇੜਲੇ ਸਰਕਾਰੀ ਸਿਹਤ ਕੇਂਦਰ ਵਿਚ ਜਾ ਸਕਦਾ ਹੈ ਜਾਂ ਸਿਹਤ ਵਿਭਾਗ ਦੇ ਹੈਲਪਲਾਈਨ ਨੰ. 104 'ਤੇ ਸੰਪਰਕ ਕਰ ਸਕਦਾ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿਚ ਨਸ਼ਾਖ਼ੋਰੀ ਦਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਮਨੋਰੋਗ ਮਾਹਰ ਡਾ. ਪੂਜਾ, ਮੈਨੇਜਰ ਨੇਕ ਰਾਮ ਵੀ ਮੌਜੂਦ ਸਨ।

# ਰਾਜਪੁਰ ਭਾਈਆਂ 'ਚ ਸਲਾਨਾ ਜੋੜ ਮੇਲਾ ਕਰਵਾਇਆ





ਬਾਬਾ ਕੇਵਲ ਰਾਮ ਰਾਜਪੁਰ ਭਾਈਆਂ, ਬਾਬਾ ਮਹਿੰਦਰ ਪਾਲ ਰਾਜਪੁਰ ਭਾਈਆਂ ਆਦਿ ਫੱਕਰ ਫਕੀਰਾਂ ਪੁੱਜ ਕੇ

ਮੇਹਟੀਆਣਾ-(ਜਗਤਾਰ ਸਿੰਘ ਭੁੰਗਰਨੀ)- ਪਿੰਡ ਰਾਜਪੁਰ ਭਾਈਆਂ, ਨੇੜੇ ਤਾਜੋਵਾਲ ਵਿਖੇ ਤਪ ਅਸਥਾਨ ਡੱਬਰੀ, ਜੂਹੀ ਦੀ ਖੂਹੀ ਦਰਬਾਰ ਪੀਰ ਮੀਆਂ ਹਸਨ ਮੁਹੰਮਦ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਐਨ ਆਰ ਆਈਜ਼ ਅਤੇ ਇਲਾਕੇ ਦੇ ਸਹਿਯੋਗ ਨਾਲ ਪੀਰ ਮੀਆਂ ਹਸਨ ਮੁਹੰਮਦ ਦੀ ਯਾਦ ਵਿੱਚ ਸਲਾਨਾ ਜੋੜ ਮੇਲਾ ਧੂਮਧਾਮ ਨਾਲ ਕਰਵਾਇਆ ਗਿਆ। ਇਸ ਮੌਕੇ ਸੋਢੀ ਸਿੰਘ, ਮਹਿੰਦਰ ਸਿੰਘ, ਸੁਰਜੀਤ ਸਿੰਘ ਕਾਕਾ, ਕਾਕਾ ਰਾਜਪੁਰ ਭਾਈਆਂ, ਬਾਬਾ ਕੇਵਲ ਰਾਮ ਨੇ ਦੱਸਿਆ ਕਿ ਸਾਲਾਨਾ ਜੋੜ ਮੇਲੇ ਦੌਰਾਨ ਪੰਜਾਬ ਦੇ ਕਲਾਕਾਰ ਰਵੀ ਕਵਾਲ ਐਂਡ ਹੁਸ਼ਿਆਰਪੁਰ, ਜੱਸੀ ਨਕਾਲ ਪਾਰਟੀ ਨਵਾਂਸ਼ਹਿਰ, ਰੀਨਾ ਐਂਡ ਪਾਰਟੀ ਹੁਸ਼ਿਆਰਪੁਰ, ਤੋਤਾ ਜ਼ੈਲਦਾਰ ਤਾਜੋਵਾਲ ਆਦਿ ਨੇ ਪੀਰਾਂ ਦੇ ਗੁਣ ਗਾਇਨ ਕੀਤੇ । ਜੋੜ ਮੇਲੇ ਦੌਰਾਨ ਚਾਦਰ, ਚਿਰਾਗ, ਮਹਿੰਦੀ, ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਗਈ। ਪ੍ਰਬੰਧਕਾਂ ਦੱਸਿਆ ਕਿ ਜੋੜ ਮੇਲੇ ਦੌਰਾਨ ਵੱਖ ਵੱਖ ਦਰਬਾਰਾਂ ਤੋਂ ਬਾਬਾ ਗਿਆਨ ਸ਼ਾਹ ਹਰਮੋਇਆ, ਬਾਬਾ ਸੋਨੂੰ ਬੱਡਲਾ, ਬਾਬਾ ਹਰਮੇਸ਼ ਲਾਲ ਬੋਹਣ, ਬਾਬਾ ਰਣਜੀਤ ਸ਼ਾਹ ਤਾਜੋਵਾਲ, ਹਾਜ਼ਰੀ ਭਰੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸੰਤ ਮਹਾਂਪੁਰਸ਼ਾਂ, ਫੱਕਰ ਫ਼ਕੀਰਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਕਮਲ ਸੰਘਾ ਆਸਟਰੇਲੀਆ, ਪਰਮਮੀਤ ਸਿੰਘ ਸੰਘਾ ਆਸਟਰੇਲੀਆ, ਹਰਬੰਸ ਸਿੰਘ ਬੰਸਾ ਅਮਰੀਕਾ, ਹਰਦੇਵ ਸਿੰਘ ਕਨੇਡਾ, ਜਸਵਿੰਦਰ ਸਿੰਘ ਲੰਬੜਦਾਰ, ਬਲਜਿੰਦਰ ਸਿੰਘ ਕਨੇਡਾ, ਸੰਤੋਖ ਸਿੰਘ ਇਟਲੀ, ਓਂਕਾਰ ਸਿੰਘ ਪੰਚ, ਪਰਮਜੀਤ ਸਿੰਘ ਨਿਊਜ਼ੀਲੈਂਡ, ਮੋਹਨ ਸਿੰਘ ਸਰਪੰਚ ਹੁੱਕੜਾ, ਕ੍ਰਿਸ਼ਨ ਕੁਮਾਰ ਵਾਲੀਆ, ਕਸ਼ਮੀਰ ਸਿੰਘ ਇਟਲੀ, ਕਰਮਜੀਤ ਸਿੰਘ ਰਾਜਪੁਰ ਭਾਈਆਂ, ਜਸਵੀਰ ਸਿੰਘ ਸੰਘਾ ਸਾਬਕਾ ਸਰਪੰਚ ਰਾਜਪੁਰ ਭਾਈਆਂ, ਸਤਪਾਲ ਸਿੰਘ ਰਾਜਪੁਰ ਭਾਈਆਂ, ਹਰਮੇਲ ਸਿੰਘ ਕਾਕਾ, ਸੁਰਿੰਦਰ ਸਿੰਘ ਸੋਢੀ, ਡਾਕਟਰ ਜਰਨੈਲ ਸਿੰਘ ਹੇੜੀਆਂ, ਅਵਤਾਰ ਸਿੰਘ ਸੰਘਾ ਸੋਨੀ, ਮਨਜਿੰਦਰ ਸਿੰਘ ਸੰਘਾ, ਬਾਬਾ ਜਸਵਿੰਦਰ ਸਿੰਘ ਤੋਤੂ, ਸੁਰਜੀਤ ਸਿੰਘ ਕਾਕਾ, ਕੇਵਲ ਰਾਮ ਰਾਜਪੁਰ ਭਾਈਆਂ, ਰਾਜ ਕੁਮਾਰ ਟੋਨੀ ਆਦਿ ਹਾਜ਼ਰ ਸਨ।ਇਸ ਮੌਕੇ ਛਬੀਲ ਅਤੇ ਲੰਗਰ ਅਤੁੱਟ ਵਰਤਾਏ ਗਏ।

## ਐੱਸ ਸੀ / ਬੀ ਸੀ ਅਧਿਆਪਕ ਯੂਨੀਅਨ ਦੇ ਵਫ਼ਦ ਵੱਲੋਂ ਡੀ ਪੀ ਆਈ ਨਾਲ ਮੁਲਾਕਾਤ



ਮਹਿਤਪੁਰ (ਰਾਜਾ) ਐਸ.ਸੀ/ਬੀ.ਸੀ.ਅਧਿਆਪਕ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਹਰਬੰਸ ਲਾਲ ਜਲੰਧਰ ਅਤੇ ਸਰਪ੍ਰਸਤ ਗੁਰਮੇਜ ਲਾਲ ਹੀਰ ਨੇ ਦੱਸਿਆ ਕਿ ਡੀ. ਪੀ.ਆਈ. ਸਕੈ : ਨਾਲ ਜਥੇਬੰਦੀ ਵੱਲੋਂ ਦਿੱਤੇ ਅਜੰਡੇ 'ਤੇ ਮੀਟਿੰਗ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਨਾ ਦੀ ਅਗਵਾਈ ਵਿਚ ਕੀਤੀ ਗਈ। ਜਿਸ ਵਿੱਚ ਸਾਰੀਆਂ ਪ੍ਰਮੋਸ਼ਨਾਂ, ਬਣਦਾ ਬੈਕਲਾਗ, ਵਖ ਵਖ ਗ੍ਰਾਂਟਾਂ, ਡਬਲ ਸ਼ਿਫਟ ਦੇ ਸਕੂਲਾਂ, ਜਾਅਲੀ ਜਾਤੀ ਅਤੇ ਅੰਗਹੀਣਤਾ ਦੇ ਸਰਟੀਫਿਕੇਟ ਆਦਿ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ ਗਈ ਬਹੁਤ ਮੁੱਦਿਆਂ ਤੇ ਸਹਿਮਤੀ ਅਤੇ ਸੁਝਾਅ ਦਿੱਤੇ ਗਏ। ਜਥੇਬੰਦੀ ਵੱਲੋਂ ਮੁਲਾਜ਼ਮਾਂ ਦੇ ਵੱਖ ਵੱਖ ਦੇ ਮਸਲਿਆਂ ਅਤੇ ਅਨੇਕਾਂ ਲਟਕਦੀਆਂ ਹੋਈਆਂ ਮੰਗਾਂ, ਮੁੱਦਿਆਂ 'ਤੇ ਸਹਿਮਤੀ ਅਤੇ ਸੁਝਾਅ ਦਿੱਤੇ ਗਏ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕ੍ਰਿਸਨ ਸਿੰਘ ਦੁੱਗਾਂ, ਲਛਮਣ ਸਿੰਘ ਨਬੀਪੁਰ, ਪਰਵਿੰਦਰ ਭਾਰਤੀ, ਵੀਰ ਸਿੰਘ ਮੋਗਾ, ਹਰਬੰਸ ਲਾਲ ਪਰਜੀਆਂ , ਪਰਵਿੰਦਰ ਪਬਮਾ,ਅਮਰੀਕ ਕਲੇਰ, ਗੁਰਪ੍ਰੀਤ ਸਿੰਘ ਗੁਰੂ, ਗੁਰਮੇਜ ਲਾਲ ਅਹੀਰ,.. ਦੇਵ ਰਾਜ ਸ਼ਾਹਕੋਟ, ਲੈਕ: ਸੁਨੀਲ ਕੁਮਾਰ, ਇਨਕਲਾਬ ਰਾਏ , ਅਮਰੀਕ ਕਲੇਰ, ਦੀਪਕ ਕੁਮਾਰ, ਪ੍ਰੇਮ ਕੁਮਾਰ ਆਦਮਪੁਰ, ਹੈਪੀ ਸਿੰਘ , ਰਾਜਪਾਲ ਸਿੰਘ, ਅਮਨ ਥਾਪਰ, ਕ੍ਰਿਸਨ ਸਿੰਘ ਬਠਿੰਡਾ... ਆਦਿ ਬਹੁਤ ਸਾਰੇ ਸਾਥੀ ਸ਼ਾਮਿਲ ਹੋਏ। ਮੀਟਿੰਗ ਬਹੁਤ ਹੀ ਸ਼ਲਾਘਾਯੋਗ ਮਾਹੌਲ ਵਿਚ ਅਗਾਂਹਵਧੂ ਸੋਚ ਨਾਲ ਸਮਾਪਤ ਹੋਈ।

# ਉੱਘੇ ਟਰੇਡ ਯੂਨੀਅਨ ਆਗੂ ਡਾ. ਤਰਲੋਚਨ ਸਿੰਘ ਦੀ ਪਹਿਲੀ ਬਰਸੀ ਸੰਬੰਧੀ ਸਮਾਗਮ ਹੋਇਆ





ਬੁਲੋਵਾਲ, (ਵਿਰਦੀ) ਪ.ਸ.ਸ.ਫ. ਜ਼ਿਲ੍ਹਾ ਹੁਸ਼ਿਆਰਪੁਰ ਦੇ ਸਾਬਕਾ ਜਨਰਲ ਸਕੱਤਰ, ਜੀ.ਟੀ.ਯੂ. ਹੁਸ਼ਿਆਰਪੁਰ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ, ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਡਾ. ਤਰਲੋਚਨ ਸਿੰਘ ਜੋ ਕਿ 6 ਸਤੰਬਰ 2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਹਨਾਂ ਦੀ ਪਹਿਲੀ ਬਰਸੀ ਸਬੰਧੀ ਸਮਾਗਮ ਬੁਲੋਵਾਲ ਵਿਖੇ ਗੁਰਦੁਆਰਾ ਸਿੰਘ ਸਭਾ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਰਿਸ਼ਤੇਦਾਰਾਂ, ਸੱਜਣਾਂ-ਮਿੱਤਰਾਂ, ਪਿੰਡ ਵਾਸੀਆਂ, ਟਰੇਡ ਯੂਨੀਅਨ ਆਗੂਆਂ ਵਲੋਂ ਹਾਜ਼ਰੀ ਭਰੀ ਗਈ। ਸ਼੍ਰੀ ਸੁਖਮਨੀ ਸਾਹਿਬ ਦੇ ਭੋਗ ਪੈਣ ਉਪਰੰਤ ਰਾਗੀ ਸਿੰਘਾਂ ਵਲੋਂ ਕੀਰਤਨ ਕੀਤਾ ਗਿਆ। ਇਸ ਉਪਰੰਤ ਸ਼ਰਧਾਂਜਲੀ ਸਮਾਗਮ ਮੌਕੇ ਸੰਬੋਧਨ ਕਰਦਿਆਂ ਮੁਲਾਜ਼ਮ ਲਹਿਰ ਦੇ ਬਾਨੀ ਮਾਸਟਰ ਹਰਕੰਵਲ ਸਿੰਘ ਅਤੇ ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਕਿਹਾ ਕਿ ਅਧਿਆਪਕ ਵਰਗ ਸਹਿਤ ਸਮੁੱਚੇ ਮੁਲਾਜ਼ਮ ਵਰਗ ਦੀਆਂ ਸੇਵਾ ਹਾਲਤਾਂ ਦੀ ਬਿਹਤਰੀ ਲਈ ਕੀਤੇ ਜਾ ਰਹੇ ਸਘਰਸ਼ਾਂ ਵਿੱਚ ਮੋਹਰੀ ਰੋਲ ਅਦਾ ਕਰਨ ਵਾਲੇ ਸਾਥੀ ਤਰਲੋਚਨ ਕਦੇ ਵੀ ਅਹੁਦਿਆਂ ਦੀ ਲਾਲਸਾ ਨਹੀਂ ਕੀਤੀ, ਫਿਰ ਵੀ ਆਪ ਨੇ ਜੀ.ਟੀ.ਯੂ. ਜ਼ਿਲ੍ਹਾ ਹੁਸ਼ਿਆਰਪੁਰ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਪ.ਸ.ਸ.ਫ. ਦੇ ਜ਼ਿਲ੍ਹਾ ਜਨਰਲ ਸਕੱਤਰ ਦੀਆਂ ਜ਼ੁੰਮੇਵਾਰੀਆਂ ਨੂੰ ਲੰਬੇ ਸਮੇਂ ਤੱਕ ਬਾਖੂਬੀ ਨਿਭਾਇਆ। ਉਹਨਾਂ ਨੇ ਅਧਿਕਾਰੀਆਂ ਅਤੇ ਰਾਜਸੀ ਨੇਤਾਵਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਨ ਵਾਲੇ ਸਾਥੀ ਤਰਲੋਚਨ ਸਿੰਘ ਵਲੋਂ ਹਮੇਸ਼ਾਂ ਹੀ ਸੀ.ਐਸ.ਆਰ. ਅਨੁਸਾਰ ਤੱਥਾਂ ਸਹਿਤ ਗੱਲਬਾਤ ਕਰਕੇ ਅਧਿਕਾਰੀਆਂ ਨੂੰ ਨਿਰ-ਉੱਤਰ ਕਰਨ ਵਿੱਚ ਮੁਹਾਰਤ ਰੱਖਦੇ ਸਨ। ਟਰੇਡ ਯੂਨੀਅਨ ਵਿੱਚ ਕੰਮ ਕਰਦਿਆਂ ਸਾਥੀ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਤੋਂ ਕਦੇ ਕੋਈ ਹਿਚਕਚਾਹਟ ਜਾਂ ਡਾਵਾਂ-ਡੋਲਤਾ ਨਹੀਂ ਦਿਖਾਈ। ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਲਈ ਜੀ.ਟੀ.ਯੂ. ਵਲੋਂ 1967 ਵਿੱਚ ਚਲਾਏ ਗਏ ਅੰਦੋਲਨ ਵਿੱਚ ਡਾ. ਤਰਲੋਚਨ ਸਿੰਘ ਨੇ ਪਹਿਲੇ ਹੀ ਜਥੇ ਵਿੱਚ ਗ੍ਰਿਫਤਾਰੀ ਦਿੱਤੀ, ਤਨਖਾਹ ਸਕੇਲਾਂ ਦੀਆਂ ਤਰੁੱਟੀਆਂ ਦੂਰ ਕਰਵਾਉਣ ਲਈ ਅਰੰਭੇ ਗਏ ਘੋਲ ਵਿੱਚ ਅਤੇ 1978 ਵਿੱਚ ਬੇਰੁਜ਼ਗਾਰ ਅਧਿਆਪਕਾਂ ਦੇ ਅੰਦੋਲਨ ਵਿੱਚ ਵੀ ਸਾਥੀ ਮਹੀਨਿਆਂ ਬੱਧੀ ਜੇਲ ਅੰਦਰ ਰਹੇ। ਕਿਰਤੀ ਵਰਗ ਦੀ ਬੰਦ ਖਲਾਸੀ ਲਈ ਕੀਤੇ ਜਾ ਰਹੇ ਸੰਘਰਸ਼ਾਂ ਵਿੱਚ ਵੀ ਮੋਹਰੀ ਕਤਾਰ ਦੇ ਆਗੂ ਵਜੋਂ ਕੰਮ ਕੀਤਾ ਅਤੇ ਪੈਨਸ਼ਨਰਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਹਿੱਤ ਵੀ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਇਕਾਈ ਦੇ ਆਗੂ ਰਹੇ। ਕਿਰਤੀ ਲੋਕਾਂ ਦੀ ਪਾਰਟੀ ਆਰ.ਐਮ.ਪੀ.ਆਈ. ਦੇ ਵੀ ਸਰਗਰਮ ਵਰਕਰ ਵਜੋਂ ਵਿਚਰਦੇ ਰਹੇ। ਉਹਨਾਂ ਆਖਿਆ ਕਿ ਸਭ ਤੋਂ ਵਿਲੱਖਣ ਗੱਲ ਇਹ ਹੈ ਕਿ ਉਹਨਾਂ ਵਲੋਂ ਆਪਣਾ ਸਰੀਰ ਮੈਡੀਕਲ ਖੋਜ ਲਈ ਦਾਨ ਕੀਤਾ ਹੋਇਆ ਸੀ ਅਤੇ ਪਰਵਾਰ ਵਲੋਂ ਵੀ ਉਹਨਾਂ ਦੀ ਇੱਛਾ ਅਨੁਸਾਰ ਮੈਡੀਕਲ ਖੋਜ ਲਈ ਸਰੀਰ ਨੂੰ ਦਾਨ ਕੀਤਾ। ਇਸ ਮੌਕੇ ਪ.ਸ.ਸ.ਫ. ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਆਰ.ਐਮ.ਪੀ.ਆਈ ਦੇ ਜ਼ਿਲ੍ਹਾ ਪ੍ਰਧਾਨ ਗਿਆਨ ਸਿੰਘ ਗੁਪਤਾ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਕਮੇਟੀ ਦੇ ਮੈਂਬਰ ਬਲਵੀਰ ਕੌਰ ਬਾਂਸਲ, ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਕੌਮੀਂ ਆਗੂ ਮਨਜੀਤ ਸਿੰਘ ਸੈਣੀ, ਜੀ.ਟੀ.ਯੂ. ਦੇ ਸੂਬਾ ਵਿੱਤ ਸਕੱਤਰ ਪ੍ਰਿੰਸੀਪਲ ਅਮਨਦੀਪ ਸ਼ਰਮਾ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ, ਅਧਿਆਪਕ ਦਲ ਆਗੂ ਜਤਿੰਦਰ ਸਿੰਘ ਸੋਨੀ, ਪੈਨਸ਼ਨਰ ਆਗੂ ਬਹਾਦਰ ਸਿੰਘ, ਪ੍ਰਿੰਸੀਪਲ ਨਵਤੇਜ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਪ.ਸ.ਸ.ਫ. ਆਗੂ ਗੁਰਪ੍ਰੀਤ ਰੰਗੀਲਪੁਰ ਗੁਰਦਾਸਪੁਰ, ਆਸ਼ਾ ਵਰਕਰਾਂ ਦੀ ਸੂਬਾ ਪ੍ਰਧਾਨ ਰਾਣੋ ਖੇੜੀ ਗਿੱਲਾਂ ਸੰਗਰੂਰ, ਜ਼ਿਲ੍ਹਾ ਪ੍ਰਧਾਨ ਹਰਨਿੰਦਰ ਕੌਰ, ਫਾਰਮੇਸੀ ਆਫਿਸਰਜ਼ ਐਸੋਸੀਏਸ਼ਨ ਆਗੂ ਅਸ਼ੋਕ ਕੁਮਾਰ ਅੰਮ੍ਰਿਤਸਰ, ਸੂਬਾ ਆਗੂ ਬਲਰਾਜ ਸਿੰਘ, ਜ਼ਿਲ੍ਹਾ ਸਕੱਤਰ ਦੀਪਾਂਜਲੀ ਭੱਟੀ, ਗੁਲਸ਼ਨ ਕੁਮਾਰ ਕਪੂਰਥਲਾ, ਨਿਰਮੋਲਕ ਸਿੰਘ ਜਲੰਧਰ, ਪੈਨਸ਼ਨਰ ਆਗੂ ਡਾ. ਸੁਖਦੇਵ ਸਿੰਘ ਢਿੱਲੋਂ, ਬਲਵੀਰ ਸੈਣੀ, ਪ੍ਰਿੰਸੀਪਲ ਪਿਆਰਾ ਸਿੰਘ, ਮਾਸਟਰ ਮਦਨ ਲਾਲ, ਰਾਮਜੀਦਾਸ ਚੌਹਾਨ, ਪ੍ਰੋਫੈਸਰ ਕੇ.ਕਲੋਟੀ, ਮਨੋਹਰ ਸਿੰਘ ਸੈਣੀ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਵਰਨ ਸਿੰਘ, ਨਿਰਮਾਣ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾ. ਗੰਗਾ ਪ੍ਰਸ਼ਾਦ, ਬੀ.ਐਸ.ਪੀ. ਆਗੂ ਮਹਿੰਦਰ ਸਿੰਘ ਸੰਧਰ ਆਦਿ ਵੀ ਹਾਜਰ ਸਨ।

## ਡਾ. ਬੀ ਆਰ ਅੰਬੇਡਕਰ ਕਲੱਬ ਯੂ ਐੱਸ ਏ ਵੱਲੋਂ 20 ਕਿਲੋਵਾਟ ਦਾ ਸੋਲਰ ਸਿਸਟਮ ਦਾਨ



ਬੰਗਾ (ਅਵਤਾਰ ਕਲੇਰ) ਡਾ. ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ (ਰਜਿ.) ਚੈਰੀਟੇਬਲ ਟਰੱਸਟ ਪੰਜਾਬ ਅਤੇ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਅਤੇ ਯੂ.ਕੇ. ਦੀ ਦੇਖ-ਰੇਖ ਹੇਠ ਚੱਲ ਰਹੇ ਡਾ. ਅੰਬੇਡਕਰ ਬੁਧਿਸਟ ਰਿਸੋਰਸ ਸੈਂਟਰ ਸੂੰਢ ਵਿਖੇ ਡਾ.ਬੀ.ਆਰ.ਅੰਬੇਡਕਰ ਕਲੱਬ ਯੂ.ਐਸ.ਏ. ਦੇ ਮੈਂਬਰਾਂ ਚਰਨਜੀਤ ਝੱਲੀ, ਹਰਮੇਲ ਨਿਗਾਹ, ਡਾ.ਰਾਜ ਕੁਮਾਰ, ਕਸ਼ਮੀਰ ਸਿੰਘ, ਹੈਪੀ ਯੂ.ਐਸ.ਏ.ਵੱਲੋਂ ਸਥਾਪਿਤ ਕੀਤੇ ਜਾ ਰਹੇ 20 ਕਿਲੋਵਾਟ ਦੇ ਸੋਲਰ ਪੈਂਨਲ ਸਿਸਟਮ ਦੇ ਪਹਿਲੇ ਫੇਜ ਦਾ ਉਦਘਾਟਨ ਵਿਸ਼ੇਸ਼ ਤੌਰ 'ਤੇ ਪਹੁੰਚੇ ਦੇਵ ਲਾਲ ਸੁਮਨ ਤੇ ਜਰਨੈਲ ਸਿੰਘ ਸੁਮਨ ਯੂ.ਕੇ.ਨੇ ਸਾਂਝੇ ਤੌਰ 'ਤੇ ਕੀਤਾ।ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਬਾਬਾ ਸਾਹਿਬ ਡਾ.ਬੀ.ਆਰ ਅੰਬੇਡਕਰ ਅਤੇ ਮਹਾਂ ਮਾਨਵ ਬੁੱਧ ਵਿਚਾਰਧਾਰਾ ਨੂੰ ਅੱਗੇ ਲਿਜਾਣ ਵਿੱਚ ਸਾਨੂੰ ਸਾਰਿਆਂ ਨੂੰ ਵਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ।ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਡਾ.ਅੰਬੇਡਕਰ ਬੁਧਿਸਟ ਰਿਸੋਰਸ ਸੈਂਟਰ ਸੂੰਢ ਵਿਖੇ ਸੋਲਰ ਸਿਸਟਮ ਦਾਨ ਕਰਨ ਤੇ ਡਾ.ਬੀ.ਆਰ.ਅੰਬੇਡਕਰ ਕਲੱਬ ਯੂ.ਐਸ.ਏ.ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ।ਜਰਨੈਲ ਸਿੰਘ ਸੁਮਨ ਅਤੇ ਚਰਨ ਕੌਰ ਸੁਮਨ ਨੇ ਸੈਂਟਰ ਵਿਖੇ ਚੱਲ ਰਹੇ ਉਸਾਰੀ ਕਾਰਜਾਂ ਵਿੱਚ ਯੋਗਦਾਨ ਪਾਉਂਦੇ ਇੱਕ ਲੱਖ ਰੁਪਏ ਦਾਨ ਵਜੋਂ ਦਿੱਤੇ।ਇਸ ਮੌਕੇ ਸਕੂਲ ਪ੍ਰਿੰਸੀਪਲ ਭੁਪਿੰਦਰ ਕੁਮਾਰ, ਵਾਈਸ ਪ੍ਰਿੰਸੀਪਲ ਅੰਜਲੀ, ਸੀਨੀਅਰ ਆਗੂ ਪ੍ਰਵੀਨ ਬੰਗਾ, ਇੰਦਰਜੀਤ ਅਟਾਰੀ ਜਨਰਲ ਸਕੱਤਰ, ਦੀਨ ਦਿਆਲ ਅਟਾਰੀ, ਹਰਮੇਸ਼ ਵਿਰਦੀ, ਕਸ਼ਮੀਰੀ ਲਾਲ, ਜਸਵਿੰਦਰ ਕੌਰ ਸਾਬਕਾ ਸਰਪੰਚ, ਸੁਲਿੰਦਰ ਸਿੰਘ ਹੀਰਾ, ਪ੍ਰਦੀਪ ਰਾਜਾ, ਚਮਨ ਲਾਲ, ਦੁਨੀ ਚੰਦ ਤੋਂ ਇਲਾਵਾ ਹੋਰ ਵੀ ਉਪਾਸ਼ਕ ਅਤੇ ਸਟਾਫ ਦੇ ਮੈਂਬਰ ਹਾਜ਼ਰ ਸਨ।

# ਦਰਿਆਵਾਂ ਰਾਹੀਂ ਹੁੰਦੇ ਨੁਕਸਾਨ ਨੂੰ ਰੋਕਣ ਵਾਸਤੇ ਸੀ ਪੀ ਆਈ ਐਮ ਨੇ ਦਿੱਤਾ ਮੰਗ ਪੱਤਰ




ਰੂਪਨਗਰ-ਇੱਥੇ ਸੀਪੀਆਈ (ਐਮ) ਜ਼ਿਲ੍ਹਾ ਰੂਪਨਗਰ ਇਕਾਈ ਵੱਲੋਂ ਸੂਬਾ ਕਮੇਟੀ ਦੇ ਸੱਦੇ 'ਤੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਗਈ ਕਿ ਦਰਿਆਵਾਂ ਰਾਹੀਂ ਹਰ ਸਾਲ ਹੁੰਦੇ ਨੁਕਸਾਨ ਨੂੰ ਰੋਕਣ ਵਾਸਤੇ ਅਗਾਊਂ ਪ੍ਰਬੰਧ ਕੀਤੇ ਜਾਣ ਅਤੇ ਨਹਿਰੀ ਰਜਵਾਹੇ ਜੋ ਕਿ ਪੱਕੇ ਕੀਤੇ ਜਾ ਰਹੇ ਹਨ ਉਹਨਾਂ ਦੇ ਧਰਾਤਲ ਨੂੰ ਪੱਕਾ ਨਾ ਕੀਤਾ ਜਾਵੇ। ਇੱਥੇ ਸੀਪੀਆਈਐਮ ਦੇ ਵਰਕਰ ਵਰਖਾ ਦੇ ਬਾਵਜੂਦ ਭਾਰੀ ਗਿਣਤੀ ਵਿੱਚ ਰਣਜੀਤ ਬਾਗ ਵਿੱਚ ਇਕੱਠੇ ਹੋਏ। ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ, ਸਕੱਤਰੇਤ ਮੈਂਬਰ ਪਵਨ ਕੁਮਾਰ ਚੱਕ ਕਰਮਾ, ਕਾਮਰੇਡ ਗੀਤਾ ਰਾਮ, ਕਾਮਰੇਡ ਗੁਰਦੇਵ ਸਿੰਘ ਬਾਗੀ, ਦਲੀਪ ਸਿੰਘ ਘਨੋਲਾ,ਭਜਨ ਸਿੰਘ ਸੰਦੋਆ, ਕਰਨੈਲ ਸਿੰਘ ਬਜਰੂੜ ਨੇ ਕਿਹਾ ਕਿ ਘੱਗਰ ਨਦੀ ਸਮੇਤ ਸਤਲੁਜ, ਸਵਾਂ ਨਦੀ ਅਤੇ ਰਾਵੀ ਵਿਆਸ ਦਰਿਆਵਾਂ ਦੇ ਬਰਸਾਤੀ ਪਾਣੀ ਦੀ ਮਾਰ ਤੋਂ ਬਚਾਓ ਸਬੰਧੀ ਅਗਾਊਂ ਪ੍ਰਬੰਧ ਕਰਨ ਬਾਰੇ ਪਾਰਟੀ ਨੇ ਮਤਾ ਪਾਸ ਕਰਕੇ ਪੰਜਾਬ ਸਰਕਾਰ ਅਤੇ ਸੰਬੰਧਤ ਵਿਭਾਗ ਪਾਸੋਂ ਮੰਗ ਕਰਦੀ ਹੈ ਕਿ ਬਾਰਿਸ਼ਾਂ ਦੇ ਮੌਸਮ ਦੇ ਮੱਦੇਨਜਰ ਘੱਗਰ ਨਦੀ ਸਮੇਤ ਸੱਤਲੁਜ, ਸਵਾਂ ਨਦੀ,ਰਾਵੀ ਅਤੇ ਬਿਆਸ ਦਰਿਆਵਾਂ ਵਿੱਚ ਬਰਸਾਤੀ ਪਾਣੀ ਦੇ ਓਵਰ ਫਲੋਅ ਕਾਰਨ ਨੁਕਸਾਨ ਨੂੰ ਰੋਕਣ ਲਈ ਇਹਨਾਂ ਦਰਿਆਵਾਂ ਦੀ ਸਾਫ ਸਫਾਈ ਕਰਵਾਈ ਜਾਵੇ,ਧੁੱਸੀਂ ਬੰਨਾਂ ਦੀ ਮਜਬੂਤੀ ਕੀਤੀ ਜਾਵੇ ਅਤੇ ਇਹਨਾਂ ਦਰਿਆਵਾਂ ਦੀ ਮਾਰ ਤੋਂ ਬਚਾਓ ਲਈ ਬੰਦੋਬਸਤ ਅਗਾਊਂ ਰੂਪ ਵਿੱਚ ਕੀਤੇ ਜਾਣ ਅਤੇ ਭਵਿੱਖ ਵਿੱਚ ਇਹਨਾਂ ਪ੍ਰਬੰਧਾਂ ਨੂੰ ਪੱਕਾ ਭਾਵ ਸਥਾਈ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਉਹਨਾਂ ਨੇ ਕਿਹਾ ਕਿ ਉਪਰੋਤਕ ਘੱਗਰ ਨਦੀ ਸਮੇਤ ਸਤਲੁਜ, ਬਿਆਸ ਦਰਿਆਵਾਂ ਦੇ ਬਰਸਾਤੀ ਪਾਣੀ ਹਰ ਸਾਲ ਹਜਾਰਾਂ ਏਕੜ ਫਸਲ ਬਰਬਾਦ ਹੁੰਦੀ ਹੈ। ਪਸ਼ੂ ਧਨ ਸਮੇਤ ਜਾਨੀ ਮਾਲੀ ਦਾ ਵੱਡਾ ਨੁਕਸਾਨ ਹੁੰਦਾ ਹੈ। ਇਸ ਸਬੰਧੀ ਸੁਪਰੀਮ ਕੋਰਟ ਨੇ ਹਦਾਇਤਾਂ ਵੀ ਜਾਰੀ ਕੀਤੀਆਂ ਹੋਈਆਂ ਹਨ। ਪਰ ਇਸ ਦੇ ਬਾਵਜੂਦ ਪੰਜਾਬ ਸਰਕਾਰ ਉਜਾੜੇ ਦੇ ਇਸ ਖਤਰੇ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ। ਇਸ ਤੋਂ ਬਿਨਾਂ ਜਲਬੂਟੀ ਜਿਹੇ ਨਦੀਨ ਉੱਗਣ/ਪੈਦਾ ਹੋਣ ਨਾਲ ਉਕਤ ਦਰਿਆਵਾਂ ਵਿੱਚ ਪਾਣੀ ਦੇ ਵਹਾਉ ਵਿੱਚ ਵੀ ਕਾਫੀ ਦਿੱਕਤ ਆਉਂਦੀ ਹੈ। ਇਸ ਦੀ ਤੁਰੰਤ ਸਫਾਈ ਕਰਵਾਈ ਜਾਵੇ। ਸੱਤਲੁਜ, ਸਵਾਂ ਨਦੀ, ਰਾਵੀ ਅਤੇ ਬਿਆਸ ਦਰਿਆਵਾਂ ਦੇ ਬਰਸਾਤੀ ਪਾਣੀ ਦੀ ਮਾਰ ਦੀ ਚਪੇਟ ਵਿੱਚ ਰੋਪੜ,ਨਵਾਂਸ਼ਹਿਰ,ਜਲੰਧਰ, ਲੁਧਿਆਣਾ, ਮੋਗਾ, ਫਿਰੋਜ਼ਪੁਰ, ਅੰਮ੍ਰਿਤਸਰ ਤਰਨਤਰਨ, ਪਠਾਨਕੋਟ, ਗੁਰਦਾਸਪੁਰ ਜ਼ਿਲ੍ਹਿਆਂ ਦੇ ਕਾਫੀ ਖੇਤਰ ਆਉਂਦੇ ਹਨ। ਇਸ ਕਰਕੇ ਪਾਰਟੀ ਮੰਗ ਕਰਦੀ ਹੈ ਕਿ ਉਕਤ ਘੱਗਰ ਨਦੀ ਸਮੇਤ ਬਿਆਸ, ਸਤਲੁਜ, ਸਵਾਂ ਅਤੇ ਰਾਵੀ ਦਰਿਆਵਾਂ ਦੇ ਮਸਲੇ ਨੂੰ ਪੰਜਾਬ ਸਰਕਾਰ ਗੰਭੀਰਤਾ ਨਾਲ ਲਵੇ। ਪੰਜਾਬ ਸਰਕਾਰ ਵੱਲੋਂ ਕੇਂਦਰ ਦੀ ਮਦਦ ਨਾਲ ਘੱਗਰ ਨਦੀ ਦੇ ਬਰਸਾਤੀ ਪਾਣੀ ਦੇ ਕਾਰਨ ਹੋਣ ਵਾਲੇ ਉਜਾੜੇ ਨੂੰ ਰੋਕਣ ਸਬੰਧੀ ਅਗਾਂਹ ਠੋਸ ਕਦਮ ਕੀਤੇ ਜਾਣ ਚੁੱਕੇ ਜਾਣ। ਰਣਜੀਤ ਬਾਗ ਤੋਂ ਰੋਸ ਮਾਰਚ ਕਰਦੇ ਹੋਏ ਡਿਪਟੀ ਕਮਿਸ਼ਨਰ ਦੇ ਦਫਤਰ ਮੂਹਰੇ ਪੁੱਜੇ। ਡੀ ਸੀ ਦੇ ਨਾ ਹੋਣ ਕਰਕੇ ਮੰਗ ਪੱਤਰ ਸ੍ਰੀਮਤੀ ਪੂਜਾ ਸਿਆਲ ਗਰੇਵਾਲ ਏ ਡੀ ਸੀ ਨੂੰ ਦਿੱਤਾ। ਇਸ ਮੌਕੇ 'ਤੇ ਜਸਵਿੰਦਰ ਸਿੰਘ ਭੰਗਲ, ਸੁਪਿੰਦਰ ਸਿੰਘ, ਭਗਤ ਸਿੰਘ ਬਿਕੋ, ਤਰਲੋਚਨ ਸਿੰਘ ਹੁਸੈਨਪੁਰ, ਜਗੀਰ ਸਿੰਘ ਰੌਲੀ,ਸ਼ੋਮ ਸਿੰਘ ਕਰਤਾਰਪੁਰ, ਸਰਪੰਚ ਰਜਿੰਦਰ ਸਿੰਘ ਡੋਡ,ਹਰਜਾਪ ਸਿੰਘ ਬਡਿਆਲ, ਕੁਲਵੰਤ ਸਿੰਘ, ਜਸਕਰਨ ਸਿੰਘ ਸਰਾਂ, ਇੰਦਰਜੀਤ ਸਿੰਘ ਫੌਜੀ, ਸੋਨੀ ਅਰੋੜਾ, ਸੂਬੇਦਾਰ ਗੁਰਨਾਮ ਸਿੰਘ ਭੰਗਲ, ਹੁਕਮ ਸਿੰਘ ਸਾਧੜਾ ਵੀ ਹਾਜਰ ਸਨ।

## ਰੋਜ਼ਾ ਸ਼ਰੀਫ਼ ਮੰਢਾਲੀ ਵਿਖੇ ਝੰਡੇ ਤੇ ਚਿਰਾਗਾਂ ਦੀ ਰਸਮ ਨਾਲ ਮੇਲਾ ਸ਼ੁਰੂ



ਬੰਗਾ (ਅਵਤਾਰ ਕਲੇਰ) ਦਰਬਾਰ ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਜੀ ਰੌਜ਼ਾ ਸ਼ਰੀਫ਼ ਮੰਢਾਲੀ ਵਿਖੇ ਸਾਲਾਨਾ ਮੇਲਾ ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਜੀ ਦੀ ਰਹਿਨੁਮਾਈ ਹੇਠ 28 ਜੂਨ ਤੋਂ 02 ਜੁਲਾਈ ਤੱਕ ਮਨਾਇਆ ਜਾ ਰਿਹਾ ਹੈ।ਪਹਿਲੇ ਦਿਨ ਝੰਡੇ ਦੀ ਰਸਮ ਉਪਰੰਤ ਚਿਰਾਗਾਂ ਦੀ ਰਸਮ ਨਾਲ ਮੇਲਾ ਸ਼ੁਰੂ ਹੋ ਗਿਆ। ਰਾਤ ਨੂੰ ਕੱਵਾਲੀਆਂ ਦੀ ਮਹਿਫ਼ਿਲ ਹੋਈ।ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ ।ਇਸ ਮੌਕੇ ਮੀਰਾ ਸ਼ਰਮਾ ਸਰਪੰਚ ਮੰਢਾਲੀ, ਬਲਜੀਤ ਸਿੰਘ ਸਰਪੰਚ ਕੁਲਥਮ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ ,ਮੁਹੰਮਦ ਆਸ਼ਿਕ ਨੀਲਾ, ਡਾ. ਸਤਨਾਮ ਪਰਸੋਵਾਲ, ਚਰਨਜੀਤ, ਗੋਰਾ ਚੱਕ ਪ੍ਰੇਮਾ, ਨੂਰ ਮੁਹੰਮਦ,ਪੱਪੀ ਅਨੀਹਰ, ਹਰਪ੍ਰੀਤ ਜੱਖੂ, ਸੋਨੂੰ ਜੱਸੋਮਜਾਰਾ, ਜਗਦੀਸ਼ ਮੁਹੰਮਦ, ਅਮਰਜੀਤ ਜੀਤਾ, ਬੰਟੀ,ਚੰਨੀ, ਕਮਲਜੀਤ ਗੜ੍ਹੀ ਮਹਾਂ ਸਿੰਘ,ਮਨੀ,ਗੱਗੀ,ਹਨੀ,ਧਰਮਿੰਦਰ ਸਿੰਘ ਮੰਢਾਲੀ ਨੰਬਰਦਾਰ, ਹੁਸਨ ਲਾਲ ਨੰਬਰਦਾਰ ਜੱਬੋਵਾਲ,ਮਲਕੀਤ ਮੰਢਾਲੀ ,ਸੋਨੀ ਮੰਢਾਲੀ ਆਦਿ ਹਾਜ਼ਰ ਸਨ।

## ਕੌਂਸਲਰਾਂ ਨੇ ਬੂਟੇ ਲਗਾਏ



ਫਿਲੌਰ, ( ਨਿਰਮਲ ) ਵੱਡੀ ਗਿਣਤੀ 'ਚ ਦਰੱਖਤਾਂ ਦੀ ਕਟਾਈ ਹੋਣ ਕਰਕੇ ਹਰ ਵਿਅਕਤੀ ਤੇਜ ਗਰਮੀ 'ਚ ਤਪ ਰਿਹਾ ਹੈ। ਇਸੇ ਤਹਿਤ ਨਗਰ ਕੌਂਸਲ ਫਿਲੌਰ ਦੇ ਕੌਂਸਲਰਾਂ ਸ਼ੰਕਰ ਸੰਧੂ , ਪਰਮਜੀਤ ਭਾਰਤੀ , ਸੁਰਿੰਦਰ ਡਾਬਰ ਅਤੇ ਹੋਰਾਂ ਨੇ ਬੂਟੇ ਲਗਾਏ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਦਿਨ-ਰਾਤ ਵਾਤਾਵਰਨ ਗੰਧਲਾ ਹੋ ਰਿਹਾ ਹੈ ਉਸ ਨੂੰ ਸਾਫ ਰੱਖਣ ਲਈ ਬੂਟੇ ਲਗਾਉਣ ਦਾ ਇਹ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਪਾਣੀ ਦੀ ਬੱਚਤ ਕਰੋ ਅਤੇ ਪਾਣੀ ਵਾਲੀਆਂ ਟੈਂਕੀਆਂ ਭਰ ਜਾਣ ਬਾਅਦ ਮੋਟਰ ਤੁਰੰਤ ਬੰਦ ਕੀਤੀਆਂ ਜਾਣ ਤਾਂ ਜੋ ਪੀਣ ਵਾਲਾ ਪਾਣੀ ਖਰਾਬ ਨਾ ਹੋ ਸਕੇ , ਵਾਤਾਵਰਨ ਨੂੰ ਬਚਾਉਣ ਲਈ ਹਰ ਇੱਕ ਵਿਅਕਤੀ ਬੂਟੇ ਲਗਾਏ ਅਤੇ ਉਨ੍ਹਾਂ ਦਾ ਪਾਲਨ ਪੋਸਣ ਕਰੇ।

## ਪ੍ਰੀਗਾਬਾਲਿਨ ਦਵਾਈ ਕੇਵਲ ਸਮਰੱਥ ਡਾਕਟਰ ਦੀ ਪ੍ਰਵਾਨਗੀ ਨਾਲ ਹੀ ਦਿੱਤੀ ਜਾਵੇ-ਰੰਧਾਵਾ

ਨਵਾਂਸ਼ਹਿਰ, (ਮਨੋਜ ਲਾਡੀ)-ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਪ੍ਰੀਗਾਬਾਲਿਨ ਦਵਾਈ ਨੂੰ ਕੇਵਲ ਸਮਰੱਥ ਡਾਕਟਰ ਦੀ ਪ੍ਰਵਾਨਗੀ ਦੇ ਆਧਾਰ 'ਤੇ ਹੀ ਅਤੇ ਮਿੱਥੇ ਹੋਏ ਸਮੇਂ ਲਈ ਹੀ ਫਾਰਮੇਸੀ ਵਲੋਂ ਦਿੱਤਾ ਜਾਵੇ। ਉਨ੍ਹਾਂ ਹਦਾਇਤ ਕਰਦਿਆਂ ਕਿਹਾ ਕਿ ਫਾਰਮੇਸੀ ਵਲੋਂ ਇਸ ਦਵਾਈ ਦਾ ਮੁਕੰਮਲ ਰਿਕਾਰਡ ਰੱਖਿਆ ਜਾਵੇ।ਉਨ੍ਹਾਂ ਕਿਹਾ ਕਿ ਸਿਵਲ ਸਰਜਨ ਨੇ ਆਪਣੇ ਦਫ਼ਤਰ ਦੇ ਪੱਤਰ ਨੰਬਰ ਡਰੱਗਜ਼/2023/452 ਮਿਤੀ 24.8.2023 ਰਾਹੀਂ ਦੱਸਿਆ ਹੈ ਕਿ ਪ੍ਰੀਗਾਬਾਲਿਨ ਦੀ ਵਰਤੋਂ ਫਾਈਬਰੋ ਮਾਇਲਜੀਆ/ਨਿਊਰਲਜੀਆ ਆਦਿ ਬਿਮਾਰੀਆਂ ਨਾਲ ਸਬੰਧਤ ਮਰੀਜ਼ਾਂ ਦੇ ਇਲਾਜ ਲਈ ਆਮ ਤੌਰ 'ਤੇ ਮੈਡੀਕਲ ਸਪੈਸ਼ਲਿਸਟ/ ਸਾਈਕੈਟਰਿਸਟ/ ਜੀ.ਡੀ.ਐਮ.ਓ ਵਲੋਂ ਕੀਤੀ ਜਾਂਦੀ ਹੈ, ਪਰ ਜ਼ਿਆਦਾ ਮਾਤਰਾ ਵਿੱਚ ਪ੍ਰੀਗਾਬਾਲਿਨ ਦੀ ਦੁਰਵਰਤੋਂ ਨਸ਼ੇ ਦੇ ਤੌਰ 'ਤੇ ਕੀਤੀ ਜਾ ਸਕਦੀ ਹੈ। ਇਸ ਲਈ ਪ੍ਰੀਗਾਬਾਲਿਨ ਦਵਾਈ ਨੂੰ ਕੇਵਲ ਸਮਰੱਥ ਡਾਕਟਰ ਦੀ ਪ੍ਰਵਾਨਗੀ ਦੇ ਆਧਾਰ 'ਤੇ ਹੀ ਅਤੇ ਮਿੱਥੇ ਹੋਏ ਸਮੇਂ ਲਈ ਹੀ ਫਾਰਮੇਸੀ ਵਲੋਂ ਦਿੱਤੀ ਜਾਣੀ ਚਾਹੀਦੀ ਹੈ। ਇਹ ਹੁਕਮ 25 ਅਗਸਤ, 2024 ਤੱਕ ਲਾਗੂ ਰਹੇਗਾ।

## ਸਕਾਈਲਾਰਕ ਕੰਸਲਟੈਂਸੀ ਦਾ ਲਾਇਸੰਸ ਰੱਦ

ਨਵਾਂਸ਼ਹਿਰ (ਮਨੋਜ ਲਾਡੀ)-ਵਧੀਕ ਜ਼ਿਲ੍ਹਾ ਮੈਜਿਸਟਰੇਟ ਰਾਜੀਵ ਵਰਮਾ ਨੇ ਹੁਕਮ ਜਾਰੀ ਕਰਕੇ ਪੰਜਾਬ ਪ੍ਰੋਫੈਸ਼ਨਲ ਐਕਟ-2012 ਦੇ ਤਹਿਤ ਨਿਯਮ 2013 ਅਧੀਨ ਪ੍ਰਾਰਥੀ ਹਰਸ਼ ਕੁਮਾਰ ਥਾਪਰ ਪੁੱਤਰ ਕੇਵਲ ਕ੍ਰਿਸ਼ਨ ਥਾਪਰ ਅਤੇ ਸ਼੍ਰੀਮਤੀ ਦੀਪਿਕਾ ਪਤਨੀ ਹਰਸ਼ ਕੁਮਾਰ ਥਾਪਰ ਸਿੰਘ ਵਾਸੀ ਮਕਾਨ ਨੰ: ਬੀ-4/166, ਆਦਰਸ਼ ਨਗਰ, ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਜਾਰੀ ਲਾਇਸੰਸ ਨੰਬਰ 130/ਐਮ.ਏ/ਐਮ.ਸੀ.2 ਮਿਤੀ 12-02-2019 ਫਰਮ ਸਕਾਈਲਾਰਕ ਕੰਸਲਟੈਂਸੀ ਸ਼ੰਕਰ ਰਾਕੇਸ਼ ਮਾਰਕੀਟ ਨੇੜੇ ਬੱਸ ਸਟੈਂਡ, ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਤਹਿਤ ਨਿਯਮ 2013 ਅਧੀਨ ਸੈਕਸ਼ਨ 6(1) (ਜੀ) ਤਹਿਤ ਤੁਰੰਤ ਪ੍ਰਭਾਵ ਤੋਂ ਰੱਦ/ਕੈਂਸਲ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਹਰਸ਼ ਕੁਮਾਰ ਵੱਲੋਂ ਲਿਖਤੀ ਦਰਖਾਸਤ ਮਿਤੀ 10.04.2024 ਰਾਹੀਂ ਇਸ ਦਫ਼ਤਰ ਨੂੰ ਉਸਦਾ ਉਕਤ ਲਾਇਸੰਸ ਨੰਬਰ 130/ਐਮ.ਏ./ਐਮ.ਸੀ.2 ਮਿਤੀ 12-02-2019 ਨੂੰ ਕੈਂਸਲ ਕਰਨ ਲਈ ਬੇਨਤੀ ਕੀਤੀ ਗਈ ਸੀ।

## ਨਸ਼ਾਖੋਰੀ ਤੇ ਨਾਜਾਇਜ਼ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਇਆ



ਬਿਲਗਾ (ਵਿਜੇ ਕੁਮਾਰ) ਅਕਾਲ ਅਕੈਡਮੀ ਬਿਲਗਾ ਨੇ ਵਿਦਿਆਰਥੀਆਂ ਅਤੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਨਸ਼ਾਖੋਰੀ ਅਤੇ ਨਜਾਇਜ਼ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਇਆ। ਇਸ ਵਿੱਚ ਮਾਪਿਆਂ, ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਵਿਦਿਆਰਥੀਆਂ ਨੇ ਸਹੁੰ ਚੁੱਕੀ ਕਿ ਉਹ ਕਦੇ ਵੀ ਕਿਸੇ ਵੀ ਤਰ੍ਹਾਂ ਦਾ ਨਸ਼ਾ ਨਹੀਂ ਕਰਨਗੇ ਅਤੇ ਨਸ਼ਿਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਪ੍ਰਣ ਕੀਤਾ ਕਿ ਉਹ ਨਸ਼ਿਆਂ ਦੇ ਵਿਰੁੱਧ ਆਵਾਜ਼ ਬੁਲੰਦ ਕਰਦੇ ਰਹਿਣਗੇ। ਪ੍ਰਿੰਸੀਪਲ ਸ਼੍ਰੀਮਤੀ ਹਰਪ੍ਰੀਤ ਕੌਰ ਸਾਹਨੀ ਨੇ ਵਿਦਿਆਰਥੀਆਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਜਾਗਰੂਕਤਾ ਫੈਲਾਉਣ ਲਈ ਪ੍ਰੇਰਿਤ ਕੀਤਾ।। ਨੌਜਵਾਨਾਂ ਨੂੰ ਨਸ਼ਿਆਂ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨਾ ਮਹੱਤਵਪੂਰਨ ਹੈ ਅਤੇ ਨਾਲ ਹੀ ਤਣਾਅ ਅਤੇ ਸਮੱਸਿਆਵਾਂ ਨਾਲ ਨਜਿੱਠਣ ਦੇ ਸਿਹਤਮੰਦ ਤਰੀਕਿਆਂ ਨੂੰ ਉਤਸ਼ਾਹਿਤ ਕਰਨਾ ਨਸ਼ਾਖੋਰੀ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

## ਜਨਮ ਦਿਨ ਮੁਬਾਰਕ



ਏਵਿਕਾ ਬਿੰਦ (ਪਟਿਆਲਾ)



ਜਪਜੋਤ ਪਾਲ (ਨਵਾਂਸ਼ਹਿਰ, ਬੰਗਾ)

# ਆਬਜ਼ਰਵਰਾਂ ਨੇ ਉਮੀਦਵਾਰਾਂ ਤੇ ਸਿਆਸੀ ਪਾਰਟੀਆਂ ਨੂੰ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਕਿਹਾ

ਜਲੰਧਰ,: ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਵਿਧਾਨ ਸਭਾ ਹਲਕਾ ਜਲੰਧਰ ਪੱਛਮੀ (ਅ.ਜ.) ਦੀ ਉਪ ਚੋਣ ਲਈ ਨਿਯੁਕਤ ਜਨਰਲ ਆਬਜ਼ਰਵਰ ਉੱਤਮ ਕੁਮਾਰ ਪਾਤਰਾ, ਪੁਲਸ ਆਬਜ਼ਰਵਰ ਦਾਲੂਰਾਮ ਤੇਨੀਵਾਰ ਅਤੇ ਖਰਚਾ ਆਬਜ਼ਰਵਰ ਮੀਨੂੰ ਸੁਸੇਨ ਅਬਰਾਹਮ ਨੇ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਜ਼ਿਮਨੀ ਚੋਣ ਸਬੰਧੀ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਉਂਦਿਆਂ ਆਦਰਸ਼ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਕਿਹਾ।ਵੀਰਵਾਰ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ, ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਮੇਜਰ ਡਾ. ਅਮਿਤ ਮਹਾਜਨ ਅਤੇ ਰਿਟਰਨਿੰਗ ਅਫ਼ਸਰ ਹਲਕਾ ਜਲੰਧਰ ਪੱਛਮੀ ਅਲਕਾ ਕਾਲੀਆ ਸਮੇਤ ਚੋਣ ਆਬਜ਼ਰਵਰਾਂ ਨੇ ਉਮੀਦਵਾਰਾਂ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਚੋਣ ਪ੍ਰਕਿਰਿਆ ਨਿਰਵਿਘਨ ਅਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪਾਬੰਦ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਸਿਆਸੀ ਪਾਰਟੀਆਂ/ਉਮੀਦਵਾਰਾਂ ਨੂੰ ਦੱਸਿਆ ਕਿ ਸਮੁੱਚੇ ਚੋਣ ਅਮਲ ਨੂੰ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ (ਅ.ਜ.) ਲਈ ਵੋਟਾਂ 10 ਜੁਲਾਈ ਨੂੰ ਪੈਣਗੀਆਂ, ਜਿਸ ਦੇ ਲਈ 181 ਪੋਲਿੰਗ ਬੂਥ ਸਥਾਪਤ ਕੀਤੇ ਗਏ। ਉਨ੍ਹਾਂ ਦੱਸਿਆ ਕਿ ਹਲਕੇ ਦੇ ਕੁੱਲ 1,71,963 ਵੋਟਰਾਂ ਵਿੱਚ 89629 ਮਰਦ, 82326 ਮਹਿਲਾ ਅਤੇ 8 ਥਰਡ ਜੈਂਡਰ ਵੋਟਰ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਵੋਟਾਂ ਦੀ ਗਿਣਤੀ 13 ਜੁਲਾਈ ਨੂੰ ਹੋਵੇਗੀ, ਜਿਸ ਦੇ ਲਈ ਗਿਣਤੀ ਕੇਂਦਰ ਸਥਾਨਕ ਲਾਇਲਪੁਰ ਖਾਲਸਾ ਕਾਲਜ ਫਾਰ ਵੂਮੈਨ ਵਿਖੇ ਸਥਾਪਤ ਕੀਤਾ ਗਿਆ ਹੈ। ਆਬਜ਼ਰਵਰਾਂ ਨੇ ਕਿਹਾ ਕਿ ਸਿਆਸੀ ਪਾਰਟੀਆਂ/ਉਮੀਦਵਾਰਾਂ ਨੂੰ ਆਦਰਸ਼ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ ਨਹੀਂ ਤਾਂ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚੋਣਾਂ ਵਿੱਚ ਪੈਸੇ, ਸ਼ਰਾਬ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਨਿਗਰਾਨ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਕ ਲੇਖਾ ਟੀਮ ਅਤੇ ਮੀਡੀਆ ਸਰਟੀਫਿਕੇਸ਼ਨ ਅਤੇ ਮੋਨੀਟਰਿੰਗ ਸੈੱਲ ਵੀ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਮੀਦਵਾਰਾਂ/ਸਿਆਸੀ ਪਾਰਟੀਆਂ ਲਈ ਚੋਣ ਪ੍ਰਚਾਰ ਲਈ ਰੈਲੀ/ਰੋਡ ਸ਼ੋਅ/ਮੀਟਿੰਗਾਂ, ਵਾਹਨਾਂ/ਲਾਊਡ ਸਪੀਕਰਾਂ/ਵੀਡੀਓ ਵੈਨਾਂ ਦੀ ਵਰਤੋਂ ਲਈ ਪ੍ਰਵਾਨਗੀ ਲੈਣਾ ਲਾਜ਼ਮੀ ਹੈ, ਜਿਸ ਲਈ ਸਥਾਨਕ ਲਾਇਲਪੁਰ ਖਾਲਸਾ ਕਾਲਜ ਵੂਮੈਨ ਵਿਖੇ ਪ੍ਰਵਾਨਗੀ ਸੈੱਲ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪ੍ਰਵਾਨਗੀ ਤੋਂ ਬਿਨਾਂ ਰੈਲੀ/ਰੋਡ ਸ਼ੋਅ, ਵਾਹਨਾਂ/ਲਾਊਡ ਸਪੀਕਰਾਂ ਦੀ ਵਰਤੋਂ ਕਰਨ ਵਾਲਿਆਂ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਵੱਲੋਂ ਆਪਣੇ ਚੋਣ ਪ੍ਰਚਾਰ ਲਈ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਰਾਹੀਂ ਕੀਤੀ ਜਾਣ ਵਾਲੀ ਇਸ਼ਤਿਹਾਰਬਾਜ਼ੀ ਦੇ ਕੰਟੈਂਟ ਦੀ ਪ੍ਰੀ ਸਰਟੀਫਿਕੇਸ਼ਨ ਕਰਵਾਉਣਾ ਜ਼ਰੂਰੀ ਹੈ, ਜਿਸ ਦੇ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮਰਾ ਨੰ. 14-ਏ ਵਿਖੇ ਮੀਡੀਆ ਸਰਟੀਫਿਕੇਸ਼ਨ ਅਤੇ ਮੋਨੀਟਰਿੰਗ ਸੈੱਲ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਚੋਣ ਪ੍ਰਚਾਰ ਲਈ ਕਿਸੇ ਵੀ ਧਾਰਮਿਕ ਸਥਾਨ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ। ਇਸ ਤੋਂ ਇਲਾਵਾ ਪ੍ਰਾਪਰਟੀ 'ਤੇ ਪੋਸਟਰ/ਬੈਨਰ ਲਗਾਉਣ ਤੋਂ ਪਹਿਲਾਂ ਉਸ ਦੇ ਮਾਲਕਾਂ ਤੋਂ ਲਿਖਤੀ ਇਜਾਜ਼ਤ ਲੈਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਸਿਆਸੀ ਪਾਰਟੀਆਂ/ਉਮੀਦਵਾਰਾਂ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਚੋਣ ਪ੍ਰਚਾਰ ਬੰਦ ਹੋਣ ਤੋਂ ਬਾਅਦ ਪਾਬੰਦੀਸ਼ੁਦਾ ਸਮੇਂ ਦੌਰਾਨ ਪ੍ਰਿੰਟ, ਇਲੈਕਟ੍ਰਾਨਿਕ, ਸੋਸ਼ਲ ਮੀਡੀਆ, ਬਲਕ ਐਸ.ਐਮ.ਐਸ. ਸਮੇਤ ਕਿਸੇ ਵੀ ਪਲੇਟਫਾਰਮ 'ਤੇ ਕੋਈ ਪ੍ਰਚਾਰ ਨਹੀਂ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਕੋਈ ਵੀ ਸਿਆਸੀ ਪਾਰਟੀ ਚੋਣਾਂ ਵਾਲੇ ਦਿਨ ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਘੇਰੇ ਦੇ ਅੰਦਰ ਚੋਣ ਪ੍ਰਚਾਰ ਨਹੀਂ ਕਰੇਗੀ। ਖਰਚਾ ਆਬਜ਼ਰਵਰ ਮੀਨੂੰ ਸੁਸੇਨ ਅਬਰਾਹਮ ਨੇ ਕਿਹਾ ਕਿ ਸਿਆਸੀ ਪਾਰਟੀਆਂ/ਉਮੀਦਵਾਰ ਚੋਣ ਖਰਚੇ ਸਬੰਧੀ ਆਪਣੇ ਖਾਤੇ ਸਾਵਧਾਨੀ ਨਾਲ ਮੇਨਟੇਨ ਕਰਨ ਅਤੇ ਇਕ-ਇਕ ਪੈਸੇ ਦਾ ਇੰਦਰਾਜ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਚੋਣ ਖਰਚਾ ਦਰਜ ਹੋਣ ਤੋਂ ਰਹਿ ਨਾ ਜਾਵੇ। ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਇਕ ਉਮੀਦਵਾਰ ਲਈ ਚੋਣ ਖਰਚੇ ਦੀ ਵੱਧ ਤੋਂ ਵੱਧ ਸੀਮਾ 40 ਲੱਖ ਰੁਪਏ ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਖਰਚਾ ਟੀਮ ਵੱਲੋਂ ਤਿੰਨ 'ਅਕਾਊਂਟ ਰੀਕੰਸੀਲੇਸ਼ਨ' ਮੀਟਿੰਗਾਂ ਕੀਤੀਆਂ ਜਾਣਗੀਆਂ, ਜਿਨ੍ਹਾਂ ਵਿੱਚ ਉਮੀਦਵਾਰਾਂ ਦੇ ਨੁਮਾਇੰਦਿਆਂ ਨੂੰ ਆਪਣੇ ਚੋਣ ਖਰਚਿਆਂ ਸਬੰਧੀ ਅਸਲ ਰਿਕਾਰਡ ਨਾਲ ਲੈ ਕੇ ਆਉਣਾ ਹੋਵੇਗਾ।ਇਸ ਮੌਕੇ ਚੋਣ ਤਹਿਸੀਲਦਾਰ ਸੁਖਦੇਵ ਸਿੰਘ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਤੇ ਉਮੀਦਵਾਰ ਵੀ ਮੌਜੂਦ ਸਨ।